ਸਿੱਖਾਂ ਦਾ ਸਰਵਨਾਸ਼

ਸਿਰਦਾਰ ਕਪੂਰ ਸਿੰਘ

ਇਸੇ ਕਲਮ ਤੋਂ

ਪੰਜਾਬੀ:

ਹਸ਼ੀਸ਼ (ਕਵਿਤਾ)

ਸਾਚੀ ਸਾਖੀ

ਬਹੁ ਵਿਸਥਾਰ (ਇਤਿਹਾਸਕ ਤੇ ਧਾਰਮਿਕ ਨਿਬੰਧ)

ਬਿਖੁ ਮਹਿ ਅੰਮ੍ਰਿਤੁ (ਸਿਆਸੀ ਲੇਖ ਅਤੇ ਭਾਸ਼ਣ)

ਪੁੰਡ੍ਰੀਕ (ਸਾਂਸਕ੍ਰਿਤਕ ਨਿਬੰਧ ਸੰਗ੍ਰਹਿ)

ਅੰਗਰੇਜ਼ੀ :

Sacred Writings of the Sikhs (et al UNESCO)

Parasharaprasna (A thesis on status and significance of Sikhism)

Sikhism for Modern Man

Some Insight into Sikhism

Guru Arjun and His Sukhmani

Guru Nanak Life and Thought

Sikhism an Oecumenical Religion

Sikhism and the Sikhs

Me Judice

"ਸਿੱਖਾਂ ਦਾ ਸਰਵਨਾਸ਼"

ਲੇਖਕ :

ਸਿਰਦਾਰ ਕਪੂਰ ਸਿੰਘ

(ਸਾਬਕਾ ਆਈ. ਸੀ. ਐਸ)

ਆਨਰੇਰੀ ਸੰਪਾਦਕ :

ਬਲਦੇਵ ਸਿੰਘ

ਇਸ ਭਾਸ਼ਣ ਨੂੰ ਯੂ-ਟਿਊਬ ਤੇ ਵੀ ਸੁਣਿਆ ਜਾ ਸਕਦਾ ਹੈ।

2014

4

SIKHAN DA SARWNASH

by

SIRDAR KAPUR SINGH (M.A. Cantab)

(I.C.S. M.P. (Formerly)

Edited by

BALDEV SINGH

Email:- baldevsingh300@gmail.com

(M) 98151-20919

ਸੋਧੀ ਹੋਈ ਪਹਿਲੀ ਐਡੀਸ਼ਨ ਮਈ 2014

ਮੁੱਲ : 75-00

ਪ੍ਰਕਾਸ਼ਕ

ਬਲਦੇਵ ਸਿੰਘ

245, ਅਰਬਨ ਐਸਟੇਟ, ਕਪੂਰਥਲਾ

ਮੋਬਾਇਲ : 098151-20919

ਛਾਪਕ :

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ: 0183-2705003, 5095774

ਸਮਰਪਿਤ

1947 ਤੋਂ ਬਾਅਦ

ਸਿੱਖ ਹੱਕਾਂ ਦੇ ਰਾਖਿਆਂ

ਨੂੰ

ਸਿੱਖਾਂ ਦਾ ਸਰਵਨਾਸ਼

ਸਿਰਦਾਰ ਕਪੂਰ ਸਿੰਘ

ਤਤਕਰਾ

ਸਿੱਖਾਂ ਦਾ ਸਰਵਨਾਸ਼

ਸਿਰਦਾਰ ਕਪੂਰ ਸਿੰਘ

ਭੂਮਿਕਾ

ਸੰਨ 1925 ਦੇ ਲਗਪਗ, ਪੰਜਾਬੀ ਮੁਸਲਮਾਨ ਨੀਤੀਵਾਨ, ਸਰ ਫ਼ਜ਼ਲ ਹੁਸੈਨ ਨੇ ਇਕ ਗੁਪਤ ਕਿਤਾਬਚਾ, ਕੇਵਲ ਚੋਣਵੇਂ ਮੁਸਲਮਾਨਾਂ ਦੇ ਪੜ੍ਹਨ ਵਿਚਾਰਨ ਲਈ, ਲਿਖਿਆ ਸੀ ਜਿਸ ਵਿਚ ਇਹ ਸ਼ਬਦ ਅੰਕਤ ਸਨ :

> "ਹਿੰਦੂ ਬੜਾ ਦੂਰਦਰਸ਼ਕ ਹੈ, ਆਉਣ ਵਾਲੀ ਸਥਿਤੀ ਨੂੰ ਬਹੁਤ ਸਮਾਂ ਪਹਿਲਾਂ ਹੀ ਭਾਂਪ ਲੈਂਦਾ ਹੈ ਅਤੇ ਉਸ ਅਨੁਸਾਰ ਉਪਾਏ ਸੋਚ ਰੱਖਦਾ ਹੈ। ਮੁਸਲਮਾਨ, ਜਦੋਂ ਕੋਈ ਸਥਿਤੀ ਸਿਰ ਉਪਰ ਆ ਜਾਵੇ ਤਾਂ ਚੌਕੰਨਾ ਹੋ ਜਾਂਦਾ ਹੈ ਅਤੇ ਉਸ ਨਾਲ ਸਿੱਝਣ ਦਾ ਰਾਹ ਢੂੰਡਦਾ ਹੈ। ਪਰ ਸਿੱਖ, ਜਿਤਨਾ ਚਿਰ ਵੇਲਾ ਲੰਘ ਨਾ ਜਾਵੇ, ਨਾ ਕੁਝ ਸੋਚਦਾ ਹੈ ਅਤੇ ਨਾ ਹੀ ਕਿਸੇ ਸੋਚਵਾਨ ਦੀ ਗੱਲ ਸੁਣਦਾ ਹੈ। ਫੜ੍ਹਾਂ ਮਾਰੀ ਜਾਂਦਾ ਹੈ ਅਤੇ ਦਮਗਜੇ, ਫੋਕੇ ਦਮਗਜੇ ਮਾਰਨ ਵਾਲੇ ਹੀ ਸਿੱਖਾਂ ਵਿਚ ਪ੍ਰਧਾਨ ਹਨ।"

ਅੱਜ ਅੱਧੀ ਸਦੀ ਬੀਤਣ ਉਪਰੰਤ ਕੀ ਅਸੀਂ ਸਿੱਖ ਇਹ ਕਹਿ ਸਕਦੇ ਹਾਂ ਕਿ ਸਰ ਫ਼ਜ਼ਲ ਹੁਸੈਨ ਨੇ ਜੋ ਕਿਹਾ ਸੀ ਉਹ ਐਵੇਂ ਅਤਿਕਥਨੀ ਸੀ ?

ਹੁਣ ਵੀਹਵੀਂ ਸਦੀ ਦੇ ਅੰਤਮ ਚਰਣ ਸਿਰ ਉੱਤੇ ਆ ਪੁੱਜੇ ਹਨ। ਸੰਸਾਰ ਵਿਚ ਅਨੇਕ-ਪੱਖੀ ਇਨਕਲਾਬ ਵਾਪਰ ਚੁੱਕੇ ਹਨ ਅਤੇ ਬੁਨਿਆਦੀ ਸੰਘਰਸ਼, ਅਮੀਰਾਂ ਤੇ ਗ਼ਰੀਬਾਂ ਦਾ, ਅਦ੍ਰਿਸ਼ਟ ਸੰਸਾਰ ਨੂੰ ਮੰਨਣ ਵਾਲਿਆਂ ਅਤੇ ਕੇਵਲ ਦ੍ਰਿਸ਼ਟਮਾਨ, ਵਿਨਾਸ਼ਵਾਨ ਸੰਸਾਰ ਨੂੰ ਹੀ ਸੱਚ ਕਰ ਕੇ ਜਾਨਣ ਵਾਲਿਆਂ ਦਾ, ਧਰਮੀਆਂ ਤੇ ਅਧਰਮੀਆਂ ਦਾ ਅੰਤਮ ਫ਼ੈਸਲਾ ਹੋਣ ਵਾਲਾ ਹੈ, ਜਿਸ ਫ਼ੈਸਲੇ ਵਿਚ ਆਪਣਾ ਯੋਗ ਹਿੱਸਾ ਪਾਉਣ ਲਈ, ਸੰਸਾਰ ਭਰ ਦੀਆਂ ਕੌਮਾਂ ਤੇ ਜਾਤੀਆਂ ਸੰਗਠਤ ਹੋ ਕੇ ਰਾਜਸੀ ਰੂਪ-ਨਾਮ ਪ੍ਰਾਪਤ ਕਰ ਚੁੱਕੀਆਂ ਹਨ। ਕੁਝ ਉਂਗਲਾਂ 'ਤੇ ਗਿਣੀਆਂ ਜਾਣ ਵਾਲੀਆਂ, ਤਾਰੀਖ਼ੀ ਗੌਰਵ ਦੀਆਂ ਮਾਲਿਕ ਜਾਤੀਆਂ, ਜਿਵੇਂ ਕਿ ਸਿੱਖ, ਪਖ਼ਤੂਨ ਆਦਿ ਹੀ ਅਜੇ ਤਕ ਬੇਘਰ ਅਤੇ ਯੋਗ ਰਾਜਸੀ ਪਦ-ਪਦਵੀ ਤੋਂ ਵੰਚਿਤ ਰਹੇ ਹੋਏ ਹਨ।

ਇਸ ਪਿਛੋਕੜ ਵਿਚ ਸਿਰਦਾਰ ਕਪੂਰ ਸਿੰਘ ਦਾ ਇਹ ਲੇਖ ਸਿੱਖ ਸੋਚਵਾਨਾਂ ਤੇ ਬੁੱਧੀਵਾਨਾਂ ਵਿਚ ਵਿਚਾਰ-ਵਿਮਰਸ਼ ਦਾ ਵਸੀਲਾ ਬਣ ਸਕਦਾ ਹੈ। ਇਸ ਲਈ ਇਸ ਨੂੰ ਪ੍ਰਕਾਸ਼ਤ ਕਰਨਾ ਤੇ ਪ੍ਰਸਾਰਿਤ ਕਰਨਾ ਨਾ ਕੇਵਲ ਪੰਥਕ ਹਿੱਤਾਂ ਵਿਚ ਹੀ ਹੈ, ਸਗੋਂ ਸਾਰੇ ਸੰਸਾਰ ਤੇ ਮਨੁੱਖ ਜਾਤੀ ਦੇ ਲਾਭ ਵਿਚ ਵੀ ਹੈ।

ਮੁਕਤਸਰ
14.6.72
(ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ)

ਗੁਰਮੀਤ ਸਿੰਘ
ਬੀ.ਏ., ਐਲ.ਐਲ.ਬੀ.
ਐਡਵੋਕੇਟ, ਐਕਸ ਮਨਿਸਟਰ, ਪੰਜਾਬ

ਸਿੱਖਾਂ ਦਾ ਸਰਵਨਾਸ਼

ਸਿਰਦਾਰ ਕਪੂਰ ਸਿੰਘ

ਸਿਰਦਾਰ, ਸਿੱਖ ਅਤੇ ਅਕਾਲੀ

ਸਿਰਦਾਰ ਕਪੂਰ ਸਿੰਘ (1909-1986) ਸਿੱਖ ਕੌਮ ਦੇ ਫ਼ਲਸਫ਼ੀ-ਸਿਆਸਤਦਾਨ, ਸਾਰੀ ਉਮਰ ਮਨਮਤਿ ਤੋਂ ਦੂਰ ਗੁਰੂ ਦੀ ਮਤਿ ਨਾਲ ਜੁੜੇ ਰਹੇ ਅਤੇ ਉਸ ਦਾ ਪ੍ਰਚਾਰ ਕਰਦੇ ਰਹੇ। ਉਹ ਆਖ਼ਰੀ ਦਮ ਤਕ ਕੌਮ ਦੇ ਭਲੇ ਦੀ ਗੱਲ ਕਰਦੇ ਰਹੇ ਅਤੇ ਸਿਆਸਤ ਵਿਚ ਰਹਿ ਕੇ ਆਪਣਾ ਦਾਮਨ ਪਾਕ ਅਤੇ ਬੇਦਾਗ਼ ਰੱਖਿਆ। ਉਨ੍ਹਾਂ ਨੇ ਨਿੱਜੀ ਮੁਫ਼ਾਦ ਕਦੇ ਵੀ ਸਾਹਮਣੇ ਨਹੀਂ ਰੱਖਿਆ ਅਤੇ ਸਦਾ ਹੀ ਸਿੱਖ ਕੌਮ ਦੇ ਗੌਰਵਮਈ ਸਥਾਨ ਲਈ ਤੱਤਪਰ ਰਹੇ। ਕੁਝ ਲੋਕ ਉਨ੍ਹਾਂ ਨੂੰ ਸਿੱਖ ਕੌਮ ਦਾ ਸੁਕਰਾਤ ਵੀ ਕਹਿੰਦੇ ਹਨ। ਇਹ ਸੱਚ ਹੈ ਕਿ ਵੀਹਵੀਂ ਸਦੀ ਵਿਚ ਉਨ੍ਹਾਂ ਤੋਂ ਸਿਆਣਾ, ਸਮਝਦਾਰ ਅਤੇ ਦੂਰ-ਅੰਦੇਸ਼ ਸਿੱਖ ਕੋਈ ਨਹੀਂ ਹੋਇਆ ਕਿਉਂਕਿ ਉਹ ਆਉਣ ਵਾਲੇ ਸਮੇਂ ਨੂੰ ਭਾਂਪ ਲੈਂਦੇ ਸਨ। ਪਰ ਸਿੱਖਾਂ ਨੇ ਇਸ ਸਿਰਦਾਰ ਦੀ ਕਦਰ ਨਹੀਂ ਪਾਈ ਅਤੇ ਉਸ ਦੀ ਇਕ ਗੱਲ ਵੀ ਨਹੀਂ ਮੰਨੀ ਤਾਂ ਹੀ ਅੱਜ ਦੁਖ ਭੋਗ ਰਹੇ ਹਨ ਔਰ ਆਖ਼ਰੀ ਦਮਾਂ 'ਤੇ ਹਨ।

ਸਿਰਦਾਰ ਸਾਹਿਬ ਦੀ ਆਮ ਲੋਕਾਂ ਵਿਚ ਪਹਿਚਾਣ ਅੰਗਰੇਜ਼ਾਂ ਦੇ ਸਮੇਂ ਦਾ ਡੀ. ਸੀ. (ਉਦੋਂ ਜ਼ਿਲ੍ਹੇ ਦਾ ਗਵਰਨਰ ਹੀ ਹੁੰਦਾ ਸੀ, ਅੱਜਕੱਲ ਦੇ ਡੀ. ਸੀ. ਵਾਂਗਰ ਨਹੀਂ ਜਿਹਨੂੰ ਰੈਡ ਕਰਾਸ ਦੀਆਂ ਟਿਕਟਾਂ ਵੇਚਣ 'ਤੇ ਲਾਇਆ ਹੁੰਦਾ ਹੈ) ਤੇ 'ਸਿੱਖ ਇਕ ਜਰਾਇਮ ਪੇਸ਼ਾ ਲੋਕ ਹਨ' ਦੇ ਸਰਕਾਰੀ ਸਰਕੂਲਰ ਦੇ ਲੀਕ-ਆਊਟ ਕਰਨ ਵਜੋਂ ਹੈ। ਪਰ ਕੁਝ ਸਾਲਾਂ ਤੋਂ ਅਨੰਦਪੁਰ ਸਾਹਿਬ ਦਾ ਮਤਾ ਲਿਖਣ ਬਾਰੇ ਵੀ ਉਨ੍ਹਾਂ ਦੀ ਪਹਿਚਾਣ ਬਣੀ ਹੋਈ ਹੈ (ਇਸ ਮਤੇ ਦੀ ਕਈ ਵਾਰੀ ਭੰਨ-ਤੋੜ ਕੀਤੀ ਜਾ ਚੁੱਕੀ ਹੈ, ਜਿਹੜਾ ਕਿ ਸਿੱਖਾਂ ਨੂੰ ਭੰਬਲ-ਭੂਸਿਆਂ ਵਿਚ ਪਾਉਣ ਲਈ ਕਾਫ਼ੀ ਹੈ) ਅਤੇ ਸਿੱਖ ਹੋਮਲੈਂਡ ਦੇ ਕੱਟੜ ਮੁੱਦਈ ਹੋਣ ਲਈ ਵੀ ਹੈ। ਉਨ੍ਹਾਂ ਦੀ ਲੋਕ ਸਭਾ ਦੀ ਸਪੀਚ, ਜੋ 6 ਸਤੰਬਰ 1966 ਵਿਚ ਦਿੱਤੀ ਸੀ, ਦਾ ਇਕ ਵੀ ਕਥਨ ਸਰਕਾਰ ਜਾਂ ਕੋਈ ਹੋਰ ਵਿਅਕਤੀ ਝੁਠਲਾ ਨਹੀਂ ਸਕਿਆ। ਬੜੇ ਇਤਿਹਾਸਕਾਰ ਉਹਨਾਂ ਤੱਥਾਂ ਨੂੰ ਹੀ ਆਧਾਰ ਮੰਨ ਕੇ ਸਿੱਖਾਂ ਦੇ ਹੱਕ ਦੀ ਗੱਲ ਅਤੇ ਉਹਨਾਂ ਨਾਲ ਬੇਇਨਸਾਫ਼ੀ ਦੀ ਗੱਲ ਲਿਖਦੇ ਹਨ। ਸੱਚ ਹੀ ਉਨ੍ਹਾਂ ਦੀ ਤਾਕਤ ਸੀ।

ਸਿਰਦਾਰ ਸਾਹਿਬ ਨਾਲ ਮੇਰਾ ਸੰਪਰਕ 1969 ਵਿਚ ਉਨ੍ਹਾਂ ਦੀਆਂ ਲਿਖਤਾਂ ਅਤੇ ਉਨ੍ਹਾਂ ਦੀਆਂ ਸਪੀਚਾਂ, ਜੋ ਕਿ ਉਦੋਂ ਦੀ ਸਿੱਖ ਸਟੂਡੈਂਟ ਫ਼ੈਡਰੇਸ਼ਨ ਨੇ ਛਪਵਾਈਆਂ

ਸਨ, ਪੜ੍ਹ ਕੇ ਹੋਇਆ ਸੀ। ਮੈਂ ਉਨ੍ਹਾਂ ਨੂੰ ਚੰਡੀਗੜ੍ਹ ਜਾਂ ਜਗਰਾਉਂ ਜਾ ਕੇ ਮਿਲਦਾ ਰਹਿੰਦਾ ਸੀ। ਨੇੜਤਾ ਉਦੋਂ ਹੋਈ, ਜਦ 'ਸੰਤ ਬਾਬਿਆਂ' ਅਤੇ 'ਜਥੇਦਾਰਾਂ' ਨੇ ਉਨ੍ਹਾਂ ਨੂੰ ਅਕਾਲੀ ਸਿਆਸਤ ਤੋਂ 'ਵਿਹਲਾ' ਕਰ ਦਿੱਤਾ। ਪਰ ਸਿੱਖ ਸਿਆਸਤ ਤੋਂ ਉਹ ਕਦੇ ਵਿਹਲੇ ਨਹੀਂ ਹੋਏ। ਅਖ਼ੀਰ ਤਕ ਉਹ ਸਿੱਖਾਂ ਦਾ ਭਲਾ ਹੀ ਸੋਚਦੇ ਰਹੇ। ਉਨ੍ਹਾਂ ਨੇ *ਸਾਚੀ ਸਾਖੀ* ਕਿਤਾਬ ਲਿਖ ਕੇ ਸਿਆਸੀ ਹਲਕਿਆਂ ਵਿਚ ਹਲਚਲ ਮਚਾ ਦਿੱਤੀ ਸੀ। ਇਸ ਸੱਚ ਤੋਂ ਕਾਫ਼ੀ ਲੋਕ ਬੜੇ ਦੁਖੀ ਹਨ। ਕੁਝ ਲੋਕਾਂ ਨੇ ਭਗਤ ਸਿੰਘ ਦੀ ਕੁਰਬਾਨੀ ਦੇ ਮੁੱਦੇ ਨੂੰ ਉਛਾਲਣ ਦੀ ਕੋਸ਼ਿਸ਼ ਕੀਤੀ। ਸਿੱਖ ਅਕੀਦੇ ਤੋਂ ਭਗਤ ਸਿੰਘ ਸ਼ਹੀਦ ਨਹੀਂ ਸੀ, ਪਰ ਉਸਦੀ ਕੁਰਬਾਨੀ ਜ਼ਰੂਰ ਸੀ, ਜਿਸਦਾ ਆਧਾਰ ਜੋਸ਼ ਸੀ। ਭਾਈ ਰਣਧੀਰ ਸਿੰਘ ਦੀ ਲਿਖਤ ਦੇ ਆਧਾਰ 'ਤੇ ਸਿੱਖਾਂ ਨੇ ਉਹਨੂੰ ਸਿੱਖ ਸ਼ਹੀਦ ਮੰਨਣੋਂ ਨਾਂਹ ਕਰ ਦਿੱਤੀ ਸੀ। ਲਾਲਾ ਲਾਜਪਤ ਰਾਏ ਦੀ ਨਾ ਕੁਰਬਾਨੀ ਅਤੇ ਨਾ ਹੀ ਸ਼ਹਾਦਤ। ਝੂਠ ਨੂੰ ਹਜ਼ਾਰ ਵਾਰ ਕਹਿਣ 'ਤੇ ਸੱਚ ਨਹੀਂ ਹੋ ਜਾਂਦਾ। ਹਾਂ, ਲੋਕੀਂ ਗੁਮਰਾਹ ਜ਼ਰੂਰ ਹੋ ਜਾਂਦੇ ਹਨ। ਸ਼ਾਤਰ ਬੰਦਿਆਂ, ਜਿਨ੍ਹਾਂ ਦੀ ਪ੍ਰੈਸ ਨਾਲ ਨੇੜਤਾ ਸੀ; ਬੜਾ ਰੌਲਾ ਪਵਾਇਆ ਅਤੇ ਲਾਲ, ਨੀਲੇ, ਪੀਲੇ, ਖੱਟੇ...ਆਦਿ ਉਨ੍ਹਾਂ ਦੇ ਮਗਰ ਪੁਆ ਦਿੱਤੇ। ਦੁਨੀਆ ਤੋਂ ਜਾ ਚੁੱਕੇ ਸਿਰਦਾਰ ਸਾਹਿਬ ਖ਼ਿਲਾਫ਼ ਲਿਖਵਾਇਆ। ਉਦੋਂ 1980 ਵਿਚ ਕਿਉਂ ਨਹੀਂ ਇਹ ਮੁੱਦੇ ਉਠਾਏ, ਅੱਜ ਕਿਉਂ ? ਅੱਜ ਸਿਰਦਾਰ ਹੈ ਨਹੀਂ ਠੋਕ ਕੇ ਜੁਆਬ ਦੇਣ ਲਈ, ਤਾਂ। ਪਰ ਕੁਝ ਵੀ ਝੁਠਲਾ ਨਹੀਂ ਸਕੇ ਆਪਣੀ ਹੀ ਬੇਇੱਜ਼ਤੀ ਕਰਵਾਈ ਅਤੇ ਅੱਜ ਵੀ *ਸਾਚੀ ਸਾਖੀ* ਬਜ਼ਾਰ ਵਿਚ ਮਿਲ ਰਹੀ ਹੈ। ਕਈਆਂ ਨੇ ਛਪਵਾਈ, ਦਾਸ ਵੀ ਉਨ੍ਹਾਂ 'ਚੋਂ ਇਕ ਹੈ। ਸਿੱਖ ਜਿਨ੍ਹਾਂ ਨੂੰ ਸ਼ਹੀਦ ਮੰਨਦੇ ਹਨ ਉਹ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਜੀ, ਭਾਈ ਮਨੀ ਸਿੰਘ, ਭਾਈ ਤਾਰੂ ਸਿੰਘ, ਬਾਬਾ ਬੰਦਾ ਸਿੰਘ ਬਹਾਦਰ, ਬਾਬਾ ਦੀਪ ਸਿੰਘ, ਆਦਿ ਹਨ।

ਸਿਰਦਾਰ ਕਪੂਰ ਸਿੰਘ ਇਕ ਚੱਲਦਾ ਫਿਰਦਾ ਵਿਸ਼ਵ ਵਿਦਿਆਲਿਆ ਸਨ। ਅਸੀਂ ਜਦ ਉਨ੍ਹਾਂ ਪਾਸ ਜਾਂਦੇ, ਉਹ ਸਾਨੂੰ ਲੰਬੀ ਸੈਰ ਵਾਸਤੇ ਲੈ ਤੁਰਦੇ। ਚੱਲਦੇ-ਚੱਲਦੇ ਉਹ ਸਾਨੂੰ ਸਿੱਖ ਧਰਮ, ਇਤਿਹਾਸ, ਸਿਆਸਤ ਬਾਰੇ ਦੱਸਦੇ ਰਹਿੰਦੇ। ਇਹ ਗੱਲਾਂ ਸਾਡੇ ਵਾਸਤੇ ਅਕਲ ਅਤੇ ਸਿਆਸੀ ਸੂਝ-ਬੂਝ ਦਾ ਸੋਮਾ ਹੁੰਦੀਆਂ ਜੋ ਕਿ ਦੂਜਿਆਂ ਦੀਆਂ ਚਾਲਾਂ ਨੂੰ ਸਮਝਣ ਵਾਸਤੇ ਬਹੁਤ ਜ਼ਰੂਰੀ ਹਨ। ਸਿਰਦਾਰ ਸਾਹਿਬ ਅਕਾਲੀਆਂ ਅੰਦਰ ਆਪਣੇ ਵਿਰੋਧੀਆਂ ਦੀ ਬੁਰਛਾਗਰਦੀ ਦਾ ਸ਼ਿਕਾਰ ਸਨ। ਅਕਲ, ਦਲੀਲ, ਦੂਰ-ਅੰਦੇਸ਼ੀ ਤੋਂ ਕੰਮ ਨਾ ਲੈਣ ਅਤੇ ਬੁਰਛਾਗਰਦੀ, ਧੱਕੇਸ਼ਾਹੀ ਅਤੇ ਹਿੱਕ ਦੇ ਜ਼ੋਰ 'ਤੇ ਆਪਣੀ ਗੱਲ ਮਨਾਉਣੀ ਕੁਝ ਅਕਾਲੀ ਜਥੇਦਾਰਾਂ ਦਾ ਰੁਝਾਣ ਬਣ ਚੁੱਕਿਆ ਸੀ। (ਸੰਤ ਫ਼ਤਿਹ ਸਿੰਘ ਨੇ ਆਪਣੇ ਇਕ ਬੁਰਛੇ, ਬਠਿੰਡੇ ਦੇ ਸ਼੍ਰੋਮਣੀ ਕਮੇਟੀ ਮੈਂਬਰ ਤੋਂ ਸਿਰਦਾਰ ਦੀ ਬੇਇੱਜ਼ਤੀ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਕੁਝ ਨੌਜੁਆਨਾਂ ਨੇ ਵਿਚ ਪੈ ਕੇ ਬਚਾਉ ਕੀਤਾ ਸੀ) ਸਿਰਦਾਰ ਸਾਹਿਬ ਇਸ ਬਿਰਤੀ ਤੋਂ ਬਹੁਤ ਦੁਖੀ ਸਨ।

ਇਕ ਜਥੇਦਾਰ ਨੇ ਸਿਰਦਾਰ ਸਾਹਿਬ ਨੂੰ ਕਿਹਾ ਕਿ "ਤੂੰ ਹੋਮਲੈਂਡ, ਹੋਮਲੈਂਡ ਕਰਦਾ ਰਹਿੰਦਾ ਹੈਂ, ਇਕ ਦਿਨ ਵੀ ਜੇਲ੍ਹ ਗਿਆ ਹੈਂ ?" ਕੁਝ ਗ਼ੁੱਸੇ ਵਿਚ ਸਿਰਦਾਰ ਸਾਹਿਬ ਨੇ ਜਵਾਬ ਦਿੱਤਾ, "ਸ਼ੁਕਰ ਕਰ ਤੂੰ ਪੰਥ ਦੇ ਨਾਂ 'ਤੇ ਜੇਲ੍ਹ ਕੱਟ ਆਇਆ ਹੈਂ। ਜੋ ਤੇਰਾ ਪਿਛੋਕੜ ਹੈ ਤੂੰ ਤਾਂ ਜੇਲ੍ਹ ਜਾਣਾ ਹੀ ਸੀ। ਕਿਸੇ ਦੀ ਧੀ ਭੈਣ ਕੱਢ ਲੈਣੀ ਸੀ, ਕਿਸੇ ਦੀ ਮਹਿੰ ਜਾਂ ਘੋੜੀ ਚੋਰੀ ਕਰ ਲੈਣੀ ਸੀ, ਕਿਸੇ ਦੇ ਡਾਕਾ ਮਾਰਨਾ ਸੀ। ਸ਼ੁਕਰ ਕਰ ਤੂੰ ਪੰਥ ਦੇ ਨਾਂ 'ਤੇ ਜੇਲ੍ਹ ਜਾ ਆਇਆ ਹੈਂ।"

ਸਿਰਦਾਰ ਸਾਹਿਬ ਸਿੱਖਾਂ ਨੂੰ ਬੜਾ ਸਿਆਣਾ, ਪੜ੍ਹਿਆ-ਲਿਖਿਆ ਵੇਖਣਾ ਚਾਹੁੰਦੇ ਸਨ। ਉਹ ਮੂਰਖਤਾ ਅਤੇ ਅਨਪੜ੍ਹਤਾ ਨੂੰ ਨਫ਼ਰਤ ਕਰਦੇ ਸਨ। ਉਹ ਸਿੱਖਾਂ ਨੂੰ ਡਰਾਈਵਰ ਅਤੇ ਹੋਟਲਾਂ ਦੇ ਦਰਬਾਨ ਨਹੀਂ ਵੇਖਣਾ ਚਾਹੁੰਦੇ ਸਨ। ਉਹ ਇਸ ਵਿਚਾਰ ਦੇ ਸਨ ਕਿ ਜਿਹੜੇ ਲੋਕ ਯਾ ਕੌਮਾਂ ਅਕਲ ਨੂੰ ਧੱਕੇ ਮਾਰਨ 'ਤੇ ਜ਼ੋਰ ਜਬਰ, ਲੁੱਟ-ਖਸੁੱਟ, ਬਦਮਾਸ਼ੀ, ਸੀਨਾਜ਼ੋਰੀ ਨੂੰ ਤਰਜੀਹ ਦੇਣ, ਨਿੱਜੀ ਮੁਫ਼ਾਦ ਸਾਹਮਣੇ ਰੱਖਣ, ਉਹ ਰਾਜ ਜਾਂ ਕਦੇ ਵੀ ਤਰੱਕੀ ਨਹੀਂ ਕਰ ਸਕਦੀਆਂ, ਇਹ ਕੁਦਰਤ ਦਾ ਅਸੂਲ ਹੈ। ਇਨਸਾਨ ਦੀ ਕੁਦਰਤੀ ਬਣਤਰ ਇਸ ਤਰ੍ਹਾਂ ਹੈ ਕਿ ਦਿਮਾਗ਼ (ਅਕਲ) ਸਭ ਤੋਂ ਉੱਤਮ ਚੀਜ਼ ਸਰੀਰ ਦੇ ਸਭ ਤੋਂ ਉਪਰ ਲੱਗਾ ਹੋਇਆ ਹੈ। ਫਿਰ ਅੱਖਾਂ, ਕੰਨ, ਮੂੰਹ ਆਦਿ ਅਤੇ ਫਿਰ ਤਾਕਤ ਯਾਨੀ ਬਾਹਵਾਂ, ਸੀਨਾ ਮੋਢੇ ਉਸ ਤੋਂ ਨੀਵੇਂ ਹਨ। ਯਾਨੀ ਸਭ ਕੁਝ ਅਕਲ ਦੇ ਅਧੀਨ ਹੈ। ਅੰਗਰੇਜ਼ਾਂ ਨੇ ਜਾਂ ਹੋਰ ਕੌਮਾਂ ਨੇ ਅਕਲ ਨਾਲ ਹੀ ਦੁਨੀਆ 'ਤੇ ਰਾਜ ਕੀਤਾ ਹੈ। ਜਿਵੇਂ ਕਾਂਗਰਸੀਆਂ ਨੇ ਅਕਾਲੀਆਂ ਨੂੰ 1947 ਵਿਚ ਠਿੱਬੀ ਮਾਰੀ ਸੀ। ਅਕਾਲੀ ਹਾਲੇ ਤਕ ਧੂੜ ਚੱਟ ਰਹੇ ਹਨ, ਉੱਠ ਨਹੀਂ ਸਕੇ, ਔਰ ਦਿਨ-ਬਦਿਨ ਗਿਰਦੇ ਜਾ ਰਹੇ ਹਨ। ਪੰਜਾਬੀ ਸੂਬਾ ਬਣਾਉਣ ਵਾਲੇ ਅਕਾਲੀ ਅੱਜ ਜਨ-ਸੰਘ (ਬੀ.ਜੇ.ਪੀ.) ਦੇ ਥੱਲੇ ਲੱਗ ਚੁੱਕੇ ਹਨ। ਉਸ ਸੂਬੀ ਵਿਚ ਵੀ ਆਪਣਾ ਰਾਜ ਨਹੀਂ ਕਾਇਮ ਰੱਖ ਸਕੇ। ਹਾਲੇ ਹੋਰ ਆਉਣ ਵਾਲੇ ਸਮੇਂ ਨੂੰ ਵੇਖੋ, ਇਹਨਾਂ ਕੋਲ ਇੰਨਾ ਵੀ ਨਹੀਂ ਰਹਿਣਾ। ਤਾਕਤ ਉਦੋਂ ਇਸਤੇਮਾਲ ਕਰੀਦੀ ਹੈ ਜਦੋਂ ਲੋਹਾ ਗਰਮ ਹੋਵੇ। ਪਰ ਹਰ ਵਕਤ ਡਾਂਗ, ਹਉਮੈ ਅਤੇ ਆਕੜ ਲੈ ਡੁੱਬਦੀ ਹੈ। ਕੌਮ ਦਾ ਹਸ਼ਰ ਸਾਡੇ ਸਾਹਮਣੇ ਹੈ।

ਸਿਰਦਾਰ ਕਪੂਰ ਸਿੰਘ ਹੰਢੇ-ਵਰਤੇ ਸਿਆਸੀ ਲੀਡਰਾਂ ਨਾਲੋਂ, ਨੌਜਵਾਨਾਂ ਨਾਲ ਬੈਠਣਾ ਅਤੇ ਉਨ੍ਹਾਂ ਨਾਲ ਗੱਲਬਾਤ ਕਰਨੀ ਚੰਗਾ ਸਮਝਦੇ ਸਨ। ਸਾਡੇ ਨਾਲ ਉਹ ਤੁਰਦੇ ਫਿਰਦੇ ਕਿਤੇ, ਚਾਹ ਜਾਂ ਗੰਨੇ ਦਾ ਰਸ ਆਦਿ ਵੀ ਪੀ ਲੈਂਦੇ ਸਨ। ਬੱਸ ਵਿਚ ਜਾਂ ਰਿਕਸ਼ੇ ਵਿਚ ਸਫ਼ਰ ਵੀ ਕਰ ਲੈਂਦੇ। ਮੈਂ ਖ਼ੁਦ ਦੇਖਿਆ ਉਹ ਕਹਿੰਦੇ ਕਹਾਉਂਦੇ ਜਥੇਦਾਰਾਂ ਨਾਲ ਛੋਟੀ ਜਿਹੀ ਗੱਲ ਕਰ ਕੇ ਉਨ੍ਹਾਂ ਨੂੰ ਕਹਿੰਦੇ, "ਜਥੇਦਾਰ ਜੀ, ਤੁਸੀਂ ਜਾਉ, ਤੁਸੀਂ ਲੋਕਾਂ ਦੇ ਕਈ ਕੰਮ ਕਰਨੇ ਹੋਣਗੇ। ਤੁਸੀਂ ਮਹਾਨ ਆਗੂ ਹੋ। ਮੈਂ ਇਨ੍ਹਾਂ ਮੁੰਡਿਆਂ ਨਾਲ ਗੱਲਾਂ ਕਰ ਲਵਾਂ, ਇਹ ਬੜੀ ਦੂਰੋਂ ਮਿਲਣ ਆਏ ਹਨ।" ਇਹੋ ਜਿਹੇ ਵਰਤਾਉ ਦਾ ਮੈਨੂੰ ਇਹ ਕਾਰਨ ਲੱਗਦਾ ਹੈ ਕਿ ਇਹ ਜਥੇਦਾਰ ਕਈ ਵੇਰਾਂ ਅਕਾਲ

ਤਖ਼ਤ ਤੋਂ ਅਰਦਾਸਾਂ ਕਰ, ਸੌਂਹਾਂ ਚੁੱਕ, ਨਿੱਜੀ ਮੁਫ਼ਾਦ ਲਈ ਮੁੱਕਰ ਚੁੱਕੇ ਸਨ ਅਤੇ ਸਿੱਖ ਨੌਜਵਾਨ ਹੀ ਉਨ੍ਹਾਂ ਨੂੰ ਆਸ ਦੀ ਕਿਰਨ ਦਿੱਸਦੇ ਸਨ। (ਪਰ ਕੁਝ ਕੁ ਨੌਜੁਆਨਾਂ ਨੂੰ ਛੱਡ ਕੇ ਬਾਕੀਆਂ ਨੇ ਪੰਥ ਦੇ ਨਾਂ 'ਤੇ ਡਾਕੇ, ਬਲਾਤਕਾਰ, ਲੁੱਟਾਂ, ਖੋਹਾਂ ਹੀ ਕੀਤੀਆਂ।) ਇਸ ਸੰਬੰਧ ਵਿਚ ਮੈਂ ਇਕ ਹੋਰ ਗੱਲ ਦੱਸਣੀ ਚਾਹਾਂਗਾ। ਮੈਂ ਸਿਰਦਾਰ ਸਾਹਿਬ ਕੋਲ ਜਦ ਵੀ ਜਾਂਦਾ ਸੀ, ਉਹ ਅਕਾਲੀ ਲੀਡਰਾਂ ਨੂੰ ਬੁਰਾ ਕਹਿੰਦੇ, ਗਾਲ੍ਹਾਂ ਕੱਢਦੇ। ਮੈਂ ਇਕ ਦਿਨ ਦੁਖੀ ਹੋ ਕੇ ਕਿਹਾ, "ਸਿਰਦਾਰ ਸਾਹਿਬ ਦੋ ਜਾਂ ਚਾਰ ਲੀਡਰ ਮਾੜੇ ਹੋ ਸਕਦੇ ਹਨ ਸਾਰੇ ਨਹੀਂ।" ਉਹ ਥੋੜ੍ਹੀ ਦੇਰ ਰੁਕੇ, ਮੇਰੇ ਵੱਲ ਗ਼ੁੱਸੇ ਨਾਲ ਵੇਖਿਆ ਅਤੇ ਕਹਿਣ ਲੱਗੇ, "ਸਿਰਦਾਰ ਸਾਹਿਬ ਮੈਂ ਸਰਕਾਰ ਵਿਚ ਰਿਹਾ ਹਾਂ। ਮੈਂ ਇਨ੍ਹਾਂ ਦੀਆਂ ਫ਼ਾਈਲਾਂ ਦੇਖੀਆਂ ਹਨ। ਇਹ ਸਾਰੇ ਦੇ ਸਾਰੇ ਵਿਕੇ ਹੋਏ ਹਨ, ਇਹ ਸਰਕਾਰ ਦੇ ਏਜੰਟ ਹਨ। ਇਨ੍ਹਾਂ ਦੀਆਂ ਤਨਖ਼ਾਹਾਂ ਲੱਗੀਆਂ ਹੋਈਆਂ ਹਨ।" ਥੋੜ੍ਹੀ ਦੇਰ ਤਾਂ ਮੈਂ ਹੱਕਾ ਬੱਕਾ ਰਹਿ ਗਿਆ ਅਤੇ ਫਿਰ ਆਗਿਆ ਲੈ ਕੇ ਤੁਰ ਪਿਆ। ਔਰ ਅੱਜ ਜਦ ਮੈਂ ਉਸ ਗੱਲ ਨੂੰ ਸੋਚਦਾ ਹਾਂ ਤਾਂ 1984 ਦਾ ਫ਼ੌਜੀ ਹਮਲਾ ਅਤੇ ਉਸ ਤੋਂ ਬਾਅਦ ਇਨ੍ਹਾਂ ਅਕਾਲੀਆਂ ਦਾ ਕਿਰਦਾਰ ਸਿਰਦਾਰ ਦੀ ਗੱਲ ਨੂੰ ਸਹੀ ਸਾਬਤ ਕਰਦਾ ਹੈ।

ਬਿਖੁ ਮਹਿ ਅੰਮ੍ਰਿਤੁ ਵਿਚ ਸਿਰਦਾਰ ਸਾਹਿਬ ਲਿਖਦੇ ਹਨ : "ਸੰਨ 1963 ਵਿਚ ਜਦੋਂ ਮਾਸਟਰ ਤਾਰਾ ਸਿੰਘ ਦੇ ਮਰਨ ਵਰਤ ਨੂੰ ਤਿਆਗਣ ਕਾਰਨ, ਸਿੱਖ ਸੰਗਤਾਂ ਉਨ੍ਹਾਂ ਤੋਂ ਉਪਰਾਮ ਹੋ ਗਈਆਂ ਸਨ, ਤਦ ਭਾਈ ਫ਼ਤਿਹ ਸਿੰਘ (ਸੰਤ) ਨੂੰ ਅਕਾਲੀ ਦਲ ਦੇ ਕੁਝ ਜਥੇਦਾਰਾਂ ਨੇ ਚੁੱਕ ਕੇ, ਦਿੱਲੀ ਵਾਲੀ ਸਰਕਾਰ ਦੀ ਖੁੱਲ੍ਹੀ ਸ਼ਹਿ ਨਾਲ, ਵਿਧਾਨ ਦੇ ਖ਼ਿਲਾਫ਼ ਤੇ ਹਿੱਕ ਦੇ ਧੱਕੇ ਨਾਲ, ਸਿੱਧੀ ਬੁਰਛਾਗਰਦੀ ਕਰ ਕੇ, ਇਕ ਨਵਾਂ ਅਕਾਲੀ ਦਲ ਘੜ ਲਿਆ, ਜਿਸ ਨੂੰ ਸਿੱਖ ਸੰਗਤਾਂ ਨੇ ਸਹਿਯੋਗ ਦੇਣਾ ਸ਼ੁਰੂ ਕਰ ਦਿੱਤਾ। ਸੰਨ 1966 ਵਿਚ ਜਦੋਂ ਦਿੱਲੀ ਦੀ ਸਰਕਾਰ ਨੇ ਹਿੰਦ-ਪਾਕਿਸਤਾਨ ਦੀ ਜੰਗ ਵਿਚ ਸਿੱਖਾਂ ਦੀ ਮਹੱਤਤਾ ਤੇ ਸ਼ਕਤੀ ਤੱਕ ਕੇ, ਪੰਜਾਬੀ ਸੂਬਾ ਦੇਣਾ ਪ੍ਰਵਾਨ ਕਰ ਲਿਆ, ਤਾਂ ਉਨ੍ਹਾਂ ਨੇ ਸਿੱਖਾਂ ਪ੍ਰਤੀ ਕੂਟਨੀਤੀ ਮਨ ਵਿਚ ਰੱਖਦਿਆਂ ਹੋਇਆਂ, ਭਾਈ ਫ਼ਤਿਹ ਸਿੰਘ (ਸੰਤ) ਨੂੰ ਸਿੱਖਾਂ ਦਾ ਨੁਮਾਇੰਦਾ ਤਸਲੀਮ ਕੀਤਾ।" ਇਹ ਉਹੀ ਅਕਾਲੀ ਦਲ ਹੈ ਜਿਹੜਾ ਅੱਜ ਸਿੱਖਾਂ ਦੀ ਜੜ੍ਹੀਂ ਬਹਿ ਗਿਆ ਹੈ ਅਤੇ ਹਵਨ ਤੇ ਰਾਮਾਇਣ ਦੇ ਪਾਠ ਕਰਵਾ ਰਿਹਾ ਹੈ।

ਸਿਰਦਾਰ ਸਾਹਿਬ ਦੇ ਗ਼ੁੱਸੇ ਬਾਰੇ ਕਈ ਲੋਕ ਗੱਲਾਂ ਕਰਦੇ ਹਨ। ਸੱਚਾਈ ਇਹ ਹੈ ਕਿ ਉਹ ਮੂਰਖਤਾ, ਦੋਗਲਾਪਣ ਅਤੇ ਖ਼ੁਦਗ਼ਰਜ਼ੀ ਨੂੰ ਨਫ਼ਰਤ ਕਰਦੇ ਸਨ। ਜਿਹੜਾ ਵੀ ਬੰਦਾ ਇਸ ਦਾਇਰੇ ਵਿਚ ਆਉਂਦਾ ਸੀ, ਸਿਰਦਾਰ ਸਾਹਿਬ ਉਸ ਨੂੰ ਚੰਗੇ ਨਹੀਂ ਸਨ ਲੱਗਦੇ ਅਤੇ ਕਈ ਉਨ੍ਹਾਂ ਤੋਂ ਝਾੜ ਖਾ ਕੇ ਘਰ ਪਰਤਦੇ ਸਨ ਅਤੇ ਮਨ ਵਿਚ ਵਿਸ ਘੋਲਦੇ ਰਹਿੰਦੇ ਸਨ ਔਰ ਅੱਜ ਉਹ ਜ਼ਹਿਰ ਉਗਲ ਰਹੇ ਹਨ ਉਨ੍ਹਾਂ ਖ਼ਿਲਾਫ਼।

ਇਕ ਕਹਿੰਦੇ ਕਹਾਉਂਦੇ ਜਥੇਦਾਰ ਨੂੰ ਸੰਨ 1975 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਾਲਾ ਝੰਡਾ ਡੀ. ਸੀ. ਅੰਮ੍ਰਿਤਸਰ ਦੇ ਦਫ਼ਤਰ ਚੜ੍ਹਾਉਣ ਦਾ ਜੋਸ਼

ਜਾਗਿਆ। ਅਖ਼ਬਾਰਾਂ ਵਿਚ ਬੜਾ ਰੌਲਾ-ਰੱਪਾ ਪਿਆ। ਸਿਰਦਾਰ ਸਾਹਿਬ ਨੇ ਮੈਨੂੰ ਆਖਿਆ, "ਮੁੰਡਿਆ ਤੂੰ ਅੰਮ੍ਰਿਤਸਰ ਜਾ ਕੇ ਹਾਲ ਵੇਖ ਕੇ ਆ ਅਤੇ ਮੈਨੂੰ ਦੱਸ।" ਮੈਂ ਅੰਮ੍ਰਿਤਸਰ ਵਿਚ ਉਨ੍ਹਾਂ ਦੇ ਭਾਸ਼ਣ ਸੁਣੇ। ਗ੍ਰਿਫ਼ਤਾਰੀ ਵੇਖੀ। ਇਕ ਭਾਸ਼ਣ ਕਰਨ ਵਾਲੇ ਨੇ ਮੈਨੂੰ ਕਿਹਾ, "ਸਾਨੂੰ ਦਸ-ਵੀਹ ਹਜ਼ਾਰ ਬੰਦੇ ਮਰਵਾ ਕੇ ਵੀ ਰਾਜ ਲੈ ਲੈਣਾ ਚਾਹੀਦਾ ਹੈ।" ਅੱਜ ਪੈਂਤੀ ਚਾਲੀ ਹਜ਼ਾਰ ਬੰਦੇ ਪੰਜਾਬ ਅਤੇ ਬਾਹਰ ਮਰ ਚੁੱਕੇ ਹਨ, ਕਿਸੇ ਦੇ ਕੰਨ 'ਤੇ ਜੂੰ ਨਹੀਂ ਸਰਕੀ। ਖੋਤੀ ਫਿਰ ਬੋਹੜ ਥੱਲੇ। ਜਿਹੜੀ ਕੌਮ ਡਰਾਈਵਰ ਕਿੱਕਰ ਸਿੰਘ ਨੂੰ ਵੋਟਾਂ ਪਾਏ ਪਰ ਆਈ. ਸੀ. ਐਸ. ਕਪੂਰ ਸਿੰਘ ਦੀ ਜ਼ਮਾਨਤ ਜ਼ਬਤ ਕਰਵਾਏ, ਉਹਦਾ ਇਹੀ ਹਸ਼ਰ ਹੁੰਦਾ ਹੈ। ਉਹ ਮਹਾਨ ਜਥੇਦਾਰ ਜੀ ਕਹਿਣ ਲੱਗੇ, "ਤੁਸੀਂ ਸਿਰਦਾਰ ਕਪੂਰ ਸਿੰਘ ਨੂੰ ਕਹੋ, ਮੇਰੀ ਮੱਦਦ ਕਰਨ, ਮੈਂ ਉਨ੍ਹਾਂ ਦੀ ਹੀ ਗੱਲ ਕਰ ਰਿਹਾ ਹਾਂ।" ਇਹ ਗੱਲ ਮੈਂ ਸਿਰਦਾਰ ਸਾਹਿਬ ਨੂੰ ਆ ਕੇ ਦੱਸੀ। ਜਵਾਬ ਵਿਚ ਸਿਰਦਾਰ ਹੋਰਾਂ ਨੇ ਕਿਹਾ, "ਮੁੰਡਿਆ, ਪਤਾ ਨਹੀਂ ਉਹ ਕੀ ਸੋਚ ਕੇ ਇਧਰ ਤੁਰਿਆ ਹੈ, ਐਹ ਵੇਖੋ ਉਹਦੀ ਚਿੱਠੀ ਵੀ ਆਈ ਹੈ ਕਿ ਮੇਰੀ ਮੱਦਦ ਕਰੋ। ਉਹ ਅਗਰ ਮੇਰੇ ਮਗਰ ਵੀ ਲੱਗੇਗਾ ਤਾਂ ਮੈਂ ਪਾਸੇ ਹੱਟ ਕੇ ਬੈਠ ਜਾਵਾਂਗਾ। ਪਤਾ ਨਹੀਂ ਉਹਦੇ ਮਨ ਵਿਚ ਕੀ ਹੈ। ਇਧਰ ਕਿਉਂ ਤੁਰਿਆ ਹੈ।" ਇਸ ਪਾਖੰਡ ਵਿਚ ਜਗਮੀਤ ਬਰਾੜ ਵੀ ਸ਼ਾਮਿਲ ਸੀ। ਇਥੇ ਪਾਠਕਾਂ ਦੀ ਜਾਣਕਾਰੀ ਲਈ ਲਿਖਣਾ ਜ਼ਰੂਰੀ ਹੈ ਕਿ ਇਹੋ ਮਹਾਨ ਜਥੇਦਾਰ ਜੀ ਨੇ ਖਾੜਕੂਵਾਦ ਦੌਰਾਨ ਸਰਕਾਰ ਨੂੰ ਸੁਝਾਅ ਦਿੱਤਾ ਸੀ ਕਿ ਪੰਜਾਬ ਵਿਚ ਸ਼ਾਂਤੀ ਲਈ ਕੁਝ ਪਿੰਡਾਂ ਨੂੰ ਤਬਾਹ ਕਰ ਦਿੱਤਾ ਜਾਏ। ਹਿਟਲਰ ਨੇ ਇਹ ਤਰੀਕਾ ਵਰਤਿਆ ਸੀ ਯਹੂਦੀਆਂ ਲਈ।

ਇਕ ਹੋਰ ਜਥੇਦਾਰ ਜੀ, ਜਿਨ੍ਹਾਂ ਦਾ ਨਾਮ ਅਫ਼ੀਮ ਦੀ ਬਲੈਕ ਨਾਲ ਜੁੜਿਆ ਹੋਇਆ ਹੈ, ਸਿਰਦਾਰ ਸਾਹਿਬ ਕੋਲ ਆਏ ਅਤੇ ਕਹਿਣ ਲੱਗੇ, "ਸਿਰਦਾਰ ਜੀ, ਪੰਥ ਬੜਾ ਖ਼ਤਰੇ ਵਿਚ ਹੈ, ਕੀ ਕਰੀਏ।" ਥੋੜ੍ਹਾ ਸੋਚ ਕੇ ਸਿਰਦਾਰ ਸਾਹਿਬ ਨੇ ਕਿਹਾ, "ਜਥੇਦਾਰ ਜੀ ਚੜ੍ਹਾਈ ਕਰ ਜਾਉ।" ਜਥੇਦਾਰ ਜੀ ਕੰਨ ਝਾੜਦੇ ਆਪਣੇ ਘਰ ਨੂੰ ਤੁਰ ਗਏ। ਵੈਸੇ ਕੁਝ ਕੁ ਜਥੇਦਾਰਾਂ ਨੂੰ ਸਿਰਦਾਰ ਸਾਹਿਬ ਦੀਆਂ ਗਾਲ੍ਹਾਂ ਖਾ ਕੇ ਵੀ ਖ਼ੁਸ਼ੀ ਪ੍ਰਾਪਤ ਹੁੰਦੀ ਸੀ। ਉਨ੍ਹਾਂ ਦੇ ਭੋਗ 'ਤੇ ਜਗਰਾਉਂ 1986 ਵਿਚ ਸੁਖਜਿੰਦਰ ਸਿੰਘ ਨੇ ਜਥੇਦਾਰ ਤਲਵੰਡੀ ਨੂੰ ਯਾਦ ਕਰਵਾਇਆ, "ਯਾਦ ਹੈ, ਸਿਰਦਾਰ ਸਾਹਿਬ ਕਿਵੇਂ ਸਾਨੂੰ ਗਾਲ੍ਹਾਂ ਕੱਢਿਆ ਕਰਦੇ ਸਨ।" ਫਿਰ ਦੋਵੇਂ ਹੱਸ ਪਏ। ਜਥੇਦਾਰ ਤਲਵੰਡੀ ਦੀ ਇਕ ਮਜ਼ੇਦਾਰ ਗੱਲ ਲਿਖਣਾ ਚਾਹਾਂਗਾ। ਜਥੇਦਾਰ ਅਨੰਦਪੁਰ ਦੇ ਮਤੇ ਦੀ ਪ੍ਰਾਪਤੀ ਲਈ ਦਿੱਲੀ ਵਿਚ ਮੋਰਚਾ ਲਾਈ ਬੈਠੇ ਸੀ। ਮੈਂ ਉਨ੍ਹਾਂ ਨੂੰ ਤਿਹਾੜ ਜੇਲ੍ਹ ਵਿਚ ਮਿਲਣ ਚਲਾ ਗਿਆ। ਗੱਲਾਂ ਕਰਦੇ ਕਰਦੇ ਜੇਲ੍ਹ ਦੇ ਇਕ ਅਧਿਕਾਰੀ ਨੇ ਉੱਚੀ ਆਵਾਜ਼ ਵਿਚ ਕਿਹਾ, "ਤਲਵੰਡੀ ਸਾਹਿਬ ਆਪ ਕੇ ਸੰਮਨ ਆਏ ਹੈਂ।" ਹੈਰਾਨ ਭਰੀ ਅਤੇ ਉੱਚੀ ਆਵਾਜ਼ ਵਿਚ ਜਥੇਦਾਰ ਜੀ ਨੇ ਕਿਹਾ, "ਕਿਹਨੇ ਭੇਜੇ ਹਨ ?" ਜੁਆਬ ਮਿਲਿਆ, "ਹਿਦਾਇਤੁਲਾ ਸਾਹਿਬ ਨੇ ।" ਐਨੇ ਵਿਚ ਲਫ਼ਾਫ਼ਾ ਆ ਗਿਆ, ਅੰਗਰੇਜ਼ੀ

ਵਿਚ ਸੀ। ਕਹਿਣ ਲੱਗੇ, "ਦੇਖੀਂ ਜ਼ਰਾ।" ਮੈਂ ਵੇਖ ਕੇ ਕਿਹਾ, "ਇਹ ਤਾਂ ਹਾਊਸ ਸੰਮਨ ਕੀਤਾ ਹੈ ਰਾਜ ਸਭਾ ਦਾ, ਤੁਸੀਂ ਉਸਦੇ ਮੈਂਬਰ ਹੋ। ਇਹ ਤੁਹਾਨੂੰ ਇਤਲਾਹ ਦਿੱਤੀ ਗਈ ਹੈ।" ਜੁਆਬ ਮਿਲਿਆ, "ਅੱਛਾ, ਅੱਛਾ, ਤਾਹੀਂ ਮੈਂ ਸੋਚਿਆ ਕਿ ਮੁਸਲੇ ਦੀ ਕੀ ਮਜ਼ਾਲ ਮੈਨੂੰ ਸੰਮਨ ਭੇਜੇ!" (ਸ੍ਰੀ ਐਮ ਹਿਦਾਇਤੁਲਾ ਉਪ ਰਾਸ਼ਟਰਪਤੀ ਸਨ ਅਤੇ ਰਾਜ ਸਭਾ ਦੇ ਚੇਅਰਮੈਨ ਔਰ ਰਿਟਾਇਰਡ ਚੀਫ਼ ਜਸਟਿਸ ਸੁਪਰੀਮ ਕੋਰਟ ਦੇ ਸਨ) ਸਿੱਖ ਅੱਜ ਦੇ ਹਾਕਮ ਨੂੰ ਖ਼ੁਸ਼ ਕਰਨ ਖ਼ਾਤਿਰ ਮੁਸਲਮਾਨ ਨੂੰ ਮੁਸਲਾ ਕਹਿ ਕੇ ਜ਼ਿਆਦਾ ਗ਼ੁਲਾਮੀ ਪ੍ਰਗਟਾਉਂਦਾ ਹੈ ਔਰ ਗੁਰੂ ਨਾਨਕ ਦਾ ਹੁਕਮ "ਨਾ ਕੋ ਹਿੰਦੂ ਨ ਮੁਸਲਮਾਨ" ਭੁੱਲ ਚੁੱਕਾ ਹੈ। ਮੈਨੂੰ ਕੁਝ ਗੱਲਾਂ-ਬਾਤਾਂ ਤੋਂ ਬਾਅਦ ਪੁੱਛਿਆ, "ਮੁੰਡਿਆ ਤੂੰ ਬਾਰ ਤੋਂ ਆਇਆ ਹੈਂ।" ਮੈਂ ਕਿਹਾ, "ਹਾਂ ਜੀ।" ਬਸ ਵਿਦਾਇਗੀ ਲਈ ਔਰ ਧੰਨ ਧੰਨ ਕਰਦਾ ਪੰਥ ਦੇ ਭਲੇ ਦੀ ਅਰਦਾਸ ਕਰਦਾ ਘਰ ਨੂੰ ਪਰਤ ਆਇਆ। ਇਹੋ ਜਿਹੇ ਲੀਡਰਾਂ ਤੋਂ ਕੌਮ ਕੀ ਅਗਵਾਈ ਲੈ ਸਕਦੀ ਹੈ ?

ਇਕ ਵੇਰਾਂ ਇਕ ਨੌਜੁਆਨ ਮੁੰਡੇ ਨੇ ਸਿਰਦਾਰ ਸਾਹਿਬ ਨੂੰ 'ਸਤਿ ਸ੍ਰੀ ਅਕਾਲ' ਬੁਲਾਈ ਅਤੇ ਕਹਿਣ ਲੱਗਾ ਕਿ ਮੈਂ ਫਲਾਣੇ ਦਾ ਲੜਕਾ ਹਾਂ। ਸਿਰਦਾਰ ਸਾਹਿਬ ਨੇ ਉਸਦੇ ਬਾਪ ਬਾਰੇ ਗੱਲਬਾਤ ਕੀਤੀ, ਹਾਲ-ਚਾਲ ਪੁੱਛਣ ਤੋਂ ਬਾਅਦ ਕਹਿਣ ਲੱਗੇ, "ਤੇਰਾ ਬਾਪ ਤਾਂ ਬੜਾ ਗੁਰਸਿੱਖ ਹੈ ਤੂੰ ਕੀ ਕੀਤਾ ਹੋਇਆ ਹੈ (ਉਹਦੇ ਮੁੰਨੇ ਸਿਰ ਵੱਲ ਇਸ਼ਾਰਾ ਕਰਦੇ ਹੋਏ)।" ਜੁਆਬ ਮਿਲਿਆ, "ਛੱਡੋ ਜੀ ਪੁਰਾਣੀਆਂ ਗੱਲਾਂ ਨੂੰ" (ਉਹਦੇ ਮੁਤਾਬਕ ਕੇਸ ਰੱਖਣਾ ਬੀਤੀ ਪੁਰਾਣੀ ਗੱਲ ਸੀ)। ਸਿਰਦਾਰ ਦਾ ਜੁਆਬ ਸੀ, "ਮੂਰਖਤਾ ਵੀ ਪੁਰਾਣੀ ਹੈ, ਉਸ ਨੂੰ ਵੀ ਛੱਡੋ।"

ਇਕ ਸ਼ਾਤਰ ਵਕੀਲ ਨੇ ਬਾਬਾ ਜੁਗਿੰਦਰ ਸਿੰਘ, ਬਾਪ ਸੰਤ ਜਰਨੈਲ ਸਿੰਘ ਨੂੰ, ਲੋਕਾਂ ਦੀਆਂ ਭਾਵਨਾਵਾਂ ਦਾ ਗ਼ਲਤ ਫ਼ਾਇਦਾ ਉਠਾਉਂਦੇ ਹੋਏ, ਰੋਜ਼ ਆਪਣੀ ਕਾਰ ਵਿਚ ਇਕੱਲਿਆਂ ਲਿਜਾ ਕੇ ਤੇ ਗੁੰਮਰਾਹ ਕਰ ਕੇ ਇਕ ਨਵਾਂ ਅਕਾਲੀ ਦਲ ਘੜ ਮਾਰਿਆ। ਜਿਹਦੀ ਲੌਂਗੋਵਾਲ, ਬਾਦਲ, ਟੌਹੜੇ ਨੇ ਮੁਖ਼ਾਲਫ਼ਤ ਕੀਤੀ ਅਤੇ ਅਖ਼ੀਰ ਸੰਤਾਂ ਦੇ ਨਾਂ ਅਤੇ ਕੁਰਬਾਨੀ ਨੂੰ ਵਰਤ ਨਾ ਸਕਿਆ ਪਰ ਕੌਮ ਨੂੰ ਗਧੀ-ਗੇੜ ਵਿਚ ਹੋਰ ਪਾ ਦਿੱਤਾ। ਮੈਂ *ਸਾਚੀ ਸਾਖੀ* ਪੁਸਤਕ ਦੀਆਂ ਸੌ ਕੁ ਕਾਪੀਆਂ ਕਈਆਂ ਨੂੰ ਵੰਡ ਚੁੱਕਾ ਸੀ। ਇਕ ਕਾਪੀ ਮੈਂ ਲੈ ਕੇ ਰੋਡੇ ਚਲਾ ਗਿਆ ਅਤੇ ਸੂਬੇਦਾਰ ਕਪਤਾਨ ਹਰਚਰਨ ਸਿੰਘ ਨੂੰ ਜਾ ਮਿਲਿਆ। ਜਿਨ੍ਹਾਂ ਨੂੰ ਮੈਂ ਪਹਿਲਾਂ ਵੀ ਮਿਲ ਚੁੱਕਿਆ ਸੀ ਕਿ ਉਨ੍ਹਾਂ ਨੇ ਹੀ ਸੰਤਾਂ ਦੇ ਮ੍ਰਿਤ ਸਰੀਰ ਦੀ ਸ਼ਨਾਖ਼ਤ ਕੀਤੀ ਸੀ ਪਰ ਬਾਅਦ ਵਿਚ ਬਾਪੂ ਜੀ ਦੇ ਕਹੇ 'ਤੇ ਬਿਆਨ ਬਦਲ ਦਿੱਤੇ। ਸ: ਹਰਚਰਨ ਸਿੰਘ ਮੈਨੂੰ ਬਾਪੂ ਜੀ ਕੋਲ ਲੈ ਗਏ। ਮੈਂ ਕਿਤਾਬ ਭੇਂਟ ਕਰ ਕੇ ਕਿਹਾ, "ਇਸ ਕਿਤਾਬ ਨੂੰ ਵਿਚਾਰ ਕੇ ਕੋਈ ਆਪਣੀ ਨੀਤੀ ਬਣਾਉ।" ਕਿਤਾਬ ਫੜ ਕੇ ਕਹਿਣ ਲੱਗੇ, "ਮੈਂ ਕਪੂਰ ਸਿੰਘ ਕੋਲ ਗਿਆ ਸੀ, ਉਹਨੇ ਮੈਨੂੰ ਆਪਣਾ ਖ਼ਾਲਿਸਤਾਨ ਦਾ ਨਕਸ਼ਾ ਨਹੀਂ ਦਿੱਤਾ।" ਮੈਂ ਕਿਹਾ, "ਖ਼ਾਲਿਸਤਾਨ ਤਾਂ ਉਨ੍ਹਾਂ ਨੇ ਕਦੀ ਮੰਗਿਆ ਨਹੀਂ।" ਜੁਆਬ ਸੀ, "ਮੁੰਡਿਆ, ਨਕਸ਼ਾ

ਤੇ ਉਹਦੇ ਕੋਲ ਹੈ ਸੀ, ਉਹਨੇ ਨਹੀਂ ਦਿੱਤਾ।" ਮੈਂ ਰੱਬ ਰੱਬ ਕਰਦਾ ਉਠ ਕੇ ਆ ਗਿਆ ਅਤੇ ਸਿਰਦਾਰ ਸਾਹਿਬ ਨੂੰ ਇਹ ਗੱਲ ਦੱਸੀ ਤਾਂ ਕਹਿਣ ਲੱਗੇ, "ਆਇਆ ਸੀ ਜੀ ਮੇਰੇ ਕੋਲ, ਮੈਂ ਕਿਹਾ ਕਾਗ਼ਜ਼ ਪੈਂਸਲ ਲੈ ਕੇ ਆਪੇ ਲਕੀਰਾਂ ਵਾਹ ਲੈ। ਮੇਰੇ ਕੋਲ ਕੋਈ ਹੈ ਨਹੀਂ ਨਕਸ਼ਾ।" ਫਿਰ ਕਹਿਣ ਲੱਗੇ, "ਅਨਪੜ੍ਹ ਹੈ ਜੀ, ਮੈਂ ਕੀ ਗੱਲ ਕਰਦਾ ਉਹਦੇ ਨਾਲ।" ਸੰਤਾਂ ਨੇ ਆਮ ਲੋਕਾਂ ਵਿਚ ਖੜ ਕੇ ਕਈ ਵਾਰ ਕਿਹਾ ਸੀ ਕਿ ਮੇਰੇ ਟੱਬਰ ਵਿੱਚੋਂ ਕੋਈ ਵੀ ਸਿਆਸਤ ਵਿਚ ਨਹੀਂ ਆਏਗਾ। ਪਰ ਹੋਇਆ ਉਸਦੇ ਉਲਟ, ਔਰ ਸੰਤਾਂ ਦੀ ਸ਼ਹਾਦਤ ਨੂੰ ਠੇਸ ਪਹੁੰਚਾਈ।

ਇਕ ਅਖੌਤੀ ਬੁੱਧੀਜੀਵੀ, ਟਟੀਰੀ ਵਾਂਗੂੰ ਲੱਤਾਂ ਚੁੱਕੀ, 80 ਹੀਰਿਆਂ ਦੀ ਜਾਨ ਬਚਾਉਣ ਦੇ ਚੱਕਰ ਵਿਚ ਸਰਕਾਰ ਅਤੇ ਮੁੰਡਿਆਂ ਵਿਚ ਵਿਚੋਲਗੀ ਕਰਦਾ ਫਿਰਦਾ ਮੇਰੇ ਕੋਲ ਆ ਗਿਆ ਤੇ ਆਪਣੀ ਮਹਾਨਤਾ ਦਾ ਕੰਮ ਦੱਸਣ ਲੱਗਾ ਤੇ ਕਹਿਣ ਲੱਗਾ, "ਮੈਂ ਗੱਲਬਾਤ ਕਰਵਾ ਰਿਹਾ ਹਾਂ।" ਮੈਂ ਪੁੱਛ ਬੈਠਾ ਕਿ ਸਰਕਾਰ ਨੇ ਤੈਨੂੰ ਕਿੱਦਾਂ ਚੁਣ ਲਿਆ ਇਸ ਕੰਮ ਲਈ। ਆਕੜ ਨਾਲ ਬੋਲਿਆ, "ਸਰਕਾਰ ਨੂੰ ਪਤਾ ਹੈ ਮੁੰਡੇ ਮੇਰੀ ਕਿੰਨੀ ਇੱਜ਼ਤ ਕਰਦੇ ਹਨ। ਮੈਂ ਸੰਤਾਂ ਦੇ ਬਹੁਤ ਨੇੜੇ ਰਿਹਾ ਹਾਂ।" ਮੈਂ ਕਿਹਾ, "ਸਿਰਦਾਰ ਕਪੂਰ ਸਿੰਘ ਨੇ ਅਕਲ ਦੇ ਦੀਵੇ ਦੀ ਰੌਸ਼ਨੀ ਦੀ ਗੱਲ ਕੀਤੀ ਹੈ, *ਸਾਚੀ ਸਾਖੀ* ਵਿਚ, '47 ਤੋਂ ਪਹਿਲਾਂ ਵੀ ਮਾਰ ਖਾਧੀ ਸੀ ਤੇ ਹੁਣ ਵੀ ਇਸ ਗੱਲੋਂ ਮਾਰ ਖਾ ਜਾਵਾਂਗੇ।" ਬੜਾ ਸੜਿਆ ਹੋਇਆ ਬੋਲਿਆ, "ਤੂੰ ਤਾਂ ਕਪੂਰ ਸਿੰਘ ਨੂੰ ਰੱਬ ਸਮਝੀ ਬੈਠਾ ਹੈਂ।" ਮੈਂ ਚੁੱਪ ਕਰ ਗਿਆ। ਕਿਤੇ ਫਸਾ ਹੀ ਨਾ ਦਏ, ਵਿਚੋਲਿਆਂ ਦੇ ਹੱਥ ਬੜੇ ਲੰਬੇ ਹੁੰਦੇ ਹਨ। ਉਸ ਮੂਰਖ ਨੂੰ ਇਹ ਨਹੀਂ ਪਤਾ ਕਿ ਸਰਕਾਰਾਂ ਇਹੋ ਜਿਹੇ ਕਈ ਟੱਟਪੂੰਜੇ ਛੱਡਦੀ ਹੁੰਦੀ ਹੈ ਔਰ ਫਿਰ ਆਪਣਾ ਮਤਲਬ ਕੱਢ ਕੇ ਪੁੱਛਦੀ ਵੀ ਨਹੀਂ। ਮਾੜੀ ਮੋਟੀ ਬੁਰਕੀ ਸੁੱਟ ਦਿੰਦੀ ਹੈ। ਪਤਾ ਨਹੀਂ, ਉਸਦੇ 80 ਹੀਰੇ ਬਚੇ ਕਿ ਨਹੀਂ ਪਰ ਇਕ ਦਾ ਪਤਾ ਹੈ। ਹਰਮਿੰਦਰ ਸਿੰਘ ਸੰਧੂ ਨੂੰ ਵਿੱਚੋਂ ਹੀ ਕਿਸੇ ਨੇ ਆਪ ਹੀ ਮਾਰ ਮੁਕਾਇਆ ਸੀ। ਆਤਮ ਸਮਰਪਣ ਅਤੇ ਸੰਤਾਂ ਦੇ ਆਖ਼ਰੀ ਹੁਕਮਾਂ ਦੀ ਪਾਲਣਾ ਨਾ ਕਰਨ ਦੇ ਚੱਕਰ ਵਿਚ। ਮਗਰੋਂ ਪਤਾ ਲੱਗਾ ਕਿ ਉਹ ਬੀ. ਐਸ. ਐਫ. ਦੇ ਜਹਾਜ਼ ਵਿਚ ਪੂਨੇ ਹਰਜਿੰਦਰ ਸਿੰਘ ਜਿੰਦੇ ਅਤੇ ਸੁੱਖੇ ਨੂੰ ਮਿਲਣ ਗਿਆ ਸੀ ਔਰ ਉਸ ਨੂੰ ਉਨ੍ਹਾਂ ਨੇ ਅਗਾਊਂ ਹੀ ਦੱਸ ਦਿੱਤਾ ਸੀ ਕਿ ਤੇਰੀ ਅਤੇ ਟੱਬਰ ਦੀ ਜਾਨ ਖ਼ਤਰੇ ਵਿਚ ਹੈ। ਉਦੋਂ ਹੀ ਸਰਕਾਰ ਨੇ ਵਿਚੋਲੇ ਨੂੰ ਬੰਦੂਕ ਦਾ ਲਾਇਸੈਂਸ ਜਾਰੀ ਕੀਤਾ ਸੀ ਆਪਣੀ ਰਾਖੀ ਵਾਸਤੇ ਅਤੇ ਲੋਕਾਂ ਨੂੰ ਹੱਥ ਵੀ ਵਿਖਾਉਂਦਾ ਫਿਰਦਾ ਸੀ ਕਿ ਕਿੰਨੀ ਉਮਰ ਬਾਕੀ ਹੈ। ਅੱਜਕੱਲ ਤਾਂ ਕਾਟੋ ਬੁੱਲ੍ਹਾਂ 'ਤੇ ਖੇਡਦੀ ਹੈ। ਪੰਜਾਬੀ ਦੀ ਅਖ਼ਬਾਰ ਵਿਚ ਹਰ ਊਲ-ਜਲੂਲ ਛਪ ਜਾਂਦਾ ਹੈ। ਪੱਕੇ ਲਿੰਕ ਬਣ ਗਏ ਹਨ।

ਸਿਰਦਾਰ ਸਾਹਿਬ ਦੀ ਹਰ ਉਸ ਸਿੱਖ ਨਾਲ ਸਾਂਝ, ਪਿਆਰ ਸੀ, ਜਿਹੜਾ ਗੁਰਮਤਿ ਨਾਲ ਕਿਸੇ ਵੀ ਰੂਪ ਵਿਚ ਜੁੜਿਆ ਹੋਇਆ ਸੀ। ਸਿਰਦਾਰ ਸਾਹਿਬ ਦੀ ਦੋਸਤੀ, ਪ੍ਰੇਮ, ਆਰਟਿਸਟ ਕ੍ਰਿਪਾਲ ਸਿੰਘ ਨਾਲ ਬੜੀ ਸੀ। ਉਨ੍ਹਾਂ ਨੂੰ ਕਹਿ ਕੇ ਖ਼ਾਸ

ਬਾਬਾ ਬੰਦਾ ਸਿੰਘ ਬਹਾਦਰ ਸ਼ਹੀਦ ਦੀ ਪੇਂਟਿੰਗ ਬਣਵਾਈ ਅਤੇ ਆਪਣੇ ਘਰ ਡਰਾਇੰਗ ਰੂਮ ਵਿਚ ਲਗਾਈ ਔਰ ਬੜੇ ਚਾਅ ਨਾਲ ਸਾਰਿਆਂ ਨੂੰ ਵਿਖਾਉਂਦੇ ਸੀ। ਸ: ਕਿਰਪਾਲ ਸਿੰਘ ਦੇ ਸਪੁੱਤਰ ਜਰਨੈਲ ਸਿੰਘ ਨੇ ਦੱਸਿਆ ਕਿ ਇਕ ਦਿਨ ਸਿਰਦਾਰ ਸਾਹਿਬ ਤੀਜੀ ਵਾਰੀ ਮਿਲਣ ਆਏ, ਉਨ੍ਹਾਂ ਦੇ ਪਿਤਾ ਜੀ ਘਰ ਨਾ ਮਿਲਣ 'ਤੇ ਪੁੱਛਣ ਲੱਗੇ ਕਿ ਕਿਧਰ ਭੇਜ ਦਿੱਤਾ ਜੇ, ਤਾਂ ਜੁਆਬ ਵਿਚ ਦੱਸਿਆ ਕਿ ਸਰਦੀਆਂ ਆ ਚਲੀਆਂ ਸਨ, ਰਜ਼ਾਈਆਂ ਨਗੰਦਨ ਵਾਸਤੇ ਦਿੱਤੀਆਂ ਹਨ, ਉਧਰ ਗਏ ਹਨ। ਜੁਆਬ ਦਿੱਤਾ, "ਮੈਂ ਵਿਹਲਾ ਸੀ, ਮੈਨੂੰ ਦੱਸਦੇ, ਮੈਂ ਚਲਾ ਜਾਂਦਾ ਉਨ੍ਹਾਂ ਨੂੰ ਕਿਉਂ ਤਕਲੀਫ਼ ਦੇਣੀ ਸੀ।" ਇਹ ਸੀ ਇਕ ਪਿਆਰ ਅਤੇ ਸਨੇਹ ਦਾ ਰੂਪ। ਆਉ ਇਕ ਹੋਰ ਰੂਪ ਵੇਖੀਏ, ਇਕ ਦਿਨ ਸੈਰ ਨੂੰ ਤੁਰੇ ਜਾਂਦੇ ਸੀ ਤੇ ਰਾਹ ਵਿਚ ਕਹਿਣ ਲੱਗੇ, "ਸਰਦਾਰ ਸਾਹਿਬ, ਗਿਆਨੀ ਗੁਰਦਿੱਤ ਸਿੰਘ ਨੂੰ ਕਦੇ ਮਿਲੇ ਹੋ।" ਮੈਂ ਕਿਹਾ, "ਨਹੀਂ ਜੀ, ਸਿਰਫ਼ ਨਾਂ ਸੁਣਿਆ ਹੈ।" ਕਹਿਣ ਲੱਗੇ, "ਆਉ, ਅੱਜ ਤੁਹਾਨੂੰ ਮਿਲਾਉਂਦਾ ਹਾਂ। ਹੈ ਤੇ ਕਾਂਗਰਸੀ, ਪਰ ਗੁਰਬਾਣੀ ਦਾ ਮੁਤਾਲਿਆ ਬੜਾ ਚੰਗਾ ਕਰਦਾ ਹੈ।" ਘਰ ਪਹੁੰਚੇ ਤਾਂ ਨੌਕਰ ਨੇ ਕਿਹਾ ਕਿ ਘਰ ਹੈ ਨਹੀਂ, ਕੰਮ ਗਏ ਹਨ। ਮੁੜਦੇ ਹੋਏ ਕਹਿਣ ਲੱਗੇ, "ਲਉ ਜੀ ਕੰਮ ਗਏ ਹਨ ਅਸੀਂ ਕੋਈ ਵਿਹਲੇ ਹਾਂ।" ਫਿਰ ਹੱਸ ਪਏ, ਮੈਨੂੰ ਰਾਹ ਵਿਚ ਆਈਸ ਕਰੀਮ ਵੀ ਖੁਆਈ। ਗਿਆਨੀ ਜੀ ਨਾਲ ਉਹਨਾਂ ਦਾ ਗੁਰਮਤਿ ਭਾਈ ਕਰਕੇ ਬੜਾ ਸਨੇਹ ਸੀ।

ਇਨ੍ਹਾਂ ਸਤਰਾਂ ਦਾ ਲਿਖਾਰੀ ਨਿੱਜੀ ਜਾਣਕਾਰੀ, ਅੱਖੀਂ ਦੇਖੀ ਅਤੇ ਕੰਨੀਂ ਸੁਣੀ ਦੇ ਆਧਾਰ 'ਤੇ ਲਿਖ ਰਿਹਾ ਹੈ ਕਿ ਇਹ ਅਕਾਲੀ ਲੀਡਰ ਖ਼ੁਦ ਨੌਜੁਆਨ ਮੁੰਡਿਆਂ ਨੂੰ ਭੜਕਾਉਂਦੇ ਸੀ, ਉਕਸਾਉਂਦੇ ਸੀ, ਜੁਰਮ ਕਰਨ ਵਾਸਤੇ, ਤਾਂ ਕਿ ਦਿੱਲੀ ਦੀ ਸਰਕਾਰ ਅਕਾਲੀ ਲੀਡਰਾਂ ਨਾਲ ਗੱਲਬਾਤ ਵਾਸਤੇ ਮੰਨੇ ਅਤੇ ਇਨ੍ਹਾਂ ਦੀਆਂ ਨਿੱਜੀ ਮੰਗਾਂ ਮੰਨੇ ਔਰ ਜਦ ਇਹ ਮੁੰਡੇ ਇਨ੍ਹਾਂ ਤੋਂ ਬਾਗ਼ੀ ਹੋ ਗਏ ਤਾਂ ਖ਼ੁਦ ਕਹਿੰਦੇ ਸੀ ਕਿ ਇਨ੍ਹਾਂ ਨੂੰ ਮਾਰ ਦਿਉ। ਕਿਉਂਕਿ ਇਨ੍ਹਾਂ ਲੀਡਰਾਂ ਨੂੰ ਪਤਾ ਸੀ ਕਿ ਜਿੰਨੀ ਵੀ ਕਤਲੋ-ਗ਼ਾਰਤ ਵਧੇਗੀ, ਇਨ੍ਹਾਂ ਦੀ ਦਿੱਲੀ ਨਾਲ ਲੈ-ਦੇ ਦੀ ਤਾਕਤ ਵਧੇਗੀ, ਔਰ ਤਾਂ ਹੀ ਉਹ ਵੀ ਇਨ੍ਹਾਂ ਲੀਡਰਾਂ ਦੀ ਵੁੱਕਤ ਪਾਣਗੇ। ਦਲ ਖ਼ਾਲਸਾ ਨੇ ਗਾਂ ਬਾਰੇ ਕੁਝ ਐਲਾਨ ਕੀਤਾ ਸੀ ਪਰ ਉਸ 'ਤੇ ਅਮਲ ਨਹੀਂ ਕਰ ਰਹੇ ਸੀ। ਮਨਮੋਹਨ ਸਿੰਘ ਅਤੇ ਹੋਰ ਗੁਰੂ ਨਾਨਕ ਨਿਵਾਸ ਵਿਚ ਰਹਿੰਦੇ ਸੀ। ਉਹਨਾਂ 'ਤੇ ਵਾਰ ਵਾਰ ਜ਼ੋਰ ਪਾਇਆ ਜਾ ਰਿਹਾ ਸੀ ਕਿ ਆਪਣੇ ਐਲਾਨ 'ਤੇ ਅਮਲ ਕਰੋ। ਉਹਨਾਂ ਮਜਬੂਰ ਹੋ ਕੇ ਗਾਂਵਾਂ ਵੱਢ ਕੇ ਮੰਦਰਾਂ ਵਿਚ ਸਿੱਟੀਆਂ ਔਰ ਫਿਰ ਉਹਨਾਂ ਦੀ ਮਦਦ ਵੀ ਕੀਤੀ ਭੱਜਣ ਵਿਚ ਅਤੇ ਹਰ ਇਕ ਨੂੰ 5000/- ਰੁਪਏ ਨਕਦ ਦਿੱਤੇ। ਸ਼੍ਰੋਮਣੀ ਕਮੇਟੀ ਦਾ ਕਿਹੜਾ ਲੀਡਰ ਸੀ ਜਿਹਨੇ ਮਜਬੂਰ ਕੀਤਾ ? ਟੌਹੜਾ ਯਾ ਕੋਈ ਹੋਰ ? ਇਹੋ ਜਿਹੇ ਦੋਗਲੇ ਲੀਡਰ ਦੁਨੀਆ ਦੇ ਹੋਰ ਕਿਸੇ ਕੌਮ ਵਿਚ ਵੇਖਣ ਨੂੰ ਨਹੀਂ ਮਿਲਦੇ। ਨੌਜੁਆਨਾਂ ਨੂੰ ਗੁਮਰਾਹ ਕਰ ਕੇ ਟੱਬਰਾਂ ਦੇ ਟੱਬਰ ਗ਼ਰਕ ਕਰਵਾ ਦਿੱਤੇ। ਰੱਬ ਵੀ ਇਨ੍ਹਾਂ ਦਾ ਕੁਝ ਨਹੀਂ ਵਿਗਾੜ ਸਕਦਾ। ਕਹਾਵਤ ਹੈ: 'ਮਿਰਜ਼ੇ ਦੀ ਬੱਕੀ ਤੋਂ ਡਰਨ ਫ਼ਰਿਸ਼ਤੇ, ਜੱਟ ਤੋਂ ਡਰੇ ਖ਼ੁਦਾ।'

ਸਿਰਦਾਰ ਸਾਹਿਬ ਦੇ ਭੋਗ 'ਤੇ 22 ਅਗਸਤ 1986 ਨੂੰ ਇਕੱਠ ਦੇਖ ਕੇ ਹੈਰਾਨ ਰਹਿ ਗਿਆ। ਪਿੰਡ ਦੇ ਕਿਸੇ ਵੀ ਘੋੜੀ ਚੋਰ, ਮੱਝ ਚੋਰ ਜਾਂ ਬਲੈਕੀਏ ਦੇ ਭੋਗ 'ਤੇ ਕਿੰਨਾ ਵੱਧ ਇਕੱਠ ਹੁੰਦਾ ਹੈ। ਪਰ ਲੀਡਰ ਕਈ ਪਹੁੰਚੇ ਹੋਏ ਸੀ, ਜਿਨ੍ਹਾਂ ਵਿਚ ਸ: ਬੇਅੰਤ ਸਿੰਘ (ਕਾਂਗਰਸ ਪ੍ਰਧਾਨ ਅਤੇ ਮਗਰੋਂ ਮੁੱਖ ਮੰਤਰੀ), ਕਾਬਲ ਸਿੰਘ, ਜਗਦੇਵ ਸਿੰਘ ਤਲਵੰਡੀ, ਸੁਖਜਿੰਦਰ ਸਿੰਘ, ਬੀਬੀ ਰਾਜਿੰਦਰ ਕੌਰ, ਮਨਜੀਤ ਸਿੰਘ ਕਲਕੱਤਾ, ਭਰਪੂਰ ਸਿੰਘ, ਉਦੋਂ ਦੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦਾ ਸ਼ੋਕ ਸੰਦੇਸ਼ ਐਸ.ਡੀ.ਐਮ. ਨੇ ਆ ਕੇ ਪੜ੍ਹਿਆ। ਬੀਬੀ ਰਾਜਿੰਦਰ ਕੌਰ ਨੇ ਕਿਹਾ ਕਿ ਆਉਣ ਵਾਲੇ ਸਮੇਂ ਸਿਰਦਾਰ ਦੀ ਸੋਚ ਦੀ ਬਹੁਤ ਲੋੜ ਪਏਗੀ, ਪਰ ਉਨ੍ਹਾਂ ਦੀ ਪੁੱਤਰੀ ਨੇ ਕਿਸੇ ਦੀ ਚੁੱਕ ਵਿਚ ਆ ਕੇ, *ਸਾਚੀ ਸਾਖੀ* ਬਾਰੇ ਗ਼ਲਤ ਪ੍ਰਚਾਰ ਕੀਤਾ, ਔਰ ਪ੍ਰਕਾਸ਼ਨ ਬੰਦ ਕਰਵਾ ਦਿੱਤਾ ਪਰ ਸੱਚ ਨੂੰ ਆਂਚ ਨਹੀਂ। ਉਹ ਕਿਤਾਬ ਤਾਂ ਛਪ ਕੇ ਫਿਰ ਬਜ਼ਾਰ ਵਿਚ ਮਿਲ ਰਹੀ ਹੈ। ਮਾਸਟਰ ਤਾਰਾ ਸਿੰਘ ਦੇ ਸਿੱਖ, ਗੁਰੂ ਦੀ ਗ਼ਲਤੀ ਤਾਂ ਕੱਢ ਸਕਦੇ ਹਨ ਪਰ ਤਾਰਾ ਸਿੰਘ ਦੀਆਂ ਗ਼ਲਤੀਆਂ ਮੰਨਣ ਨੂੰ ਤਿਆਰ ਨਹੀਂ। 1975-76 ਵਿਚ ਇਨ੍ਹਾਂ ਸਤਰਾਂ ਦਾ ਲਿਖਾਰੀ ਗੁਰਮਤਿ ਕਾਲਜ ਪਟਿਆਲੇ ਪੜ੍ਹਦਾ ਸੀ। ਇਤਿਹਾਸਕਾਰ ਡਾ: ਗੰਡਾ ਸਿੰਘ ਸਾਨੂੰ ਮੁੰਡਿਆਂ ਨੂੰ ਲੈਕਚਰ ਦੇਣ ਆਏ ਤਾਂ ਉਦੋਂ ਉਨ੍ਹਾਂ ਨੇ ਦੱਸਿਆ ਸੀ ਕਿ ਕੁਝ ਸਿੱਖ ਮੇਰੇ ਕੋਲ ਆਏ ਸੀ ਅਤੇ ਕਹਿਣ ਲੱਗੇ ਕਿ ਤੁਸੀਂ ਮਾਸਟਰ ਤਾਰਾ ਸਿੰਘ ਦੀ ਜੀਵਨੀ ਲਿਖੋ। ਡਾਕਟਰ ਸਾਹਿਬ ਨੇ ਦੱਸਿਆ ਕਿ ਮੈਂ ਉਨ੍ਹਾਂ ਨੂੰ ਕਿਹਾ ਕਿ ਲਿਖ ਤਾਂ ਦਿਆਂਗਾ ਪਰ ਅਗਰ ਉਨ੍ਹਾਂ ਦੇ ਬਰਖ਼ਿਲਾਫ਼ ਕੋਈ ਗੱਲ ਮੇਰੇ ਖੋਜ ਕਾਰਜ ਵਿਚ ਆਈ ਤਾਂ ਮੈਂ ਉਹ ਵੀ ਲਿਖ ਦਿਆਂਗਾ। ਇਹ ਸੁਣ ਕੇ ਫਿਰ ਉਹ ਸਿੱਖ ਮੇਰੇ ਕੋਲ ਨਹੀਂ ਆਏ। ਡਾ: ਗੰਡਾ ਸਿੰਘ ਬੜੇ ਉੱਚ ਕੋਟੀ ਦੇ ਖੋਜੀ ਇਤਿਹਾਸਕਾਰ ਸਨ। ਇਹੋ ਜਿਹਾ ਕੋਈ ਇਕ ਹੀ ਜੰਮਦਾ ਹੈ ਸਦੀਆਂ ਵਿਚ।

ਇਹ ਉਦੋਂ ਦੀ ਗੱਲ ਹੈ ਜਦੋਂ ਮੈਂ ਪਟਿਆਲੇ ਪੜ੍ਹਦਾ ਸੀ। ਇਕ ਸਿੱਖ-ਸਟੂਡੈਂਟਸ ਫੈਡਰੇਸ਼ਨ ਦਾ ਉੱਘਾ ਕਾਰਕੁੰਨ ਅਤੇ ਇਕ ਹੋਰ ਸਹਿ-ਵਿਦਿਆਰਥੀ ਅਤੇ ਮੈਂ, ਸਰਦੀਆਂ ਦੇ ਦਿਨ ਸੀ, ਇਕੱਠੇ ਮੂੰਗਫਲੀਆਂ ਚੱਬਦੇ ਬੱਸ ਅੱਡੇ ਵੱਲ ਤੁਰੇ ਜਾਂਦੇ ਸੀ। ਪੈਟਰੋਲ ਪੰਪ ਦੇ ਲਾਗੇ ਪ੍ਰਕਾਸ਼ ਸਿੰਘ ਬਾਦਲ, ਸਾਬਕਾ ਮੁੱਖ ਮੰਤਰੀ ਆਪਣੀ ਲੰਬੀ ਸਾਰੀ ਕਾਰ ਵਿਚ ਤੇਲ ਪਵਾਂਦੇ ਦਿਖੇ। ਹੋਰ ਸਾਥੀ ਵੀ ਉਨ੍ਹਾਂ ਦੇ ਨਾਲ ਸਨ। ਬਾਦਲ ਸਾਹਿਬ ਦੀ ਅੱਖ ਸਾਡੇ ਨਾਲ ਤੁਰੇ ਜਾਂਦੇ ਨੌਜੁਆਨ ਸਿੱਖ ਲੀਡਰ 'ਤੇ ਪੈ ਗਈ। ਉਸਨੇ ਸਾਨੂੰ ਹੌਲੀ ਜਿਹੀ ਕਿਹਾ, "ਬੁਗ ਨੇ ਵੇਖ ਲਿਆ ਹੈ, ਆਓ ਮਿਲ ਲਈਏ।" ਟੌਹੜੇ ਦੇ ਬੰਦੇ ਬਾਦਲ ਨੂੰ 'ਬੁਗ' ਕਹਿ ਕੇ ਹੀ ਉਹਦੀ ਪਿੱਠ 'ਤੇ ਯਾਦ ਕਰਦੇ ਸੀ। ਅਸੀਂ ਚਲੇ ਗਏ, ਬਾਦਲ ਸਾਹਿਬ ਬੜੇ ਪਿਆਰ ਨਾਲ ਮਿਲੇ। ਕੁਝ ਗੱਲਾਂ ਕਰਨ ਉਪਰੰਤ ਉਨ੍ਹਾਂ ਪੁੱਛਿਆ ਕਿ ਇਹ ਕੌਣ ਹਨ ਤਾਂ ਉਸਨੇ ਦੱਸਿਆ ਕਿ ਇਹ ਸਿਰਦਾਰ ਕਪੂਰ ਸਿੰਘ ਦੇ ਸ਼ਾਗਿਰਦ ਹਨ। ਬਾਦਲ ਸਾਹਿਬ ਆਪ ਹੀ ਕਹਿਣ ਲੱਗੇ ਕਿ ਸਿਰਦਾਰ ਸਾਹਿਬ ਜੋ ਗੱਲ ਕਰਦੇ ਹਨ, ਉਹ ਤਾਂ ਬੜੀ ਦੂਰ ਦੀ ਗੱਲ ਹੈ। ਪਾਸੇ

ਹੋ ਕੇ ਕਹਿਣ ਲੱਗੇ, "ਜਦੋਂ ਸੰਤਾਂ ਨੇ ਮਰਨ ਵਰਤ ਰੱਖਿਆ ਸੀ ਉਦੋਂ ਮੈਂ ਅਕਾਲੀਆਂ ਨੂੰ ਕਿਹਾ ਕਿ ਸੈਂਟਰ ਬਹੁਤ ਡਰੀ ਹੋਈ ਹੈ, ਤੁਸੀਂ ਪੰਜ-ਸੱਤ ਲਾਲੇ ਮਾਰ ਦਿਉ ਅਤੇ ਕੁਝ ਦੁਕਾਨਾਂ ਨੂੰ ਅੱਗ ਲਾ ਦਿਉ, ਆਪੇ ਚੰਡੀਗੜ੍ਹ ਪੰਜਾਬ ਨੂੰ ਦੇ ਦਏਗੀ।" ਅੱਜ ਉਹੀ ਬਾਦਲ ਸਾਹਿਬ ਹਿੰਦੂ-ਸਿੱਖ ਏਕਤਾ ਦੇ ਸਭ ਤੋਂ ਵੱਡੇ ਦਾਹਵੇਦਾਰ ਹਨ ਅਤੇ ਉਹ ਏਕਤਾ ਦਾ ਹੀ ਖੱਟਿਆ ਪੰਜਾਬ ਵਿਚ ਪੂਰੇ ਪੰਜ ਸਾਲ ਰਾਜ ਕੀਤਾ। ਇਹ ਇਨ੍ਹਾਂ ਲੀਡਰਾਂ ਦਾ ਕਿਰਦਾਰ ਹੈ। ਕਿਵੇਂ ਮੌਕੇ ਸਿਰ ਪਲਟਾ ਖਾ ਕੇ ਸੈਂਟਰ ਦੇ ਚਹੇਤੇ ਬਣ ਬੈਠੇ ਅਤੇ 1984 ਦੇ ਫ਼ੌਜੀ ਹਮਲੇ ਦੌਰਾਨ ਕੀ ਰੋਲ ਅਦਾ ਕੀਤਾ ਇਨ੍ਹਾਂ ਟੌਹੜਾ ਅਤੇ ਲੌਂਗੋਵਾਲ ਨੇ। ਇਹ ਤਾਂ ਉਦੋਂ ਦੇ ਗਵਰਨਰ ਬੀ. ਡੀ. ਪਾਂਡੇ ਅਤੇ ਸਰਕਾਰੀ ਫ਼ਾਈਲਾਂ ਵਿਚ ਛੁਪੇ ਤੱਥ ਹੀ ਦੱਸ ਸਕਦੇ ਹਨ।

ਗੁਰਚਰਨ ਸਿੰਘ ਟੌਹੜਾ ਬੜਾ ਸ਼ਾਤਰ ਲੀਡਰ ਸੀ। ਆਮ ਲੋਕਾਂ ਵਿਚ ਉਹਨੂੰ ਈਮਾਨਦਾਰ ਮੰਨਦੇ ਹਨ ਪਰ ਉਹਨੇ ਬੜੀ ਚਲਾਕੀ ਨਾਲ ਗੁਰਦੁਆਰਿਆਂ ਦੀ ਹਜ਼ਾਰਾਂ ਏਕੜ ਜ਼ਮੀਨ, ਕਰੋੜਾਂ ਦੀ ਗੋਲਕ, ਜਾਇਦਾਦ ਔਰ ਹਜ਼ਾਰਾਂ ਹੀ ਮੁਲਾਜ਼ਮ ਆਪਣੇ ਸਿਆਸੀ ਮੁਫ਼ਾਦ ਵਾਸਤੇ ਵਰਤੇ। ਇਥੋਂ ਤਕ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਆਪਣੇ ਸਿਆਸੀ ਮਨੋਰਥ ਵਾਸਤੇ ਪ੍ਰਕਾਸ਼ ਸਿੰਘ ਬਾਦਲ ਦੇ ਖ਼ਿਲਾਫ਼ ਵਰਤਣ ਵਾਸਤੇ ਕੋਸ਼ਿਸ਼ ਕੀਤੀ ਸੀ। ਉਹ ਪੰਜਾਬ ਦਾ ਮੁੱਖ ਮੰਤਰੀ ਬਣਨ ਦੀ ਬੜੀ ਤਗੜੀ ਲਾਲਸਾ ਪਾਲਦਾ ਸੀ। ਬੜੀਆਂ ਚਾਲਾਂ ਚੱਲੀਆਂ ਪਰ ਬਾਦਲ ਨੇ ਨੇੜੇ ਨਾ ਲੱਗਣ ਦਿੱਤਾ ਯਾ ਉਹਦੇ ਭਾਗਾਂ ਵਿਚ ਨਹੀਂ ਸੀ। ਉਸਦੇ ਅੰਦਰ ਧਾਰਮਿਕ ਗੱਲ ਕੋਈ ਵੀ ਨਹੀਂ ਸੀ, ਬਲਕਿ ਉਹ ਇਕ ਸ਼ਾਤਰ ਕੌਮਨਿਸਟ ਅਤੇ ਮਚਲੇ ਜੱਟ ਦਾ ਮਿਲਗੋਭਾ ਸੀ। ਵੈਸੇ ਆਮ ਕਰਕੇ ਮੰਨਿਆ ਜਾਂਦਾ ਹੈ ਕਿ ਜੱਟ ਐਨਾ ਸ਼ਾਤਰ ਦਿਮਾਗ ਨਹੀਂ ਹੁੰਦਾ। ਕਈ ਉਸਦੀਆਂ ਸਿਆਸੀ ਚਾਲਾਂ ਨੂੰ ਲੂੰਬੜ ਚਾਲਾਂ ਵੀ ਕਹਿੰਦੇ ਸੀ ਔਰ ਉਸਨੂੰ ਲੂੰਬੜ। *ਇੰਡੀਆ ਟੂਡੇ* (ਅਕਤੂਬਰ 1997) ਮੁਤਾਬਕ ਉਹਨੇ ਖ਼ੁਦ ਮੰਨਿਆ ਸੀ ਕਿ ਉਹਨੇ 1947 ਵਿਚ ਇਕ ਮੁਸਲਮਾਨ ਮਾਰ ਦਿੱਤਾ ਸੀ। ਜਦੋਂ ਬੇਗੁਨਾਹ ਹਿੰਦੂ ਬੱਸ 'ਚੋਂ ਕੱਢ ਕੇ ਮਾਰੇ ਤਾਂ ਹੱਸ ਕੇ ਕਹਿਣ ਲੱਗਾ, "ਖੜਕਾ ਦੜਕਾ ਹੋਣ ਦਿਉ।" ਮਗਰੋਂ ਜਦੋਂ ਆਪਣੇ 'ਤੇ ਹਮਲਾ ਹੋਇਆ ਤਾਂ ਖਾੜਕੂਆਂ ਦੀਆਂ ਮੁਖ਼ਬਰੀਆਂ ਕਰਕੇ ਮਰਵਾਉਣ ਲੱਗ ਗਿਆ। ਸਿਰੇ ਦਾ ਮਤਲਬ-ਪ੍ਰਸਤ ਅਤੇ ਦੋਗਲਾ। ਅਕਾਲੀਆਂ ਨੇ ਪੰਥ ਰਤਨ ਬਣਾ ਦਿੱਤਾ। ਜਿਹੋ ਜਿਹੇ ਲੋਕ, ਉਹੋ ਜਿਹੇ ਲੀਡਰ।

ਅਕਾਲੀ ਲੀਡਰਾਂ ਦੀਆਂ ਗ਼ਦਾਰੀਆਂ ਤਾਂ ਸਰਕਾਰ ਦੀਆਂ ਸੀਕਰਟ ਫ਼ਾਈਲਾਂ ਵਿਚ ਬੰਦ ਹਨ। ਇਹ ਤਾਂ ਸ਼ਾਇਦ ਅੱਜ ਤੋਂ 30-40 ਸਾਲ ਬਾਅਦ ਆਮ ਖੋਜੀਆਂ ਵਾਸਤੇ ਖੋਲ੍ਹੀਆਂ ਜਾਣ। 'ਤਬ ਜਾਣੋਗੇ ਜਬ ਉਘਰੈਗੋ ਪਾਜੁ।' ਕਾਂਗਰਸੀਆਂ ਨੇ ਤਾਂ ਸਿੱਖਾਂ ਦਾ ਨਾਸ਼ ਕਰਨਾ ਹੀ ਕਰਨਾ ਹੈ ਕਿਉਂਕਿ ਉਹ ਹਿੰਦੂ ਪਾਰਟੀ ਹੈ ਸੈਕੂਲਰਇਜ਼ਮ ਦੀ ਖੰਡ ਉਪਰ ਚੜ੍ਹਾਈ ਹੈ ਔਰ ਸਿੱਖਾਂ ਦਾ ਨਾਸ਼ ਕਰਨ ਵਾਸਤੇ ਪ੍ਰਤਾਪ ਸਿੰਘ ਕੈਰੋਂ, ਦਰਬਾਰਾ ਸਿੰਘ, ਬੇਅੰਤ ਸਿੰਘ, ਜ਼ੈਲ ਸਿੰਘ, ਆਦਿ ਪਾਲੇ ਹੋਏ ਸਨ ਔਰ ਹਨ। ਪਰ

ਅਸਲ ਗ਼ਦਾਰੀ ਤਾਂ ਅਕਾਲੀਆਂ ਨੇ ਕੀਤੀ ਜਿਹੜੀ ਪੰਥਕ ਪਾਰਟੀ ਅਤੇ ਸਿੱਖ ਹੱਕਾਂ ਲਈ ਬਣਾਈ ਗਈ ਸੀ। ਇਨ੍ਹਾਂ ਦਾ ਕਿਰਦਾਰ ਇਸ ਕਦਰ ਤਕ ਗਿਰ ਚੁੱਕਿਆ ਹੈ ਕਿ ਇਹ ਨਿੱਜੀ ਮੁਫ਼ਾਦ ਖ਼ਾਤਰ ਅਤੇ ਪੈਸੇ ਖ਼ਾਤਰ ਘਟੀਆ ਤੋਂ ਘਟੀਆ ਕੰਮ ਵੀ ਕਰ ਸਕਦੇ ਹਨ। ਫ਼ੌਜੀ ਹਮਲਾ ਹਰਿਮੰਦਰ ਸਾਹਿਬ 'ਤੇ ਕਰਵਾ ਸਕਦੇ ਹਨ। ਇਸ ਨੀਚ ਘਟਨਾਂ ਦੇ ਸਾਰੇ ਨਿਸ਼ਾਨ ਇਨ੍ਹਾਂ ਅਕਾਲੀਆਂ ਨੇ ਦਿੱਲੀ ਸਰਕਾਰ ਨਾਲ ਮਿਲ ਕੇ ਮਿਟਵਾਏ। ਕਿਉਂ ਨਹੀਂ ਸਾਂਭੇ ਜਲ੍ਹਿਆਂ ਵਾਲੇ ਬਾਗ ਵਾਂਗੂ ? ਇੰਦਰਾ ਨੇ ਅਕਾਲ ਤਖ਼ਤ ਤੇ ਹਰਿਮੰਦਰ ਸਾਹਿਬ ਨੂੰ ਕੀ ਡੇਗਣਾ ਸੀ। ਅਸਲ ਵਿਚ ਤਾਂ ਡੇਗਣਾ ਸੀ, ਉਸ ਵਿਅਕਤੀ ਨੂੰ ਜੋ ਜ਼ਮੀਰ ਦੇ ਮਰੇ ਹੋਏ ਅਤੇ ਪਤਿਤ ਸਿੱਖਾਂ ਨੂੰ ਦੁਬਾਰਾ ਸਿੰਘ ਬਣਾ ਰਿਹਾ ਸੀ।

ਇਨ੍ਹਾਂ ਅਕਾਲੀਆਂ ਦਾ ਅਸਲ ਰੂਪ ਅਤੇ ਕਿਰਦਾਰ ਵੇਖਣਾ ਹੋਵੇ ਤਾਂ ਦਾਰੂ, ਮੁਰਗਾ, ਮੱਛੀ ਆਦਿ ਖੁੱਲ੍ਹੀ ਚੱਲਣ ਦਿਉ, ਸ਼ਾਮ ਨੂੰ, ਫੇਰ ਵੇਖੋ ਹਰ ਇਕ ਦੀ ਧੀ ਭੈਣ ਦੀ ਮਿੱਟੀ ਪੁੱਟਣਗੇ। ਆਪਣੇ ਪਿੰਡ ਅਤੇ ਪਾਰਟੀ ਤਕ ਨਹੀਂ ਬਖ਼ਸ਼ਦੇ। ਲੱਗਦਾ ਹੈ ਰੱਬ ਵੀ ਇਨ੍ਹਾਂ ਤੋਂ ਥਰ-ਥਰ ਕੰਬਦਾ ਹੋਣੈ, ਤਾਹੀਉਂ ਇਨ੍ਹਾਂ ਦਾ ਕੁਝ ਵਿਗਾੜ ਨਹੀਂ ਸਕਿਆ ਅੱਜ ਤਕ।

ਇਕ ਪੜ੍ਹੇ-ਲਿਖੇ ਦੀ ਸੁਣ ਲਉ। ਅਕਾਲੀਆਂ ਦੇ ਉੱਘੇ ਵਕੀਲ ਗਰੇਵਾਲ ਨਾਲ ਬੈਠਾ ਮੈਂ ਆਪਣੇ ਕੇਸ ਬਾਰੇ ਗੱਲਬਾਤ ਕਰ ਰਿਹਾ ਸੀ। ਉਨ੍ਹਾਂ ਦਾ ਮੁੰਡਾ ਵੀ ਕੋਲ ਬੈਠਾ ਸੀ। ਸਿੱਖ ਸਿਆਸਤ ਦੀ ਗੱਲ ਕਰਦੇ-ਕਰਦੇ ਅਨੰਦਪੁਰ ਦੇ ਮਤੇ ਦੀ ਗੱਲ ਛਿੜ ਪਈ। ਵਿਦਵਾਨ ਵਕੀਲ ਭੁੜਕ ਕੇ ਬੋਲਿਆ, "ਅਨੰਦਪੁਰ ਦਾ ਮਤਾ ਕਪੂਰ ਸਿੰਘ ਦੀ ਅਕਾਲੀਆਂ ਦੀ... ਵਿਚ ਡਾਂਗ ਹੈ, ਨਾ ਵਾੜੀ ਜਾ ਸਕਦੀ ਹੈ ਅਤੇ ਨਾ ਹੀ ਕੱਢੀ ਜਾ ਸਕਦੀ ਹੈ।" ਇਸ ਦਲੀਲ 'ਤੇ ਵਕੀਲ ਤਾਂ ਖ਼ੁਸ਼ ਸੀ ਪਰ ਉਸ ਦਾ ਮੁੰਡਾ ਅਤੇ ਮੈਂ ਸ਼ਰਮਸਾਰ ਜ਼ਰੂਰ ਹੋਏ।

ਸਿਰਦਾਰ ਸਾਹਿਬ ਥੋੜ੍ਹਾ ਸ਼ੱਕੀ ਸੁਭਾਅ ਦੇ ਸਨ। ਉਨ੍ਹਾਂ ਨੂੰ ਕੋਈ ਨਵਾਂ ਬੰਦਾ ਮਿਲਣ ਆਉਂਦਾ ਤਾਂ ਉਹ ਉਹਦੇ ਨਾਲ ਬਹੁਤੀ ਖੁੱਲ੍ਹ ਕੇ ਗੱਲ ਨਹੀਂ ਸਨ ਕਰਦੇ ਕਿ ਸ਼ਾਇਦ ਉਹ ਸਰਕਾਰ ਦਾ ਜਾਂ ਸੀ. ਆਈ. ਡੀ. ਦਾ ਬੰਦਾ ਨਾ ਹੋਵੇ। ਜਿਹੜਾ ਬੰਦਾ ਉਨ੍ਹਾਂ ਨੂੰ ਸਿਆਸਤ ਬਾਰੇ ਬਹੁਤ ਸਵਾਲ ਕਰੇ, ਉਸ ਨਾਲ ਬਹੁਤੀ ਖੁੱਲ੍ਹ ਕੇ ਗੱਲ ਨਹੀਂ ਸਨ ਕਰਦੇ। ਇਸ ਕਰਕੇ ਉਨ੍ਹਾਂ ਦੇ ਕਈ ਚਾਹਵਾਨ ਵੀ ਨਿਰਾਸ਼ ਮੁੜ ਜਾਂਦੇ ਸਨ।

ਸਿਰਦਾਰ ਸਾਹਿਬ ਦੇ ਸਿਆਸੀ ਵਿਚਾਰਾਂ ਕਰਕੇ ਉਨ੍ਹਾਂ ਨੂੰ ਪੰਜਾਬ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਬੁਲਾਉਣਾ ਅਲਿਖਤੀ ਰੂਪ ਵਿਚ ਮਨ੍ਹਾ ਸੀ। ਕਿਤੇ ਪੜ੍ਹੇ-ਲਿਖੇ ਸਿੱਖ ਉਨ੍ਹਾਂ ਦੇ ਮਗਰ ਨਾ ਲੱਗ ਜਾਣ। ਸਿਰਫ਼ ਬੀਬੀ ਇੰਦਰਜੀਤ ਕੌਰ ਸੰਧੂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲੇ ਬੁਲਾਇਆ ਸੀ। ਜਾਂ ਫਿਰ ਸ: ਭਰਪੂਰ ਸਿੰਘ ਰਜਿਸਟਰਾਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਬੁਲਾਇਆ ਸੀ। ਉਨ੍ਹਾਂ ਦੀਆਂ ਗ਼ੈਰ-ਸਿਆਸੀ ਲਿਖਤਾਂ ਗੁਰੂ ਨਾਨਕ ਦੇਵ

ਯੂਨੀਵਰਸਿਟੀ ਨੇ ਉਨ੍ਹਾਂ ਦੇ ਮਰਨ ਉਪਰੰਤ ਛਪਵਾਈਆਂ ਹਨ, ਪਰ ਉਨ੍ਹਾਂ ਦੀਆਂ ਸਿਆਸੀ ਲਿਖਤਾਂ ਛਾਪਣ ਨੂੰ ਕੋਈ ਤਿਆਰ ਨਹੀਂ। ਹਾਂ, ਜਦੋਂ ਸ: ਹਰਿੰਦਰ ਸਿੰਘ ਖ਼ਾਲਸਾ ਸ਼੍ਰੋਮਣੀ ਕਮੇਟੀ ਦੇ ਕੁਝ ਸਮੇਂ ਲਈ ਸਕੱਤਰ ਬਣੇ, ਉਨ੍ਹਾਂ ਨੇ *ਸਾਚੀ ਸਾਖੀ* ਕਿਤਾਬ ਛਪਵਾਈ। ਸਿਰਦਾਰ ਸਾਹਿਬ ਦਾ ਵਿਚਾਰ ਸੀ ਕਿ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਅਸਲ ਸਿੱਖ ਵਿਚਾਰ ਅਤੇ ਇਤਿਹਾਸ 'ਤੇ ਖੋਜ ਨਹੀਂ ਹੋ ਰਹੀ ਹੈ। ਬਹੁਤ ਗੁੰਮਰਾਹ-ਕੁੰਨ ਖੋਜੀ ਬੈਠੇ ਨੇ ਅਤੇ ਆਪਣੇ ਸਿਆਸੀ ਆਕਾ ਨੂੰ ਖ਼ੁਸ਼ ਕਰਨ ਖ਼ਾਤਰ ਅਤੇ ਤਰੱਕੀਆਂ ਲੈਣ ਖ਼ਾਤਰ ਕੁਝ ਵੀ ਲਿਖ ਮਾਰਦੇ ਹਨ। ਜਿਵੇਂ ਡਾ: ਫ਼ੌਜਾ ਸਿੰਘ ਬਾਜਵਾ ਨੇ ਗੁਰੂ ਤੇਗ਼ ਬਹਾਦਰ ਸਾਹਿਬ ਬਾਰੇ ਗ਼ਲਤ ਲਿਖਿਆ ਸੀ (ਤਾਂ ਕਿ ਯੂਨੀਵਰਸਿਟੀ ਦਾ ਵਾਈਸ ਚਾਂਸਲਰ ਬਣ ਸਕੇ) ਅਤੇ ਉਨ੍ਹਾਂ ਹੀ ਗ਼ਲਤ ਲੀਹਾਂ 'ਤੇ ਡਾ: ਸਤੀਸ਼ ਚੰਦਰ ਨੇ ਐਨ. ਸੀ. ਈ. ਆਰ. ਟੀ. ਦੀਆਂ ਕਿਤਾਬਾਂ ਵਿਚ ਗ਼ਲਤ ਬਿਆਨੀਆਂ ਕੀਤੀਆਂ। ਅਸਲ ਵਿਚ ਸਿਆਰੁਲ-ਮੁਤਾਖ਼ਰੀਨ ਦਾ ਅੰਗਰੇਜ਼ੀ ਵਿਚ ਤਰਜਮਾ ਗ਼ਲਤ ਕੀਤਾ ਗਿਆ ਸੀ। ਮੂਲ ਦਸਤਾਵੇਜ਼ ਵਿਚ ਉਹ ਕੁਝ ਨਹੀਂ ਲਿਖਿਆ ਹੋਇਆ, ਜੋ ਇਨ੍ਹਾਂ ਅਖੌਤੀ ਵਿਦਵਾਨ ਖੋਜੀਆਂ ਨੇ ਲਿਖ ਦਿੱਤਾ। ਇਹ ਗੱਲ ਡਾ: ਗੰਡਾ ਸਿੰਘ ਨੇ 1950 ਵਿਚ ਦੱਸ ਦਿੱਤੀ ਸੀ। ਪਰ ਡਾ: ਫ਼ੌਜਾ ਸਿੰਘ ਬਾਜਵਾ ਜਾਣ-ਬੁੱਝ ਕੇ ਮਚਲਾ ਬਣ ਗਿਆ ਸੀ। ਸਿਰਦਾਰ ਸਾਹਿਬ ਇਨ੍ਹਾਂ ਨੂੰ ਵਿਅੰਗ ਨਾਲ ਡੀ. ਡੀ. ਟੀ., ਐਮ. ਐਮ. ਟੀ., ਐਲ. ਟੀ. ਟੀ. ਡਿਗਰੀ ਪ੍ਰਾਪਤ ਕਰਤਾ ਪ੍ਰੋਫ਼ੈਸਰ ਕਹਿੰਦੇ ਸਨ। ਭੇਡ-ਚਾਲ ਤਹਿਤ ਅਗਾਂਹਵਧੂ ਕੌਮਨਿਸਟਾਂ, ਕਾਂਗਰਸੀਆਂ, ਜਨਸੰਘੀ ਅਤੇ ਦੋਗ਼ਲੇ ਅਕਾਲੀਆਂ ਦਾ ਜ਼ੋਰ ਸੀ। ਔਰ ਇਨ੍ਹਾਂ ਸਾਰਿਆਂ ਦਾ ਮੁਸ਼ਤਰਕਾ ਜ਼ੋਰ ਸੀ ਕਿ ਸਿੱਖ ਵਿਚਾਰਧਾਰਾ ਪ੍ਰਫੁੱਲਤ ਨਾ ਹੋ ਸਕੇ। ਸਿਰਦਾਰ ਸਾਹਿਬ ਦੀ *ਪਰਾਸ਼ਰ ਪਰਸ਼ਨਾ* 15 ਸਾਲ ਯੂਨੀਵਰਸਿਟੀ ਵਿਚ ਪਈ ਰਹੀ ਪਰ ਛਪੀ ਨਹੀਂ ਉਨ੍ਹਾਂ ਦੇ ਜੀਉਂਦੇ-ਜੀ। ਹਰ ਲੰਡੀ-ਬੁੱਚੀ ਦੀ ਕਿਤਾਬ ਛੱਪ ਗਈ, ਪਰ ਉਨ੍ਹਾਂ ਦੀ ਕਿਤਾਬ ਨਹੀਂ ਛਪੀ। 1986 ਵਿਚ ਸਿਰਦਾਰ ਸਾਹਿਬ ਦੇ ਪੂਰੇ ਹੋਣ ਉਪਰੰਤ ਸ਼੍ਰੋਮਣੀ ਕਮੇਟੀ ਨੇ ਮਤਾ ਪਾਸ ਕੀਤਾ ਕਿ ਸਿਰਦਾਰ ਸਾਹਿਬ ਦੀਆਂ ਸਾਰੀਆਂ ਲਿਖਤਾਂ ਛਾਪੇਗੀ, ਪਰ ਛਾਪੀ ਕੋਈ ਨਹੀਂ। ਜਦ ਮੈਂ ਜਾ ਕੇ ਕਿਹਾ ਤਾਂ ਅੱਗੋਂ ਜੁਆਬ ਮਿਲਿਆ, "ਟੌਹੜਾ ਸਾਹਿਬ ਨਹੀਂ ਮੰਨਦੇ।"

ਸਿਰਦਾਰ ਕਪੂਰ ਸਿੰਘ ਲਾਇਲਪੁਰ ਦੇ ਪਿੰਡ (ਚੱਕ) ਵਿਚ ਪੈਦਾ ਹੋਏ, ਧਾਲੀਵਾਲ ਜੱਟ ਸਨ। ਪਰ ਉਹ ਏਨੇ ਕੁ ਪੱਕੇ ਸਿੱਖ ਸਨ ਕਿ ਉਨ੍ਹਾਂ ਨੂੰ ਜਾਤ, ਜਮਾਤ, ਪਾਰਟੀ ਨਾਲ ਬਹੁਤਾ ਲਗਾਵ ਨਹੀਂ ਸੀ। ਇਥੇ ਇਹ ਲਿਖਣਾ ਜ਼ਰੂਰੀ ਹੈ ਕਿ 1931 ਦੀ ਮਰਦਮ ਸ਼ੁਮਾਰੀ ਮੁਤਾਬਕ ਕੁਲ ਸਿੱਖਾਂ ਦਾ 66% ਹਿੱਸਾ ਜੱਟ, 12% ਦਲਿਤ, 8% ਰਾਮਗੜ੍ਹੀਏ, 4% ਅਰੋੜੇ, 3% ਕੰਬੋਜ, 2% ਸੈਣੀ, 2% ਖਤਰੀ ਅਤੇ ਬਾਕੀ ਦੇ 3% ਵਿਚ ਬ੍ਰਾਹਮਣ, ਰਾਜਪੂਤ, ਆਹਲੂਵਾਲੀਆ ਆਦਿ ਹਨ। ਉਹ ਚਾਹੁੰਦੇ ਸਨ ਕਿ ਸਿੱਖ ਇਕੱਠੇ ਰਹਿਣ ਜਿਵੇਂ ਗੁਰੂ ਨੇ ਦੱਸਿਆ ਹੈ। ਇਸ ਵਿਚ ਹੀ ਉਨ੍ਹਾਂ ਦਾ ਫ਼ਾਇਦਾ ਹੈ, ਨਹੀਂ ਤਾਂ ਕਮਜ਼ੋਰ ਹੋ ਕੇ ਖੇਰੂੰ-ਖੇਰੂੰ ਹੋ ਜਾਣਗੇ। ਕੀ ਲੀਡਰ ਉਹ ਚਾਹੀਦੇ

ਹਨ ਜੋ ਜਾਤੀਵਾਦ ਦੀ ਖੇਡ ਵਿਚ ਨਿੱਜੀ ਮੁਫ਼ਾਦ ਲੱਭਣ ਯਾ ਉਹ ਜਿਹੜੀ ਸਮੁੱਚੀ ਕੌਮ ਨੂੰ ਨਾਲ ਲੈ ਕੇ ਚੱਲਣ ? ਦਲਿਤਾਂ ਬਾਰੇ ਉਹ ਖ਼ਾਸ ਲਿਖਦੇ ਹਨ, "**ਅਸੀਂ ਅਖੌਤੀ ਨੀਚ ਜਾਤੀਆਂ ਨੂੰ ਗੁਰੂ ਸਿੱਖੀ ਦੀ ਟੇਕ ਦੇ ਕੇ ਬਰਾਬਰ ਕਰਨ ਦੀ ਗੁਰੂ ਆਗਿਆ ਨੂੰ ਪਿੱਠ ਦੇ ਕੇ ਹਰੀਜਨ ਕਲਿਆਣ, ਅਛੂਤਾਂ ਦੀ ਸਹਾਇਤਾ ਆਦਿ ਕੂਟਲਨੀਤੀ ਦੀ ਉਪਜ ਯੋਜਨਾਵਾਂ ਦੀ ਹਿਮਾਇਤ ਕੀਤੀ ਅਤੇ ਅੱਜ ਇਕ 'ਹਰੀਜਨ' ਭੀ ਪੰਥ ਨਾਲ ਸਿਆਸੀ ਕਿਸਮਤ ਸਾਂਝੀ ਕਰਨ ਲਈ ਤਿਆਰ ਨਹੀਂ।**" ਕਾਂਗਰਸ ਹਮੇਸ਼ਾ ਇਨ੍ਹਾਂ ਦੀ ਵੋਟ ਨਾਲ ਰਾਜ ਕਰਦੀ ਰਹੀ ਹੈ। ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ 90% ਸਿੱਖ ਨੀਵੀਆਂ ਤੇ ਸ਼ੂਦਰ ਜਾਤੀਆਂ ਵਿੱਚੋਂ ਹਨ। ਸਾਨੂੰ ਦਲਿਤ ਭਰਾਵਾਂ ਨੂੰ ਨਾਲ ਰੱਖਣਾ ਚਾਹੀਦਾ ਹੈ। ਜਾਤ ਦੇ ਨਾਂ 'ਤੇ ਇਕ ਦੂਜੇ ਨੂੰ ਨਫ਼ਰਤ ਗੁਰੂ ਮਤਿ ਦੀ ਘੋਰ ਉਲੰਘਣਾ ਹੈ, ਜਿਹੜੀ ਕਿ ਕੌਮ ਨੂੰ ਤਬਾਹ ਕਰ ਕੇ ਗ਼ੁਲਾਮੀ ਵੱਲ ਲਿਜਾਏਗੀ। ਸਿਰਦਾਰ ਸਾਹਿਬ ਅਕਸਰ ਕਿਹਾ ਕਰਦੇ ਸਨ ਕਿ ਜਦ ਤਕ ਟੌਹੜਾ, ਬਾਦਲ, ਤਲਵੰਡੀ, ਬਰਨਾਲਾ, ਉਮਰਾ ਨੰਗਲ, ਬਲਵੰਤ ਸਿੰਘ ਆਦਿ ਸਿੱਖਾਂ ਦੇ ਲੀਡਰ ਹਨ, ਕੌਮ ਦਾ ਕੁਝ ਵੀ ਨਹੀਂ ਸੰਵਰਨਾ। ਇਹੋ ਗੱਲ ਉਨ੍ਹਾਂ ਨੇ ਸੰਤ ਜਰਨੈਲ ਸਿੰਘ ਨੂੰ ਵੀ ਕਹੀ ਸੀ ਪਰ ਸੰਤ ਸਿਆਸਤ ਨਹੀਂ ਸਨ ਜਾਣਦੇ, ਇਸ ਕਰਕੇ ਉਹ ਮਾਰ ਖਾ ਗਏ ਔਰ ਕੌਮ ਦਾ ਕੁਝ ਨਹੀਂ ਸੁਆਰ ਸਕੇ। ਆਪਣੀ ਜਾਨ ਗੁਆ ਕੇ ਇਨ੍ਹਾਂ ਖ਼ੁਦਗ਼ਰਜ਼ ਅਕਾਲੀਆਂ ਦੇ ਵੱਸ ਫਿਰ ਕੌਮ ਨੂੰ ਪਾ ਗਏ। ਇਥੇ ਇਹ ਲਿਖਣਾ ਜ਼ਰੂਰੀ ਹੈ ਕਿ ਉਦੋਂ ਸੰਤ ਲੌਂਗੋਵਾਲ ਬਾਰੇ ਉਨ੍ਹਾਂ ਦੇ ਵਿਚਾਰ ਸਨ ਕਿ ਉਹ ਦੋਵੇਂ ਵੇਲੇ ਪਾਠ ਕਰਦਾ ਹੈ, ਦਗ਼ਾ ਨਹੀਂ ਕਰੇਗਾ ਪਰ ਵਕਤ ਆਉਣ 'ਤੇ ਉਹਨੇ ਇਹੋ ਜਿਹਾ ਦਗ਼ਾ ਕੀਤਾ ਕਿ ਬੰਦਾ ਸੋਚ ਨਹੀਂ ਸਕਦਾ। ਆਪ ਟੈਲੀਫ਼ੋਨ ਕਰ-ਕਰ ਕੇ ਫ਼ੌਜ ਸੱਦੀ। (ਪੜ੍ਹੋ ਮਾਰਕ ਟਲੀ ਦੀ ਕਿਤਾਬ *ਅੰਮ੍ਰਿਤਸਰ*) ਅਤੇ ਇਸ ਕਿਤਾਬ ਦੇ ਪੰਨਾ 27 'ਤੇ ਦਰਜ ਸੀਨੀਅਰ ਇੰਟੈਲੀਜੈਂਸ ਅਫਸਰ ਐੱਮ.ਕੇ. ਧਰ ਦੀ ਰੀਪੋਰਟ ਜਦੋਂ ਭਾਰਤ ਸਰਕਾਰ ਨੇ ਜੋਧਪੁਰ ਬੰਦ ਲੀਡਰਾਂ ਨਾਲ ਗੱਲ ਕਰਨੀ ਸ਼ੁਰੂ ਕੀਤੀ ਤਾਂ ਲੌਂਗੋਵਾਲ ਕਹਿੰਦਾ, "ਅਗਰ ਮੁੰਡਿਆਂ ਨਾਲ ਗੱਲ ਕਰੋਗੇ ਤਾਂ ਮੈਂ ਤੁਹਾਡੇ ਨਾਲ ਲੈਣ ਦੇਣ ਨਹੀਂ ਕਰਾਂਗਾ।" ਉਦੋਂ ਹੀ ਪ੍ਰਚੱਲਤ ਸੀ : 'ਪੰਥ ਦੇ ਤਿੰਨ ਗੱਦਾਰ ਟੌਹੜਾ, ਬਾਦਲ, ਲੌਂਗੋਵਾਲ' ਅਤੇ 'ਪੰਥ ਦੇ ਤਿੰਨ ਪਾਖੰਡੀ ਟੌਹੜਾ, ਬਾਦਲ ਤੇ ਤਲਵੰਡੀ'। ਸੰਤ ਲੌਂਗੋਵਾਲ ਦੇ ਨਾਂ 'ਤੇ ਵੱਖ-ਵੱਖ ਬੈਂਕਾਂ ਵਿਚ 47 ਲੱਖ ਰੁਪੈ ਜਮ੍ਹਾਂ ਸਨ। ਇਹ ਪੈਸੇ ਕਿਧਰੋਂ ਆਏ ਤੇ ਕਿਧਰ ਗਏ (*ਅਜੀਤ*, 15.9.1988)। ਕਿੰਨੇ ਈਮਾਨਦਾਰ ਸਨ ਲੌਂਗੋਵਾਲ ਅਤੇ ਅਕਾਲੀ!

ਇਕ ਦਿਨ ਮੈਂ ਉਨ੍ਹਾਂ ਨੂੰ ਸੁਝਾਅ ਦਿੱਤਾ ਕਿ ਤੁਸੀਂ ਆਪਣੀਆਂ ਲੋਕ ਸਭਾ ਅਤੇ ਪੰਜਾਬ ਵਿਧਾਨ ਸਭਾ ਦੀਆਂ ਸਪੀਚਾਂ ਛਪਵਾ ਕੇ ਵੰਡੋ ਤਾਂ ਕਿ ਲੋਕ ਪੜ੍ਹਨ। ਕਹਿਣ ਲੱਗੇ, "ਬੜੀਆਂ ਵੰਡੀਆਂ ਨੇ ਪਰ ਸਿੱਖ ਪੜ੍ਹਦੇ ਨਹੀਂ। ਲਿਜਾ ਕੇ ਪਕੌੜਿਆਂ ਦੀ ਦੁਕਾਨ 'ਤੇ ਕਹਿਣਗੇ ਕਿ ਭਾਈ ਇਸ ਵਿਚ ਪਤੌੜ ਪਾ ਦੇਹ ਤੇ ਖਾ ਪੀ ਕੇ ਸੁੱਟ ਦੇਣਗੇ। ਸਿੱਖ ਸ਼ਰਾਬ, ਮੁਰਗੇ ਵਾਸਤੇ ਮਿੰਟ ਵਿਚ 100 ਰੁਪਏ (ਅੱਜ ਕੱਲ 1000

ਰੁਪਏ) ਖ਼ਰਚ ਕਰ ਦੇਵੇਗਾ, ਪਰ ਪੜ੍ਹਨ ਵਾਸਤੇ ਦੁਆਨੀ ਦੀ ਅਖ਼ਬਾਰ ਨਹੀਂ ਖ਼ਰੀਦਦਾ, ਕੋਈ ਕਿਤਾਬ ਕੀ ਖ਼ਰੀਦੇਗਾ ਪੜ੍ਹਨ ਵਾਸਤੇ ਜੇ ਪੜ੍ਹ ਲਿਆ ਤਾਂ ਅਸਰ ਕੋਈ ਨਹੀਂ।" ਇਨ੍ਹਾਂ ਸਤਰਾਂ ਦੇ ਲਿਖਾਰੀ ਨੇ ਸੌ ਦੇ ਕਰੀਬ *ਸਾਚੀ ਸਾਖੀ*, ਸੌ ਦੇ ਕਰੀਬ *ਬਿਖੁ ਮਹਿ ਅੰਮ੍ਰਿਤੁ* ਅਤੇ ਚਾਲ੍ਹੀ *Me Judice*. ਖ਼ਰੀਦ ਕੇ ਵੰਡੀਆਂ। ਅਸਰ ਚਿਕਨੇ ਘੜੇ 'ਤੇ ਪਾਣੀ ਵਰਗਾ।

ਸਿਰਦਾਰ ਸਾਹਿਬ ਨੇ ਮੈਨੂੰ ਇਕ ਵੇਰਾਂ ਦੱਸਿਆ, ਜਦ ਅਕਾਲੀਆਂ ਦਾ ਰਾਜ ਪੰਜਾਬ ਵਿਚ ਹੋਣ ਲੱਗਾ ਤਾਂ ਸੰਤ ਫ਼ਤਿਹ ਸਿੰਘ ਨੇ ਉਨ੍ਹਾਂ ਨੂੰ ਕਿਹਾ, "**ਬਡੀ ਬਜ਼ੀਰੀ (ਮੁੱਖ ਮੰਤਰੀ) ਤੇ ਤੇਰਾ ਹੱਕ ਹੈ ਕਪੂਰ ਸਿਆਂ, ਪਰ ਕਬਾਰਾਂ ਨੂੰ ਬਿਆਨ ਦੇਣੇ ਬੰਦ ਕਰ ਦੇਹ।**" ਸਿਰਦਾਰ ਦਾ ਜਵਾਬ ਸੀ ਕਿ ਇਨ੍ਹਾਂ ਰਾਜ ਸਰਕਾਰਾਂ ਕੋਲ ਮਿਊਂਸਿਪਲ ਕਮੇਟੀ ਜਿੰਨੀ ਤਾਕਤ ਹੈ। ਸੈਂਟਰ ਜਦ ਚਾਹੇ ਗਵਰਨਰ ਦੀ ਚੁਆਨੀ ਦੀ ਚਿੱਠੀ ਤੇ ਇਸ ਨੂੰ ਬਰਖ਼ਾਸਤ ਕਰ ਸਕਦੀ ਹੈ। ਔਰ ਅਕਾਲੀਆਂ ਨਾਲ ਧਾਰਾ 356 ਤਹਿਤ ਹਰ ਵਾਰ ਇਹੋ ਧੱਕਾ ਹੋਇਆ। ਇੰਦਰਾ ਗਾਂਧੀ ਨੇ ਕਦੇ ਵੀ ਸਰਕਾਰ ਚੱਲਣ ਨਹੀਂ ਦਿੱਤੀ। ਇਥੇ ਇਹ ਲਿਖਣਾ ਜ਼ਰੂਰੀ ਹੈ ਕਿ ਸੰਤ ਫ਼ਤਿਹ ਸਿੰਘ ਤੇ ਉਸਦੇ ਉੱਤਰ-ਅਧਿਕਾਰੀ ਅਕਾਲੀ ਦਲ ਨੇ ਸਿਰਦਾਰ ਸਾਹਿਬ ਨੂੰ ਕਦੇ ਵੀ ਕੋਈ ਪੋਸਟ ਨਹੀਂ ਦਿੱਤੀ। ਰਾਜ ਸਭਾ ਵਿਚ ਆਪਣੇ ਹੀ ਗੁੰਗੇ ਭਲਵਾਨ ਭੇਜਦੇ ਰਹੇ। ਕਦੇ ਕੋਈ ਸਿੱਖ ਮਸਲਾ ਟੌਹੜੇ, ਤਲਵੰਡੀ ਨੇ ਨਹੀਂ ਚੁੱਕਿਆ, ਬਲਕਿ ਕਾਮਰੇਡ ਸੁਰਜੀਤ ਰਾਜ ਸਭਾ ਭੇਜ ਦਿੱਤਾ; ਕਪੂਰ ਸਿੰਘ ਨਹੀਂ ਜਿਹੜੇ ਸਿੱਖਾਂ ਦੀ ਗੱਲ ਹਮੇਸ਼ਾਂ ਚੁਕਦੇ ਹੁੰਦੇ ਸਨ।

ਇਕ ਹੋਰ ਦਿਲਚਸਪ ਗੱਲ ਸਿਰਦਾਰ ਸਾਹਿਬ ਨੇ ਦੱਸੀ ਜੋ ਕਿ ਅਕਾਲੀ-ਜਨਸੰਘ ਗਠਜੋੜ ਮੁੱਦਈਆਂ ਲਈ ਅਤੇ ਆਮ ਸਿੱਖਾਂ ਦੇ ਜਾਨਣ ਲਈ ਜ਼ਰੂਰੀ ਹੈ। ਅਕਾਲੀਆਂ ਦੀ ਸਰਕਾਰ ਜਨਸੰਘ ਦੇ ਸਹਿਯੋਗ ਨਾਲ ਬਣਨ ਤੋਂ ਬਾਅਦ ਅੰਮ੍ਰਿਤਸਰ ਵਿਚ ਗੁਰੂ ਨਾਨਕ ਦੇਵ ਨਾਂ ਦੀ ਯੂਨੀਵਰਸਿਟੀ ਬਣਾਉਣ ਦਾ ਫ਼ੈਸਲਾ ਕੀਤਾ ਗਿਆ। ਉਦੋਂ ਦੇ ਐਜੂਕੇਸ਼ਨ ਸਕੱਤਰ ਸ: ਦਲਜੀਤ ਸਿੰਘ ਨੇ ਸਰਕਾਰ ਨੂੰ ਸੁਝਾਅ ਦਿੱਤਾ ਤੇ ਕਿਹਾ ਕਿ ਇਹ ਯੂਨੀਵਰਸਿਟੀ ਰਿਹਾਇਸ਼ੀ (Residential) ਹੋਵੇ ਅਤੇ ਇਸ ਦੇ ਵਾਈਸ-ਚਾਂਸਲਰ ਸ: ਕਪੂਰ ਸਿੰਘ ਨੂੰ ਬਣਾਇਆ ਜਾਵੇ। ਥੋੜ੍ਹੇ ਸਮੇਂ ਮਗਰੋਂ ਪਤਾ ਲਗਾਇਆ ਕਿ ਕੀ ਸੱਪ ਸੁੰਘ ਗਿਆ ਹੈ ਇਸ ਸੁਝਾਅ ਨੂੰ ਤਾਂ ਪਤਾ ਲੱਗਾ ਕਿ ਇਸ ਨੂੰ ਜਨਸੰਘ ਤੇ ਆਰੀਆ ਸਮਾਜ ਵਾਲੇ ਨਹੀਂ ਮੰਨਦੇ। ਸਿਰਦਾਰ ਸਾਹਿਬ ਨੇ ਵਿਅੰਗ ਵਿਚ ਲਿਖੀ ਕਵਿਤਾ "ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ, ਸੰਘ ਨਾਲ ਯਾਰੀ ਥੱਲੇ ਆਰੀਆ ਸਮਾਜ ਕੇ" ਸੰਨ 1974 ਵਿਚ ਮੇਰੇ ਤੋਂ ਛਪਵਾ ਕੇ ਅਨੰਦਪੁਰ, ਸਿੰਘ ਸਭਾ ਦੇ ਸੰਮੇਲਨ ਵਿਚ ਵੰਡਵਾਈ ਤੇ ਪੋਸਟਰ ਵੀ ਇਨ੍ਹਾਂ ਸਤਰਾਂ ਦੇ ਲਿਖਾਰੀ ਨੇ ਲਗਾਏ।

ਇਕ ਗੰਭੀਰ ਰਹੱਸ ਦੀ ਗੱਲ ਵਿਚਾਰਨ ਯੋਗ ਹੈ। ਅਕਾਲੀ ਦਲ ਦੇ ਅੰਦਰ ਰਹਿ ਕੇ ਨੀਲੀ ਪੱਗ ਬੰਨ੍ਹ ਕੇ ਗਾਤਰਾ ਪਾ ਕੇ, ਦਾਹੜੀ ਖੁੱਲ੍ਹੀ ਛੱਡ ਕੇ ਤੁਸੀਂ ਕੌਮ ਦੀ

ਜੇਈ-ਤੇਈ ਫੇਰੀ ਜਾਉ, ਗ਼ਦਾਰੀਆਂ ਕਰੋ, ਗੁਰਦੁਆਰਿਆਂ ਦੀਆਂ ਹਜ਼ਾਰਾਂ ਏਕੜ ਜ਼ਮੀਨਾਂ 'ਤੇ ਕਬਜ਼ਾ ਕਰੋ ਅਤੇ ਮਾਇਆ ਖਾਈ ਜਾਉ, ਵਰਤੀ ਜਾਉ, ਤਾਂ ਕੋਈ ਗੱਲ ਨਹੀਂ। ਕੌਮ ਨੂੰ ਮਨਜ਼ੂਰ ਹੈ। ਪਰ ਬਾਹਰ ਰਹਿ ਕੇ ਕੋਈ ਕਿੰਨੀ ਵੀ ਸੱਚੀ ਔਰ ਕੁਰਬਾਨੀ ਦੀ ਗੱਲ ਕਰੇ, ਉਹ ਕਾਂਗਰਸ ਦਾ ਏਜੰਟ ਗਰਦਾਨਿਆ ਜਾਂਦਾ ਰਿਹਾ ਹੈ। ਸ: ਦਰਸ਼ਨ ਸਿੰਘ ਫੇਰੂਮਾਨ, ਸਿਰਦਾਰ ਕਪੂਰ ਸਿੰਘ, ਸੰਤ ਜਰਨੈਲ ਸਿੰਘ ਅਤੇ ਸਿਮਰਨਜੀਤ ਸਿੰਘ ਮਾਨ ਸਾਡੇ ਸਾਹਮਣੇ ਹਨ। ਇਨ੍ਹਾਂ ਨੂੰ ਵਾਰੋ ਵਾਰੀ ਕਾਂਗਰਸ ਦਾ ਏਜੰਟ ਕਿਹਾ ਗਿਆ ਪਰ ਦਿੱਲੀ ਦਰਬਾਰ ਦੀ ਹਾਜ਼ਰੀ ਇਹ ਨਿਤ ਆਪ ਭਰਦੇ ਹਨ। ਕੁਦਰਤ ਦੇ ਕ੍ਰਿਸ਼ਮੇ ਵੇਖੋ, ਜਦ ਬਾਦਲ ਟੌਹੜਾ ਲੜੇ ਤਾਂ ਇਕ ਦੂਜੇ ਨੂੰ ਕਾਂਗਰਸ ਦਾ ਏਜੰਟ ਕਹਿੰਦੇ ਨਹੀਂ ਥੱਕਦੇ ਸੀ ਅਤੇ ਅਖ਼ੀਰ ਫਿਰ ਘਿਉ ਖਿਚੜੀ ਹੋ ਗਏ। ਚੋਰ ਚੋਰ ਮਸੇਰੇ ਭਾਈ। ਜਦ ਸੁਰਜੀਤ ਬਰਨਾਲਾ ਗਵਰਨਰੀ ਤੋਂ ਰਿਟਾਇਰ ਹੋ ਕੇ ਪੰਜਾਬ 2012 ਵਿਚ ਘਰ ਆਇਆ ਤਾਂ ਬਾਦਲ ਕਹਿੰਦਾ ਇਹ ਗ਼ਦਾਰ ਹੈ। ਬਰਨਾਲੇ ਨੇ ਮੋੜਵਾਂ ਜਵਾਬ ਦਿੱਤਾ, "ਬਾਦਲ ਮੇਰੇ ਤੋਂ ਵੱਡਾ ਗ਼ਦਾਰ ਹੈ" ਫੇਰ ਬਾਦਲ ਚੁੱਪ ਹੋ ਗਿਆ, ਇਕ ਦੂਜੇ ਦੇ ਭੇਤ ਜਾਣਦੇ ਹਨ। ਸ਼ਾਇਦ 'ਜਿਹੋ ਜਿਹੇ ਲੋਗ ਉਹੋ ਜਿਹੇ ਲੀਡਰ', ਅਸੂਲ ਅਨੁਸਾਰ ਠੀਕ ਹੀ ਹੈ। ਸਿਰਦਾਰ ਸਾਹਿਬ ਅਕਾਲੀਆਂ ਦੇ ਘਟੀਆ ਕਿਰਦਾਰ ਤੇ ਦੋਗਲੇਪਣ ਤੋਂ ਦੁਖੀ ਸਨ। ਇਕ ਦਿਨ ਕਹਿਣ ਲੱਗੇ, "ਸਰਦਾਰ ਸਾਹਿਬ ਬੜਾ ਚੰਗਾ ਹੁੰਦਾ ਮੈਂ ਬਹੁਤਾ ਨਾ ਪੜ੍ਹਦਾ, ਕਿਸੇ ਸਕੂਲ ਵਿਚ ਮਾਸਟਰ ਲੱਗਾ ਹੁੰਦਾ। ਮੁੰਡਿਆਂ ਦੇ ਚਿੱਤੜ ਕੁੱਟਦਾ, ਨਾਲੇ ਸਾਗ ਮੰਗਵਾ ਕੇ ਖਾਂਦਾ। ਇਹ ਮਾੜੇ ਦਿਨ ਤਾਂ ਨਾ ਦੇਖਣੇ ਪੈਂਦੇ।"

ਸਿਰਦਾਰ ਸਾਹਿਬ ਨੂੰ ਇਹ ਵੀ ਚਿੰਤਾ ਸੀ ਕਿ ਕੌਮਨਿਸਟ, ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਵਿਚ ਘੁਸਪੈਠ ਕਰ ਕੇ ਸਿੱਖ ਵਿਚਾਰਧਾਰਾ ਨੂੰ ਕਰਾਰੀ ਸੱਟ ਮਾਰ ਰਹੇ ਹਨ। ਸਿੱਖ ਇਸ ਤੋਂ ਬੇਖ਼ਬਰ ਹਨ। ਉਨ੍ਹਾਂ ਨੇ ਇਸ ਵੱਲ ਇਸ਼ਾਰਾ ਵੀ ਕੀਤਾ ਹੈ, ਲੇਖ 'ਬਿਖੁ ਮਹਿ ਅੰਮ੍ਰਿਤੁ' ਵਿਚ ਗੁਰਚਰਨ ਸਿੰਘ ਟੌਹੜਾ ਵੱਲ। ਕਹਿੰਦਾ-ਕਹਾਉਂਦਾ ਕੌਮਨਿਸਟ ਪੱਤਰਕਾਰ ਦਲਬੀਰ ਸਿੰਘ, ਸੰਤ ਜਰਨੈਲ ਸਿੰਘ ਤੇ ਜ਼ਿਆਦਾ ਪ੍ਰਭਾਵ ਰੱਖਦਾ ਸੀ ਬਨਿਸਬਤ ਕਪੂਰ ਸਿੰਘ ਯਾ ਗੁਰਤੇਜ ਸਿੰਘ। ਹਰਮਿੰਦਰ ਸਿੰਘ ਸੰਧੂ ਦਾ ਪਿਛੋਕੜ ਵੀ ਕੌਮਨਿਸਟ ਹੀ ਸੀ। ਉਨ੍ਹਾਂ ਨੇ ਇਕ ਲੇਖ ਵੀ ਲਿਖਿਆ 'Sikhs and Communism', ਪਰ ਫਿਰ ਵੀ ਸਿਮਰਨਜੀਤ ਸਿੰਘ ਮਾਨ ਵਰਗੇ ਗੁੰਮਰਾਹ ਹੋਏ ਫਿਰਦੇ ਹਨ। ਸੰਨ 1983 ਵਿਚ ਮੈਂ ਉਨ੍ਹਾਂ ਨੂੰ ਜਗਰਾਉਂ ਮਿਲਣ ਗਿਆ। ਗੱਲਾਂ ਕਰਦੇ ਕਰਦੇ ਉਨ੍ਹਾਂ ਨੇ ਮੈਨੂੰ ਸੰਤ ਜਰਨੈਲ ਸਿੰਘ ਨਾਲ ਮੁਲਾਕਾਤ ਬਾਰੇ ਦੱਸਿਆ। ਕਹਿੰਦੇ ਕਿ ਸੰਤ ਇਕ ਲੱਖ ਰੁਪਿਆ ਲੈ ਆਏ ਤੇ ਕਹਿਣ ਲੱਗੇ ਤੁਸੀਂ ਆਪਣਾ ਇਲਾਜ ਕਰਾਉ, ਕੌਮ ਨੂੰ ਤੁਹਾਡੀ ਬਹੁਤ ਜ਼ਰੂਰਤ ਹੈ। ਮੈਂ ਕਿਹਾ, ਮੇਰਾ ਮੁੰਡਾ ਅਮਰੀਕਾ ਹੈ ਮੈਂ ਉਸ ਕੋਲ ਗਿਆ ਸੀ, ਇਸ ਬੀਮਾਰੀ ਦਾ ਕੋਈ ਇਲਾਜ ਨਹੀਂ ਹੈ, ਹੌਲੀ-ਹੌਲੀ ਆਪੇ ਠੀਕ ਹੋ ਸਕਦਾ ਹਾਂ। ਪੈਸਾ ਤਾਂ ਕੀ ਲੈਣਾ ਸੀ ਇਸ ਬੇਬਾਕ, ਬੇਦਾਗ਼ ਸਿਰਦਾਰ ਨੇ, ਜਿਸ ਨੇ ਹਿੰਦੁਸਤਾਨ ਵਿਚ ਸਭ ਤੋਂ ਵਧੀਆ ਨੌਕਰੀ, ਐਸ਼ੋ-ਆਰਾਮ ਕੌਮ ਤੋਂ ਵਾਰ ਦਿੱਤੀ

ਸੀ। ਬਲਕਿ ਉਨ੍ਹਾਂ ਦੇ ਭਤੀਜੇ ਨੇ ਇਕ ਮੁਲਾਕਾਤ ਵਿਚ ਦੱਸਿਆ ਕਿ ਆਪਣੇ ਬੈਂਕ ਵਿੱਚੋਂ ਪੈਸੇ ਕਢਵਾ ਕੇ ਮੁੰਡਿਆਂ ਨੂੰ ਦਿੱਤੇ ਸਨ ਪੰਥ ਦੀ ਸੇਵਾ ਖ਼ਾਤਰ।

ਸ਼ਾਇਦ 25 ਜੂਨ 1984 ਨੂੰ ਪਹਿਲੀ ਵਾਰ ਲੋਕਾਂ ਨੂੰ ਦਰਬਾਰ ਸਾਹਿਬ ਅੰਦਰ ਜਾਣ ਦੀ ਇਜਾਜ਼ਤ ਮਿਲੀ, ਫ਼ੌਜੀ ਹਮਲੇ ਤੋਂ ਬਾਅਦ। ਮੈਂ ਉਦੋਂ ਦਿੱਲੀ ਆਇਆ ਹੋਇਆ ਸੀ। ਪੜ੍ਹ ਕੇ ਅੰਮ੍ਰਿਤਸਰ ਆਇਆ ਤੇ 30 ਜੂਨ ਨੂੰ ਅੰਦਰ ਜਾ ਕੇ ਬੁਰਾ ਹਾਲ ਦੇਖਿਆ। ਕਈ ਸਿੱਖ ਰੋ ਰਹੇ ਸੀ, ਕੁਰਲਾ ਰਹੇ ਸੀ, ਧਾਹਾਂ ਮਾਰ ਰਹੇ ਸੀ ਔਰ ਕਈ ਚੁੱਪ-ਚੁਪੀਤੇ ਹੈਰਾਨਕੁੰਨ ਦੇਖ ਰਹੇ ਸੀ, ਅਕਾਲੀ ਉਹਨਾਂ ਨੂੰ ਸ਼ਾਂਤ ਕਰਾ ਰਹੇ ਸੀ। ਦੂਜੇ ਲੋਕ ਤਮਾਸ਼ਾ ਵੇਖਣ ਆਏ ਸੀ। ਚਿਹਰੇ 'ਤੇ ਖ਼ੁਸ਼ੀ ਝਲਕ ਰਹੀ ਸੀ। ਮੈਂ ਉਥੋਂ ਸਿੱਧਾ ਜਗਰਾਉਂ ਸਿਰਦਾਰ ਸਾਹਿਬ ਕੋਲ ਚਲਾ ਗਿਆ। ਉਨ੍ਹਾਂ ਦੀ ਬੀਮਾਰੀ ਵੱਧ ਚੁੱਕੀ ਸੀ ਪਰ ਹੌਲੀ ਹੌਲੀ ਉਹ ਗੱਲਾਂ ਕਰਨ ਲੱਗ ਪਏ। ਉਨ੍ਹਾਂ ਮੈਨੂੰ ਦੱਸਿਆ ਕਿ ਗੁਰਤੇਜ ਸਿੰਘ ਬਾਰੇ ਸੁਣਿਆ ਸੀ, ਪਰ ਉਹਦੀ ਮੈਨੂੰ ਚਿੱਠੀ ਆਈ ਹੈ ਕਿ ਉਹ ਠੀਕ-ਠਾਕ ਹੈ। ਇਹ ਸੁਣ ਕੇ ਖ਼ੁਸ਼ੀ ਹੋਈ। ਫਿਰ ਮੈਂ ਸਿਰਦਾਰ ਸਾਹਿਬ ਨੂੰ ਦੱਸਿਆ ਕਿ ਮੈਂ ਦਰਬਾਰ ਸਾਹਿਬ, ਅੰਮ੍ਰਿਤਸਰ ਤੋਂ ਦਰਸ਼ਨ ਕਰ ਕੇ ਆਇਆ ਹਾਂ। ਉਨ੍ਹਾਂ ਨੇ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਦਾ ਹਾਲ ਪੁੱਛਿਆ। ਥੋੜ੍ਹੀ ਦੇਰ ਬਾਅਦ ਕਹਿਣ ਲੱਗੇ, "ਉਹ ਨੌਜਵਾਨ ਜਿਹੜਾ ਉਠਿਆ ਸੀ, ਜਿਹੜਾ ਕਹਿੰਦਾ ਸੀ, ਮੈਂ ਸਿੱਖਾਂ ਦੇ ਹੱਕ ਦੁਆਉਣੇ ਹਨ, ਹੈ ਕਿ ਨਹੀਂ ?" ਮੈਂ ਕਿਹਾ, "ਉਹ ਨਹੀਂ ਰਹੇ ਸ਼ਹੀਦ ਹੋ ਗਏ ਹਨ।" ਉਹ ਚੁੱਪ-ਚਾਪ ਬੈਠ ਗਏ। ਥੋੜ੍ਹੀ ਦੇਰ ਬਾਅਦ ਮੈਂ ਉਨ੍ਹਾਂ ਦੀਆਂ ਅੱਖਾਂ 'ਚੋਂ ਹੰਝੂ ਵਗਦੇ ਵੇਖੇ। ਇਹ ਸ਼ਾਇਦ ਉਨ੍ਹਾਂ ਨੇ ਜ਼ਿੰਦਗੀ ਵਿਚ ਪਹਿਲੀ ਵਾਰ ਹੰਝੂ ਕੇਰੇ ਹੋਣ। ਇਹ ਇਕ ਸ਼ਰਧਾਂਜਲੀ ਸੀ ਉਸ ਮਹਾਨ ਕੁਰਬਾਨੀ ਵਾਲੇ ਸਿੰਘ ਨੂੰ। ਉਸ ਤੋਂ ਬਾਅਦ ਕੋਈ ਗੱਲ ਨਹੀਂ ਹੋਈ ਅਤੇ ਮੈਂ ਉੱਠ ਕੇ ਵਿਦਾਇਗੀ ਲਈ। ਸ਼ਾਮ ਹੋ ਗਈ ਸੀ ਮੈਨੂੰ ਕਹਿਣ ਲੱਗੇ ਰਾਤ ਟਿਕ ਜਾ ਪਰ ਮੈਂ ਜਾਣਾ ਹੀ ਠੀਕ ਸਮਝਿਆ।

ਸਿਰਦਾਰ ਸਾਹਿਬ ਹਮੇਸ਼ਾ ਵਾਂਗ ਡਿਓੜੀ ਦੇ ਦਰਵਾਜ਼ੇ ਤਕ ਛੱਡਣ ਆਏ। ਇਹ ਮੇਰੀ ਉਨ੍ਹਾਂ ਨਾਲ ਇਕ ਯਾਦਗਾਰੀ ਮੁਲਾਕਾਤ ਸੀ। ਅਗਰ ਇਹੋ ਜਿਹਾ ਕੌਮੀ ਦਰਦ ਵਾਲਾ, ਹਿੰਦੂਆਂ, ਮੁਸਲਮਾਨਾਂ ਜਾਂ ਈਸਾਈਆਂ ਵਿਚ ਪੈਦਾ ਹੁੰਦਾ, ਉਹਦੀਆਂ ਕਈ ਯਾਦਗਾਰਾਂ ਬਣਨੀਆਂ ਸਨ, ਪਰ ਸਾਡੇ ਇਸ ਸਿਰਦਾਰ ਦਾ ਕੋਈ ਜਨਮ ਦਿਨ ਜਾਂ ਬਰਸੀ ਵੀ ਨਹੀਂ ਮਨਾਉਂਦਾ। ਬੁਰਛਿਆਂ ਦੇ ਵੱਸ ਪਈ ਕੌਮ ਨੂੰ ਕੌਣ ਛੁਡਾਵੇ ? ਉਹ 13 ਅਗਸਤ 1986 ਨੂੰ ਸੰਸਾਰ ਯਾਤਰਾ ਪੂਰੀ ਕਰ ਗਏ ਔਰ ਕੌਮ ਦਾ ਦੁਖ-ਦਰਦ ਆਪਣੇ ਦਿਲ, ਦਿਮਾਗ਼ 'ਤੇ ਲੈ ਕੇ ਸਿਰਦਾਰ ਕਹਾਏ। ਉਨ੍ਹਾਂ ਨੇ ਆਪਣੀ ਪੂਰੀ ਵਾਹ ਲਾਈ ਕਿ ਅਕਾਲੀਆਂ ਅੰਦਰ ਵੜ ਕੇ ਸਿੱਖ ਕੌਮ ਦਾ ਕੁਝ ਭਲਾ ਕਰ ਜਾਣ, ਪਰ ਅਕਾਲੀਆਂ ਨੇ ਉਨ੍ਹਾਂ ਦੀ ਇਕ ਨਾ ਚੱਲਣ ਦਿੱਤੀ ਅਤੇ ਪੂਰੀ ਕੌਮ ਟੌਹੜਾ-ਗਰਦੀ ਅਤੇ ਬਾਦਲ-ਗਰਦੀ ਵਿਚ ਗ਼ਰਕ ਹੋ ਗਈ। ਜੋ ਵਾਹਿਗੁਰੂ ਦਾ ਹੁਕਮ!

12.9.12

—ਬਲਦੇਵ ਸਿੰਘ

Tohra told Army of plan to blow up Akal Takht

Hindustan Times 19.6.84

By M. K. Dhar

NEW DELHI, June 18—While efforts are on to involve Sikh voluntary organisations in repairing the Akal Takht and the Darshani Deori, it can now be revealed that it was SGPC president G. S. Tohra who first conveyed to the Army the plan of Bhindranwale and Shubeg Singh to blow up the Akal Takht.

Before his surrender Jathedar Tohra isolated from both Bhindranwale and Sant Longowal, made an appeal to the Army to save Akal Takht at any cost because he seemed sure that the terrorists hiding in it would resort to a desperate course of action to discredit the Army.

The Government is anxious that the repair work should be undertaken expeditiously and the shrine thrown open to the public. But, in view of the desire expressed by several Sikh organisations that repair should be done through "Kar Seva" the Government is unable to move in the matter.

These agencies have also raised a technical point that such a request should come from the Shiromani Gurdwara Parbandhak Committee which administers the Golden Temple Complex. With Mr Tohra in detention, it is not possible to involve him immediately in this task.

The Army authorities have said they will provide all facilities to workers to complete the job expeditiously. It is difficult to say at the moment how soon will the restoration work start.

The Golden Temple complex is still closed to public because the authorities feel that the situation in the State is still far from normal and the terrorists outside may seize another opportunity to create trouble there. Once the shrine is thrown open, thousands of devotees are expected to throng to it, making it difficult for the security forces to screen each and every individual for weapons and explosives. Such a procedure too may be objected to.

Therefore, it is felt that the SGPC authorities should be involved in such a manner that they are in a position to ensure that weapons and contraband will not be smuggled in and, for this purpose, assistance of law enforcement agencies will be available.

But the expectation here is that responding to the desire of the people, as well as the Government to complete the repair work as expeditiously as possible and to restore the shrine to its original shape, the voluntary agencies will move in the matter and do the needful.

In fact, President Zail Singh, during his visit to the Golden Temple after the Army action, had issued oral orders that the repair work should be immediately undertaken in consultation with the head priests of Harmandir Sahib and Akal Takht. It is expected that the voluntary organisations will not get involved in technicalities and come forward to do the job. Restoration of the shrine and throwing it open to the devotees would provide the healing touch which is considered necessary to assuage the hurt feelings of the devotees.

Those who surrendered to the Army along with Mr Tohra and Akali Dal president Longowal have revealed to the authorities certain interesting details about the goings-on inside the temple before and during the early stages of the Army action.

For quite sometime Mr Tohra had been playing a game of convenience with both Bhindranwale and Sant Longowal in order to derive the maximum political advantage for himself. In the initial stages he placed Bhindranwale against Sant Longowal, himself acting as the balancing factor. But towards the end Bhindranwale had no use for Mr Tohra and Mr Longowal had a serious altercation with Mr Tohra.

When the Army action started Sant Longowal blamed Mr Tohra for the tragic events that had happened inside the Golden Temple complex. He told him that as the President of the SGPC, which administered the shrine, he must have known all that was happening inside the complex, including stockpiling of arms, construction of bunkers and positions of assault and defence built by Shubeg Singh, smuggling of contraband and depositing of loot and the sanctuary provided to terrorists and criminals in the complex.

Sant Longowal accused Mr

Continued on page 8 col. 8

Gen Dayal takes over Home, Justice

Hindustan Times Correspondent

CHANDIGARH, June 18 — In a surprise move, Lt-Gen. Ranjit Singh Dayal, Adviser (Security) to the Punjab Governor, took over this evening the full departments of Home Affairs and Justice and Defence Services Welfare from Mr [illegible]

ਨੋਟ : ਇਹ *ਹਿੰਦੁਸਤਾਨ ਟਾਈਮਜ਼* ਦੇ ਮੁਖ ਪੰਨੇ ਦੀ ਰਿਪੋਰਟ ਮਿਤੀ 19.6.84 ਐਮ.ਕੇ. ਧਰ ਦੀ ਹੈ ਜੋ ਕਿ ਭਾਰਤ ਸਰਕਾਰ ਦੇ ਸੀਨੀਅਰ ਇੰਟੈਲੀਜੈਂਸ ਅਫ਼ਸਰ ਸਨ ਅਤੇ ਪੱਤਰਕਾਰ ਵਜੋਂ ਪੰਜਾਬ ਵਿਚ ਕੰਮ ਕਰਦੇ ਸਨ। ਇਨ੍ਹਾਂ ਨੇ *The Open Secrets* ਕਿਤਾਬ ਵੀ ਲਿਖੀ ਹੈ।

ੴ ਵਾਹਿਗੁਰੂ ਜੀ ਕੀ ਫ਼ਤਹਿ॥

ਦੇਗ ਤੇਗ਼ ਫ਼ਤਹ ਨੁਸਰਤ ਬੇਦਰੰਗ॥

ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥

ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲਨਗਰ ਸਾਹਿਬ ਨਾਂਦੇੜ ਵੱਲੋਂ ਜਾਰੀ

—ਹੁਕਮਨਾਮਾ—

ਸਰਬੱਤ ਖ਼ਾਲਸਾ ਸੰਸਾਰ ਭਰ ਦੇ ਮਾਈ ਭਾਈ ਦੀ ਕਲਿਆਣ ਅਕਾਲ ਪੁਰਖ ਨੂੰ ਸਵੀਕਾਰ ਕਰਨ ਵਿਚ ਹੈ। ਅਕਾਲ ਪੁਰਖ ਸਰਬ ਸ਼ਕਤੀਮਾਨ ਅਤੇ ਦਯਾ ਨਿੱਧ ਹੈ ਅਤੇ ਉਸਦੀ ਰਜ਼ਾ ਵਿਚ ਸਰਬ ਸੁਖਦਾਤਾ ਜਗਤ ਭਰ ਦੇ ਮਨੁੱਖ ਮਾਤਰ ਲਈ ਕਲਿਆਣਕਾਰੀ ਗੁਰੂ ਨਾਨਕ—ਗੁਰੂ ਗੋਬਿੰਦ ਸਿੰਘ ਦੁਆਰਾ ਸਿੱਖ ਮੱਤ ਦਾ ਪ੍ਰਕਾਸ਼ ਹੋਇਆ ਹੈ ਅਤੇ ਖ਼ਾਲਸੇ ਦਾ ਬਿਰਦ ਹੈ।

ਧਰਮ ਚਲਾਵਨ ਸੰਤ ਉਬਾਰਨ॥
ਦੁਸਟ ਸਭਨ ਕੋ ਮੂਲ ਉਪਾਰਨ॥

ਸਿੱਖ ਪੰਥ ਵੱਲੋਂ ਸ਼ਾਂਤਮਈ ਢੰਗ ਨਾਲ ਚੱਲ ਰਹੇ ਮੋਰਚੇ ਨੂੰ ਕੁਚਲਣ ਲਈ ਭਾਰਤ ਸਰਕਾਰ ਦੇ ਹੁਕਮ ਨਾਲ ਭਾਰਤੀ ਸੈਨਾ ਜਿਸ ਢੰਗ ਨਾਲ ਮਿਤੀ 5 ਜੂਨ, 1984 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਭੰਗ ਕਰ ਕੇ ਪਵਿੱਤਰ ਸਥਾਨਾਂ ਵਿਚ ਦਾਖ਼ਲ ਹੋਈ ਅਤੇ 5 ਅਤੇ 6 ਜੂਨ, 1984 ਨੂੰ ਅੰਧਾ-ਧੁੰਧ ਗੋਲੀ-ਬਾਰ ਕੀਤਾ, ਜਿਸ ਦੇ ਫਲਸਰੂਪ ਗੁਰਸਿੱਖ ਸ਼ਹੀਦ ਹੋਏ ਅਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਵੀ ਬਲੀਦਾਨ ਹੋਇਆ। ਇਸ ਨਾਲ ਸੰਸਾਰ ਦੇ ਗੁਰਸਿੱਖਾਂ ਦਾ ਹਿਰਦਾ ਤੜਪ ਉਠਿਆ। ਜਦੋਂ ਕਿ ਇਕ ਸਿੱਖ ਵਿਅਕਤੀ ਦੇਸ਼ ਦਾ ਰਾਸ਼ਟਰਪਤੀ ਹੋਵੇ ਅਤੇ ਫ਼ੌਜ ਦੇ ਤਿੰਨਾਂ ਵਿੰਗਾਂ ਦਾ ਸੁਪਰੀਮ ਕਮਾਂਡਰ ਵੀ ਹੋਵੇ, ਤਾਂ ਉਸ ਦੇ ਰਾਜ ਕਰਨ ਦੌਰਾਨ ਮਿਲਟਰੀ ਦਾ ਧਾਰਮਿਕ ਸਥਾਨਾਂ ਵਿਚ ਦਾਖ਼ਲ ਹੋ ਕੇ ਅਜਿਹਾ ਕਤਲੇਆਮ ਕਰਨਾ ਇਕ ਨਿਹਾਇਤ ਨਿੰਦੀਨੀਏ ਘਟਨਾ ਹੈ ਅਤੇ ਇਸ ਦੀ ਜਿਤਨੀ ਵੀ ਨਿਖੇਧੀ ਕੀਤੀ ਜਾਵੇ—ਥੋੜ੍ਹੀ ਹੈ। ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਚਾਹੁੰਦੇ ਤਾਂ ਇਹ ਦੁਖਦਾਈ ਸਾਕਾ ਟਲ ਸਕਦਾ ਸੀ ਅਤੇ ਧਾਰਮਿਕ ਸਥਾਨਾਂ ਦੀ ਪਵਿੱਤਰਤਾ ਬਰਕਰਾਰ ਰਹਿ ਸਕਦੀ ਸੀ। ਇਸ ਲਈ ਇਸ ਭਿਆਨਕ ਸਾਕੇ ਦੀ ਜ਼ਿੰਮੇਵਾਰੀ ਤੋਂ ਰਾਸ਼ਟਰਪਤੀ ਨੂੰ ਮੁਕਤ ਨਹੀਂ ਕੀਤਾ ਜਾ ਸਕਦਾ।

ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਇਸ ਘਟਨਾ ਨੂੰ ਟਾਲਣ ਲਈ ਆਪਣਾ ਰੋਸ ਜਾਂ ਵਿਰੋਧ ਬਿਲਕੁਲ ਪ੍ਰਗਟ ਨਹੀਂ ਕੀਤਾ। ਗੁਰੂ ਦਾ ਸਿੱਖ ਹੋਣ ਦੇ ਨਾਤੇ ਉਨ੍ਹਾਂ ਨੂੰ ਚਾਹੀਦਾ ਸੀ ਕਿ ਸਿੱਖ ਪੰਥ ਉੱਪਰ ਆ ਰਹੀ ਬਿਪਤਾ ਅਤੇ ਪਾਵਨ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਹੋ ਰਹੀ ਘੋਰ ਬੇਅਦਬੀ ਨੂੰ ਟਾਲਣ ਲਈ ਕੂੜੀਆਂ ਪਾਤਸ਼ਾਹੀਆਂ ਨੂੰ ਤਿਆਗ ਦਿੰਦਾ, ਪਰੰਤੂ ਇਸ ਨੇ ਧਰਮ ਨਾਲੋਂ ਕੁਰਸੀ ਨੂੰ ਪਿਆਰਾ ਸਮਝਿਆ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਮੋਰਚੇ ਦੇ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਃ ਗੁਰਚਰਨ ਸਿੰਘ ਟੌਹੜਾ ਜੋ ਮੋਰਚੇ ਦੇ ਮੁਖੀ ਸਨ, ਜਦ ਪੰਥ 'ਤੇ ਬਿਪਤਾ ਪਈ ਤਾਂ ਆਪਣੇ ਅਸੂਲਾਂ

ਤੇ ਪਹਿਰਾ ਨਹੀਂ ਦਿੱਤਾ ਅਤੇ ਨਿਹਾਇਤ ਕਾਇਰਤਾ ਦਾ ਸਬੂਤ ਦੇਂਦੇ ਹੋਏ ਹਕੂਮਤ ਨੂੰ ਆਪਣਾ ਆਪ ਸਮਰਪਤ ਕਰ ਦਿੱਤਾ। ਧਰਮ ਦੇ ਇਹਨਾਂ ਮੁਖੀਆਂ ਨੇ ਵੀ ਧਰਮ ਨਾਲੋਂ ਆਪਣੀ ਜਿੰਦ-ਜਾਨ ਪਿਆਰੀ ਸਮਝੀ।

ਸੋ ਅੱਜ 17-6-1984, ਐਤਵਾਰ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਨਾਂਦੇੜ ਦੇ ਪੰਜ ਪਿਆਰੇ ਸਾਹਿਬਾਨ ਵੱਲੋਂ ਸਰਬਤ ਸਿੱਖ ਜਗਤ ਦੇ ਨਾਮ ਇਹ ਹੁਕਮਨਾਮਾ ਜਾਰੀ ਕੀਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਘੋਰ ਬੇਅਦਬੀ ਅਤੇ ਗੁਰਸਿੱਖਾਂ ਦੇ ਹੋਏ ਮਹਾਨ ਬਲੀਦਾਨ ਦੇ ਦੋਸ਼ ਵਿਚ ਭਾਰਤ ਦੇ ਰਾਸ਼ਟਰਪਤੀ ਗਿ: ਜ਼ੈਲ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਟੌਹੜਾ ਨੂੰ 'ਤਨਖਾਹੀਆ' ਕਰਾਰ ਦਿੱਤਾ ਜਾਂਦਾ ਹੈ।

ਇਹ ਤਖ਼ਤ ਸਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਦਾ ਹੁਕਮਨਾਮਾ ਹੈ, ਜਿਸ ਉਤੇ ਕਰੜਾਈ ਨਾਲ ਪਹਿਰਾ ਦੇਣਾ ਸੰਸਾਰ ਦੇ ਹਰ ਗੁਰਸਿੱਖ ਮਾਈ ਭਾਈ ਦਾ ਫ਼ਰਜ਼ ਹੈ, ਜੋ ਮੰਨੇਗਾ ਉਸ ਦਾ ਲੋਕ ਪਰਲੋਕ ਦੋਹੀਂ ਥਾਈਂ ਭਲਾ ਹੋਵੇਗਾ।

ਜਥੇਦਾਰ
ਅਤੇ ਪੰਜ ਪਿਆਰੇ ਸਾਹਿਬਾਨ
ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ,
ਨਾਂਦੇੜ (ਮਹਾਂਰਾਸ਼ਟਰ)

ਮਿਤੀ : 17 ਜੂਨ, 1984
੪ ਹਾੜ ੨੦੪੧ ਬਿਕ੍ਰਮੀ

ਨੋਟ: ਇਹ ਹੁਕਮਨਾਮਾ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ, ਅਬਚਲਨਗਰ, ਨਾਂਦੇੜ ਤੋਂ 1984 ਦੇ ਫ਼ੌਜੀ ਹਮਲੇ (ਆਪਰੇਸ਼ਨ ਬਲਿਊ ਸਟਾਰ) ਤੋਂ ਬਾਅਦ ਜਾਰੀ ਹੋਇਆ ਸੀ।

ਸਿੱਖਾਂ ਦਾ ਸਰਵਨਾਸ਼

'ਹਿੰਦੂ-ਸਿੱਖ ਏਕਤਾ ਜ਼ਿੰਦਾਬਾਦ, ਹਿੰਦੂ ਸਿੱਖ ਏਕਤਾ ਜ਼ਿੰਦਾਬਾਦ।' ਮੈਂ ਧਿਆਨ ਨਾਲ ਸੁਣਿਆ। ਅੱਗੇ ਵੀ ਕਈ ਵਾਰ ਸੁਣਦਾ ਰਹਿਨਾਂ। ਇਹ ਪਿਛਲੇ 15-20 ਸਾਲਾਂ ਤੋਂ ਨਾਅਰਾ ਚੱਲ ਰਿਹਾ ਹੈ। ਅੱਜ ਤੋਂ ਸਾਲ 1969 ਵਿਚ ਜਿਸ ਵੇਲੇ ਦੋਵੇਂ ਅਕਾਲੀ ਦਲ ਇਕੱਠੇ ਹੋਏ ਸੀ, ਉਦੋਂ ਮੈਂ ਵੀ ਪੰਥ ਦਾ ਸੇਵਕ ਸ਼ਾਮਲ ਸੀ। ਫਿਰ ਇਕੱਲਾ ਰਹਿ ਗਿਆ, ਲੋਕਾਂ ਦੇ, ਜਿਹੜੇ ਬਾਕੀ ਭਰਾ ਸੀ ਉਨ੍ਹਾਂ ਦੇ ਵਿਚਾਰ ਕੁਝ ਹੋਰ ਤਰ੍ਹਾਂ ਦੇ ਸਨ। ਮੈਂ ਆਪਣੀ ਪਗਡੰਡੀ 'ਤੇ ਤੁਰ ਪਿਆ, ਉਹ ਆਪਣੀ ਸ਼ਾਹ ਰਾਹ 'ਤੇ ਤੁਰੇ ਗਏ। ਉਹ ਜਿਹੜੀ ਸ਼ਾਹ ਰਾਹ ਅਕਾਲੀ ਦਲ ਨੇ ਪਾਈ, ਇਹ ਨਾਅਰਾ ਉਥੋਂ ਸ਼ੁਰੂ ਹੋਇਆ—ਹਿੰਦੂ-ਸਿੱਖ ਏਕਤਾ ਜ਼ਿੰਦਾਬਾਦ, ਹਿੰਦੂ-ਸਿੱਖ ਏਕਤਾ ਜ਼ਿੰਦਾਬਾਦ। ਇਸ ਦੇ ਅਰਥ ਅੱਜ ਮੈਂ ਤੁਹਾਨੂੰ ਜੇ ਖੋਲ੍ਹ ਕੇ ਦੱਸਾਂ, ਮਨੋਵਿਗਿਆਨ ਦੇ ਪੰਡਿਤ ਜਿਹੜੇ ਹਨ, ਜਿਨ੍ਹਾਂ ਨੂੰ ਮਨੁੱਖੀ ਰੁਚੀਆਂ ਦੇ ਅੰਤਰੀ-ਭਾਵ ਨੂੰ ਪਛਾਣਨ ਵਾਲੇ ਵਿਦਵਾਨ, ਉਨ੍ਹਾਂ ਨੂੰ ਕਹਿੰਦੇ ਹਨ ਸਾਇਕੋਐਨਲਿਸਟ ਜਾਂ ਐਕਸਪਰਟਸ ਇਨ ਸਾਇਕੋਲੋਜੀ। ਉਨ੍ਹਾਂ 'ਚੋਂ ਤੁਸੀਂ ਕਿਸੇ ਨਾਲ ਗੱਲ ਕਰਕੇ ਵੇਖ ਲਵੋ। ਉਹ ਜੋ ਮੈਂ ਹੁਣ ਕਹਿਣ ਲੱਗਾਂ, ਇਸ ਦੀ ਤਾਇਦ ਕਰੇਗਾ। ਇਹ ਨਾਅਰਾ ਜਿਹੜੀ ਕੌਮ, ਜਿਹੜਾ ਜਥਾ ਵੀ ਲਾਉਂਦਾ ਹੈ, ਉਸ ਦੇ ਦੋ ਹੀ ਭਾਵ ਹਨ। ਇਕ ਭਾਵ ਤੇ ਇਹ ਹੈ ਕਿ ਉਹ ਅੰਦਰੋਂ ਬੜਾ ਡਰਿਆ ਹੋਇਆ ਅਤੇ ਭੈ-ਭੀਤ ਹੈ। ਸੱਪ ਉਸ ਵੇਲੇ ਹੀ ਵੱਢਦਾ ਹੈ, ਜਿਸ ਵੇਲੇ ਉਸ ਨੂੰ ਪਤਾ ਲੱਗੇ ਕਿ ਇਹ ਮੈਨੂੰ ਮਾਰੂਗਾ। ਸ਼ੇਰ ਤਕ ਵੀ ਇਹੀ ਮਸ਼ਹੂਰ ਹੈ, ਇਹ ਹਮਲਾ ਨਹੀਂ ਕਰਦਾ, ਜਿੰਨਾ ਚਿਰ ਇਸ ਨੂੰ ਇਹ ਸ਼ੱਕ ਨਾ ਪੈ ਜਾਵੇ ਕਿ ਇਹ ਮੇਰੇ 'ਤੇ ਹਮਲਾ ਕਰੂ। ਚੁੱਪ ਕਰਕੇ ਖੜ ਜਾਉ, ਸ਼ੇਰ ਨੂੰ ਜੰਗਲ ਵਿਚ ਮਿਲੋ ਤਾਂ ਉਹ ਵੀ ਦੇਖ ਕੇ ਡਰਦਾ ਮਾਰਾ ਪੂਛ ਦਬਾ ਕੇ ਪਰ੍ਹਾਂ ਨੱਸ ਜਾਂਦਾ ਹੈ। ਇਸੇ ਤਰ੍ਹਾਂ ਜਿੰਨੇ ਜ਼ਹਿਰੀਲੇ ਜਾਨਵਰ ਹਨ, ਉਹ ਕਦੇ ਹਮਲਾ ਨਹੀਂ ਕਰਦੇ, ਕੁੱਤਾ ਤਕ ਨਹੀਂ ਵੱਢਦਾ, ਜਦੋਂ ਉਹ ਭੌਂਕਦਾ ਹੈ, ਉਹ ਤੁਹਾਨੂੰ ਚੈਲੰਜ ਨਹੀਂ ਦੇ ਰਿਹਾ ਹੁੰਦਾ, ਉਹ ਡਰ ਰਿਹਾ ਹੁੰਦਾ ਹੈ ਕਿ ਇਹ ਕਿਥੋਂ ਆ ਗਿਆ, ਮੇਰੇ ਇੱਟ ਨਾ ਮਾਰੇ ਚੱਕ ਕੇ, ਮੇਰੇ ਡਾਂਗ ਨਾ ਮਾਰੇ ਚੱਕ ਕੇ। ਇਹ ਜਿਹੜੇ ਮਨੋਵਿਗਿਆਨ ਦੇ (ਸੰਗਤ ਵਿਚ ਬੈਠੇ ਕੁਝ ਲੋਕ ਹੱਸ ਪਏ...) ਇਹ ਮੈਂ ਹਾਸੇ ਦੀ ਗੱਲ ਨਹੀਂ ਕਰ ਰਿਹਾ, ਬੜੀ ਡੂੰਘੀ ਗੱਲ ਕਰ

---

1. ਇਹ ਭਾਸ਼ਣ 1979 ਵਿਚ ਸਿਰਦਾਰ ਸਾਹਿਬ ਨੇ ਅਕਾਲੀ ਕਾਨਫਰੰਸ ਵਿਚ ਦਿੱਤਾ ਸੀ।
(ਸੰਪਾਦਕ)

ਰਿਹਾ ਹਾਂ। ਮਨੋਵਿਗਿਆਨ ਦੇ ਜਿਹੜੇ ਪੰਡਿਤ ਹਨ ਉਹ ਸਾਰੇ ਇਸ ਗੱਲ 'ਤੇ ਸਹਿਮਤ ਹਨ। ਜਿਸ ਵੱਲੋਂ ਸਿੱਖਾਂ ਦੇ ਮੂੰਹ ਵਿਚ ਇਹ ਨਾਅਰਾ ਪਾਇਆ ਗਿਆ, ਹਿੰਦੂ-ਸਿੱਖ ਏਕਤਾ ਜ਼ਿੰਦਾਬਾਦ, ਜਿਥੇ ਜਾਉ ਕਹੋ—ਹਿੰਦੂ-ਸਿੱਖ ਏਕਤਾ ਜ਼ਿੰਦਾਬਾਦ—ਹਿੰਦੂ-ਸਿੱਖ ਏਕਤਾ ਅਮਰ ਰਹੇ! ਇਹਦਾ ਮਤਲਬ ਇਹ ਹੈ ਕਿ ਸਿੱਖ ਕਿਸੇ ਗੱਲ ਤੋਂ ਭੈ-ਭੀਤ ਹੋਏ ਹਨ, ਡਰੇ ਹੋਏ ਹਨ। ਸਿੱਖਾਂ ਨੂੰ ਡਰ ਕੀ ਹੈ, ਮਨ ਵਿਚ ਪਤਾ ਨਹੀਂ ਕੀ ਭੈ ਹੈ, ਇਹ ਸਾਡੇ ਜਿਹੜੇ ਲੀਡਰ ਹਨ, ਮਹਾਨ ਆਗੂ ਉਹ ਸੋਚਣ। ਉਹ ਜਿਹੜਾ ਭੈ ਹੈ ਉਸ ਨੂੰ ਦੂਰ ਕਰਨ ਦਾ ਕੋਈ ਮਤਾ ਪੇਸ਼ ਨਹੀਂ ਹੋਇਆ। ਕੋਈ ਉਸ ਦੇ ਉਪਰ ਸੋਚਣੀ ਨਹੀਂ, ਕੋਈ ਉਸ ਪਾਸੇ ਵੱਲ ਵਿਚਾਰ ਨਹੀਂ ਕਰ ਰਿਹਾ ਕਿ ਉਹ ਕੀ ਭੈ ਹੈ ? ਜਿਹਦੇ ਵਿੱਚੋਂ ਸਿੱਖ ਮਜਬੂਰ ਹੋ ਰਹੇ ਹਨ, ਜਦੋਂ ਚਾਰ ਸਿੱਖ ਇਕੱਠੇ ਹੁੰਦੇ ਹਨ, ਆਪਣੇ ਬਚਾਅ ਵਾਸਤੇ ਉਹ ਕਹਿੰਦੇ ਹਨ—ਹਿੰਦੂ-ਸਿੱਖ ਏਕਤਾ ਜ਼ਿੰਦਾਬਾਦ, ਹਿੰਦੂ-ਸਿੱਖ ਏਕਤਾ ਜ਼ਿੰਦਾਬਾਦ। ਇਕ ਇਸ ਦੇ ਅਰਥ ਹੋਰ ਵੀ ਹੋ ਸਕਦੇ ਹਨ। ਕਈ, ਜਿਹੜੇ ਲੜਾਈ, ਜੰਗ ਯੁੱਧ ਦੇ ਵਿਚ ਕੌਮਾਂ ਜਾਂਦੀਆਂ ਹਨ, ਉਸ ਵੇਲੇ ਆਪਣੇ ਦੁਸ਼ਮਣ ਨੂੰ ਸ਼ਤਰੂ ਨੂੰ ਧੋਖਾ ਦੇਣ ਵਾਸਤੇ ਇਸ ਕਿਸਮ ਦੀ ਨਾਅਰੇਬਾਜ਼ੀ ਕਰੀਦੀ ਹੈ ਕਿ ਉਹ ਭੁਲੇਖਾ ਖਾ ਜਾਣ ਤੇ ਉਹਨੂੰ ਭੁਲੇਖਾ ਦੇ ਕੇ ਮਾਰ ਦੇਈਏ। ਉਹ ਪ੍ਰਗਤੀ, ਉਹ ਗੱਲ ਤਾਂ ਸਿੱਖਾਂ ਦੀ ਹੈ ਨਹੀਂ, ਸਿੱਖ ਕਿਸੇ ਯੁੱਧ ਵਿਚ ਨਹੀਂ, ਕਿਸੇ ਮੋਰਚੇ ਵਿਚ ਨਹੀਂ। ਸਿੱਖ ਤਾਂ ਡਿਫ਼ੈਂਸ ਦੀ ਲੜਾਈ, ਪਿੱਛੇ ਹਟ ਰਹੇ ਹਨ ਤੇ ਪਸਪਾਹ ਹੋ ਰਹੇ ਹਨ ਅਤੇ ਆਪਣੇ ਬਚਾਅ ਦਾ ਯਤਨ ਕਰ ਰਹੇ ਹਨ। ਜਿਸ ਤਰ੍ਹਾਂ ਅਸੀਂ ਵੱਡੇ ਘੱਲੂਘਾਰੇ ਵਿਚ ਕੀਤਾ ਸੀ। ਉਸ ਦੇ ਵਿਚ ਜਿਹੜਾ ਨਾਅਰਾ ਲਾਈ ਜਾਣਾ, ਇਹ ਵੀ ਉਹ ਹੀ ਅਰਥ ਬਣਦੇ ਹਨ। ਅਸੀਂ ਡਰੇ ਹੋਏ ਹਾਂ, ਹਿੰਦੂਓ ਭਰਾਵੋ! ਸਾਡੇ 'ਤੇ ਤਰਸ ਕਰਨਾ, ਸਾਨੂੰ ਹੋਰ ਨਾ ਮਾਰਨਾ, ਹਿੰਦੂ-ਸਿੱਖ (ਹਾਸਾ...) ਹੱਸੋ,[1] ਹੱਸਣ ਵਾਲੀ ਗੱਲ ਹੈ ਨਹੀਂ ਮੁੰਡਿਓ! ਤੁਸੀ ਹੱਸ ਰਹੇ ਹੋ, ਮੈਂ ਤੁਹਾਨੂੰ ਗੱਲ ਜੋ ਬੜੀ ਡੂੰਘੀ ਅਤੇ ਮਨੋਵਿਗਿਆਨ ਦੇ ਅਸੂਲ ਹਨ, ਉਨ੍ਹਾਂ ਬਾਰੇ ਤੁਹਾਨੂੰ ਦੱਸ ਰਿਹਾ ਹਾਂ। ਇਹ ਹੱਸਣ ਵਾਲੀ ਗੱਲ ਹੈ ਨਹੀਂ। ਇਹ ਜਾਂ ਤਾਂ ਸ਼ਰਮ ਵਾਲੀ ਗੱਲ ਹੈ ਯਾ ਜਿਸ ਦੁਰਗਤੀ ਵਿੱਚੋਂ ਇਹ ਕੌਮ ਲੰਘ ਰਹੀ ਹੈ ਇਸ ਦੁਰਗਤੀ ਦਾ ਪ੍ਰਗਟਾਵਾ ਇਹ ਨਾਅਰਾ ਹੈ ਜਿਹੜਾ, ਦਿੱਤਾ ਜਾ ਰਿਹਾ ਹੈ। ਖ਼ਾਲਸਾ ਜੀ, ਸਾਰੇ ਸੰਸਾਰ ਦੀ ਤਵਾਰੀਖ਼ ਪੜ੍ਹ ਲਵੋ। ਜਦੋਂ ਕਿਸੇ ਇਕ ਕੌਮ ਨੇ ਦੂਜੀ ਕੌਮ ਨੂੰ ਮਾਰਨਾ ਹੋਵੇ, ਖ਼ਤਮ ਕਰਨਾ ਹੋਵੇ, ਦੁਬੇਲ ਬਣਾਉਣਾ ਹੋਵੇ ਯਾ ਦਸਿਓ ਬਣਾ ਕੇ, ਦਾਸ ਬਣਾ ਕੇ, ਘਟੀਆ ਦਰਜੇ ਦਾ ਬਣਾ ਕੇ ਰੱਖ ਲੈਣਾ ਹੋਵੇ, ਤਿੰਨ ਚਾਰ ਢੰਗ ਸੋਚੇ ਸਮਝੇ ਹੋਏ ਪਿਛਲੇ 2000 ਸਾਲ ਦੀ ਤਾਰੀਖ਼ ਦੇ ਵਿਚ ਤੁਹਾਨੂੰ ਨਜ਼ਰ ਆਉਣਗੇ। ਇਕ ਹੈ ਪਹਿਲਾ ਢੰਗ, ਜਿਹੜੇ ਉਨ੍ਹਾਂ ਦੇ ਕੁਝ ਸਿਰਕੱਢ ਲੀਡਰ ਹਨ। ਜਿਹੜਾ ਕੋਈ ਗੱਲ ਸੱਚੀ ਕਰਦਾ ਹੈ, ਜਾਂ ਡਰਦਾ ਨਹੀਂ, ਲੱਗਦਾ ਇਹ ਫਲਾਣਾ ਲੀਡਰ ਗੱਲ ਐਨ ਖੁੱਲ੍ਹ ਕੇ ਕਹਿੰਦਾ ਹੈ, ਉਹ ਜਿਹੇ ਦੋ-ਚਾਰ ਫੜ ਕੇ ਖ਼ਤਮ ਕਰ ਦੇਣੇ। ਮੁਗ਼ਲਾਂ ਨੇ

---

1. ਜਿਵੇਂ ਨੌਜੁਆਨ ਫੜ-ਫੜ ਕੇ ਮਾਰੇ, ਭੁੱਲ ਗਏ ਹਾਸੇ ਤੇ ਪੈ ਗਈ ਕੁਰਲਾਹਟ। ਇਹ ਫ਼ਰਕ ਹੈ ਅੱਲ੍ਹੜ ਦਾ ਹਾਸਾ ਤੇ ਕਪੂਰ ਸਿੰਘ, ਵਿਦਵਾਨ, ਦੀ ਭਵਿੱਖ ਬਾਣੀ। *(ਸੰਪਾਦਕ)*

ਸਿੱਖ ਗੁਰੂ-ਸਾਹਿਬਾਨ ਦੇ ਖ਼ਿਲਾਫ਼ ਜਿਹੜਾ ਹਰਬਾ ਵਰਤਿਆ ਸੀ, ਗੁਰੂ ਤੇਗ਼ ਬਹਾਦਰ ਜੀ ਨੂੰ ਕਤਲ ਕਰਨ ਦਾ, ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਦਾ, ਉਹ ਇਹ ਤਰੀਕਾ ਸੀ। ਇਹ ਖ਼ਤਮ ਹੋ ਜਾਣਗੇ, ਆਪੇ ਪਿਛਲੇ ਲੋਕਾਂ ਨੂੰ ਕੋਈ ਅਗਵਾਈ ਦੇਣ ਵਾਲਾ ਰਹੇਗਾ ਨਹੀਂ, ਨਾ ਹੌਸਲਾ ਦੇਣ ਵਾਲਾ ਰਹੇਗਾ। ਇਹ ਡਰ ਕੇ ਦਬੜੂ-ਘੁਸੜੂ ਬਣ ਕੇ ਚੁੱਪ ਕਰਕੇ ਬਹਿ ਜਾਣਗੇ। ਇਹ ਤਰੀਕਾ ਕੋਈ ਮੁਗ਼ਲਾਂ ਨੇ ਹੀ ਨਹੀਂ ਵਰਤਿਆ, ਇਹ ਸੰਸਾਰ 'ਤੇ ਸਦਾ ਤੋਂ ਚੱਲਦਾ ਆਇਆ ਹੈ। ਸਿੱਖ ਲੀਡਰਾਂ ਨੂੰ ਫੜ ਲਵੋ। ਪੁਲਿਸ ਵਾਲੇ ਜਦੋਂ ਕਿਸੇ ਪਿੰਡ ਜਾਂਦੇ ਹਨ ਸਭ ਤੋਂ ਪਹਿਲਾਂ ਪੁੱਛਦੇ ਹਨ, ਦਸ ਨੰਬਰ ਦੇ ਬਦਮਾਸ਼ ਕਿਹੜੇ-ਕਿਹੜੇ ਤੇ ਦੂਸਰੇ ਕਿਹੜੇ-ਕਿਹੜੇ ? ਉਨ੍ਹਾਂ ਨੂੰ ਬੁਲਾਉ, ਪਿੰਡ ਵਿਚ ਲਿਆ ਕੇ ਕੁੱਟੋ-ਮਾਰੋ। ਕੋਈ ਗੱਲ ਨਾ ਕੋਈ ਬਾਤ, ਕੁੱਟੋ-ਮਾਰੋ। ਸਾਰਾ ਪਿੰਡ ਫਿਰ ਭੈ-ਭੀਤ ਹੋ ਜਾਂਦਾ ਹੈ। ਥਾਣੇਦਾਰ ਗਾਲ੍ਹਾਂ ਕੱਢਦਾ ਹੈ ਪੰਦਰਾਂ-ਵੀਹ, ਫਿਰ ਲੋਕ ਡਰ ਜਾਂਦੇ ਨੇ। ਫਿਰ ਉਹ ਕਹਿੰਦੇ ਨੇ ਜਿਹੜੀ ਫ਼ਲਾਣੇ ਦੀ ਘੋੜੀ ਚੋਰੀ ਹੋਈ, ਉਹ ਕਿਸ ਨੇ ਕੱਢੀ ਹੈ। ਇਹ ਜਿੰਨੇ ਰਾਜ ਕਰਨ ਵਾਲੇ ਨੇ, ਇਹ ਰਾਜਨੀਤੀ ਦੇ ਗੁਰ ਹਨ। ਪਹਿਲਾ ਗੁਰ ਜੋ ਤੁਹਾਡੇ ਵੱਡੇ ਆਦਮੀ ਨੇ ਉਨ੍ਹਾਂ ਨੂੰ ਕਤਲ ਕਰ ਦੇਣਾ। ਦੂਸਰਾ ਗੁਰ ਹੈ ਦਬਕਾਉਣਾ, ਯਰਕਾਉਣਾ, ਭੈ-ਭੀਤ ਕਰਨਾ। ਤੀਸਰਾ ਗੁਰ ਇਹ ਹੈ ਕਿ ਤੁਹਾਨੂੰ ਹਰ ਪਾਸੋਂ ਨਿਤਾਣੇ ਬਣਾ ਕੇ ਰੱਖ ਦੇਣਾ, ਖ਼ਾਸ ਤੌਰ 'ਤੇ ਆਰਥਿਕ ਤੌਰ 'ਤੇ ਨਿਤਾਣੇ ਬਣਾ ਕੇ ਰੱਖ ਦੇਣਾ। ਜਿਸ ਤਰ੍ਹਾਂ ਕੰਮੀ-ਕਮੀਣ ਜਿਹੜੇ ਨੇ ਇਨ੍ਹਾਂ ਨੂੰ ਨਿਤਾਣੇ ਬਣਾ ਕੇ ਰੱਖ ਲੈਣਾ, ਜ਼ਮੀਨ ਇਨ੍ਹਾਂ ਨੂੰ ਨਹੀਂ ਸੀ ਲੈਣ ਦੇਂਦੇ। ਆਪੇ ਨਿਤਾਣੇ ਹੋ ਗਏ! ਰਹਿ ਕੀ ਗਿਆ ? ਜਾਇਦਾਦਾਂ ਖੋਹ ਲਵੋ, ਲੈਂਡ ਸੀਲਿੰਗ ਲਾ ਲਵੋ, ਟੈਕਸ ਵਧਾਈ ਜਾਉ, ਕਿਸੇ ਕੋਲ ਚਾਰ ਪੈਸੇ ਜਮ੍ਹਾ ਨਾ ਹੋਣ ਦਿਉ। ਟਰੈਕਟਰਾਂ ਦਾ ਭਾਅ ਜਿਹੜਾ ਕਿ 4000 ਦਾ ਟਰੈਕਟਰ ਹੈ, ਉਹ ਲੱਖ ਰੁਪਏ ਦਾ ਕਰ ਦਿਉ। ਕਰ ਲਉ ਜੋ ਤੁਸੀਂ ਕਰਨਾ, ਲੱਗੇ ਰਹੋ, ਦਿਨ ਰਾਤ ਕਮਾਈ ਜਾਉ ਜੋ ਤੁਸੀਂ ਕਮਾਉਣਾ, ਜੇ ਤੁਹਾਨੂੰ ਕਦੇ ਕੁਝ ਮਿਲ ਜਾਵੇ! ਕਣਕ ਤੁਸੀਂ ਪੈਦਾ ਕਰੀ ਜਾਉ, ਕੀਮਤ ਤਾਂ ਉਨ੍ਹਾਂ ਨੇ ਮੁਕਰਰ ਕਰਨੀ ਹੈ! ਉਹ ਉਸ ਦੀ ਜਿੰਨਾ ਤੁਹਾਡਾ ਖ਼ਰਚ ਹੈ, ਉਸ ਨਾਲੋਂ ਚੁਆਨੀ ਘੱਟ ਕੀਮਤ ਹੀ ਮੁਕਰਰ ਕਰਨਗੇ। ਮੈਨੂੰ ਆਪ ਯਾਦ ਹੈ, ਜਦੋਂ ਮੈਂ ਪਾਰਲੀਮੈਂਟ ਵਿਚ ਹੁੰਦਾ ਸੀ। ਮੈਂ ਗੱਲਾਂ ਕੀਤੀਆਂ ਇਸ ਪਰਾਈਸ ਕਮਿਸ਼ਨਰ ਨਾਲ। ਮੈਂ ਕਿਹਾ, "ਮੈਨੂੰ ਸਮਝਾਉ, ਕਿਸ ਤਰ੍ਹਾਂ ਤੁਸੀਂ ਕੀਮਤ ਮੁਕਰਰ ਕਰਦੇ ਹੋ ?" ਉਹ ਕਾਗ਼ਜ਼ ਕੱਢ ਕੇ ਬਹਿ ਗਏ। ਬਿਊਰਾ ਜਿਹਾ, ਇਹ ਏਨਾ ਏਨਾ ਫ਼ਲਾਣਾ-ਫ਼ਲਾਣਾ। ਏਨਾ ਰੇਹ, ਏਨਾ ਪਾਣੀ, ਏਨਾ, ਏਨਾ। ਮੈਂ ਕਿਹਾ, "ਇਕ ਆਇਟਮ ਭੁੱਲ ਗਏ।" ਮੈਂ ਨਾਂ ਹੀ ਨਹੀਂ ਲੈਂਦਾ ਉਹਦਾ ਬੜਾ ਵੱਡਾ ਲੀਡਰ ਹੈ, ਕਹਿੰਦਾ ਕਿਹੜਾ ਆਇਟਮ ? ਮੈਂ ਕਿਹਾ, "ਜਿਸ ਜ਼ਿਮੀਂਦਾਰ ਦੇ ਕੋਲ 10 ਏਕੜ ਜ਼ਮੀਨ ਹੈ ਉਹਨੂੰ ਤੁਸੀਂ ਇਕ ਆਇਟਮ ਬਣਾ ਕੇ ਗਿਣਦੇ ਹੋ ਨਾ ? ਉਸ 'ਤੇ ਏਨਾ ਪਾਣੀ ਲੱਗਾ, ਇਨ੍ਹਾਂ ਰੇਹ ਲੱਗਾ, ਏਨਾ ਖ਼ਰਚ ਆਇਆ, ਉਹ ਖ਼ਰਚ ਤੁਸੀਂ ਫਿਰ ਕਹਿੰਦੇ ਹੋ, ਕਣਕ ਉਹਦੇ ਤੋਂ ਹੋਈ। ਇਸ ਕਰਕੇ ਏਨਾ ਖ਼ਰਚ ਆਇਆ ਹੈ ਇਉਂ ਗਿਣਿਆ ਨਾ ਤੁਸੀਂ ? ਇਹ ਆਇਟਮ ਤੁਸੀਂ ਵਿਚ ਨਹੀਂ ਪਾਇਆ। ਭਈ ਇਕ ਮਣ ਕਣਕ ਪੈਦਾ ਕਰਨ ਨੂੰ ਘਰ ਦੇ ਘੱਟ

ਤੋਂ ਘੱਟ ਪੰਜ ਜੀਅ ਚਾਹੀਦੇ ਹਨ। ਇਕ ਪਿਉ ਹੋਵੇ ਜਿਹੜਾ ਹਲ ਵਾਹ ਲੈਂਦਾ ਹੋਵੇ, ਇਕ ਮੁੰਡਾ ਹੋਵੇ ਜਿਹੜਾ ਸੰਭਾਲਦਾ ਹੋਵੇ, ਇਕ ਸਾਂਝੀ ਮਜ਼੍ਹਬੀ ਸਿੰਘ ਹੋਵੇ, ਜਿਹੜਾ ਨਾਲ ਰਲਿਆ ਹੋਵੇ, ਦੋ ਘਰ ਦੇ ਬੱਚੇ ਚੰਗੇ ਤਕੜੇ ਚਾਹੀਦੇ ਨੇ ਜਿਹੜੇ ਗਾਈਆਂ, ਮੱਝਾਂ ਨੂੰ ਪੱਠੇ ਪਾਣ, ਘਰ ਇਕ-ਅੱਧੀ ਨੂੰਹ ਹੋਵੇ ਜਿਹੜੀ ਗਾਈਆਂ-ਮੱਝਾਂ ਨੂੰ ਸਾਂਭਦੀ ਫਿਰੇ ਤੇ ਬਾਹਰ ਕਾਮਿਆਂ ਲਈ ਰੋਟੀਆਂ-ਰਾਟੀਆਂ ਲੈ ਕੇ ਜਾਵੇ। ਇਹ ਸਾਰੇ ਸਾਲ ਭਰ ਲੱਗੇ ਰਹਿਣ ਤੇ ਫਿਰ ਜਦੋਂ ਹਾੜ੍ਹੀ ਦਾ ਜਾਂ ਵਾਢੀ ਦਾ ਵੇਲਾ ਜਾਂ ਬਿਜਾਈ ਦਾ ਵੇਲਾ ਆਉਂਦਾ ਹੈ, ਉਸ ਵੇਲੇ ਜਿਹੜੇ ਬਾਹਰੋਂ ਮੰਗ ਕੇ ਜਿਹੜਾ ਵਾਧੂ ਖ਼ਰਚ ਉਹ ਐਕਸਟਰਾ ਖ਼ਰਚ, ਉਹ ਤੁਸੀਂ ਪਾਏ ਹੀ ਨਹੀਂ।" ਕਹਿੰਦਾ, "ਮੈਂਨੇ ਆਪ ਕੀ ਬਾਤ ਸਮਝੀ ਨਹੀਂ।" ਮੈਂ ਕਿਹਾ, "ਮੈਂ ਇਸ ਨੂੰ ਫੇਰ ਦੋਹਰਾਵਾਂ ?" ਮੈਂ ਕਿਹਾ, "ਉਹ ਇਸ ਤਰ੍ਹਾਂ ਇਹ ਜਿਹੜੇ 5 ਆਦਮੀ ਇਹ ਜੋ ਕੰਮ ਕਰਦੇ ਨੇ, ਇਨ੍ਹਾਂ ਦੀ ਮਿਹਨਤ ਤੇ ਮਜ਼ਦੂਰੀ ਜਿਹੜੀ ਇਹ ਕਰਦੇ ਹਨ, ਵਿਚ ਪਾਉ।" "ਅੱਛਾ ? ਯਹ ਬਾਤ ਆਪ ਕਹਿ ਰਹੇ ਹੋ ? ਉਨਹੋਂ ਨੇ ਕਾਮ ਤੋ ਕਰਨਾ ਹੀ ਹੂਆ, ਉਨਹੋਂ ਨੇ ਕਾਮ ਤੋ ਕਰਨਾ ਹੀ ਹੈ ਨਾ! ਉਨਕੇ ਅਪਨੇ ਖੇਤ ਹੈਂ, ਕਾਮ ਤੋ ਕਰੇਂਗੇ ਨਾ ?" (ਹਾਸਾ...) ਮੈਂ ਗੱਲ ਨੂੰ ਲੰਬੀ ਨਹੀਂ ਪਾਉਂਦਾ, ਖ਼ਾਲਸਾ ਜੀ, ਮੈਂ ਲੰਬੀ ਗੱਲ ਨੂੰ ਛੋਟੀ ਜਿਹੀ ਮੁਖ਼ਤਸਰ ਕਰਕੇ ਖ਼ਤਮ ਕਰ ਦੇਣਾ ਚਾਹੁੰਦਾਂ ਕਿਉਂਕਿ ਵਕਤ ਜ਼ਿਆਦਾ ਹੁੰਦਾ ਚਲਿਆ ਜਾਂਦਾ ਹੈ। ਇਹ ਹਨ ਜਿਹੜੇ ਕੌਮ ਨੂੰ ਮਾਰਨ ਦੇ ਢੰਗ ਹਨ। ਇਕ ਨਵਾਂ ਢੰਗ ਕੌਮਾਂ ਨੂੰ ਮਾਰਨ ਦਾ ਨਿਕਲਿਆ ਹੈ। ਉਹ ਅਜੇ ਸਾਡੇ 'ਤੇ ਅਜ਼ਮਾਇਸ਼ ਉਹਦੀ ਕੀਤੀ ਨਹੀਂ ਗਈ। ਉਸ ਨੂੰ ਕਹਿੰਦੇ ਨੇ ਜੈਨੋਸਾਇਡ ਕੁਲਨਾਸ਼। ਉਹ ਮਾਰਨ ਦਾ ਢੰਗ ਅਹਿਮਦ ਸ਼ਾਹ ਅਬਦਾਲੀ ਨੇ ਤੇ ਲਖਪਤ ਰਾਏ ਨੇ ਸਾਡੇ 'ਤੇ ਵਰਤਿਆ ਸੀ। ਬਈ ਜਿੰਨੇ ਸਿੱਖ ਨੇ ਸਾਰਿਆਂ ਦਾ ਨਾਸ ਕਰ ਦਿਉ। ਜਿਥੇ ਦਿੱਸਣ ਇਨ੍ਹਾਂ ਨੂੰ 'ਕੱਠਿਆਂ ਕਰ ਕੇ ਮਾਰ ਦਿਉ। ਕੋਈ ਰਹਿ ਨਹੀਂ ਜਾਏਗਾ। ਜਿਸ ਤਰ੍ਹਾਂ ਕੀੜੀਆਂ ਦੇ ਭੌਣ ਜਲਾ ਦੇਨੇ ਹਾਂ।[1] ਇਸ ਤਰ੍ਹਾਂ ਅੱਜਕੱਲ ਯੌਰਪ ਦੇ ਵਿਚ ਵੀ ਯਹੂਦੀਆਂ ਨੂੰ ਹਿਟਲਰ ਨੇ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਉਹ ਢੰਗ ਨਹੀਂ ਵਰਤਿਆ ਗਿਆ ਸਾਡੇ 'ਤੇ। ਬਾਕੀ ਜਿੰਨੇ ਤਿੰਨੇ-ਚਾਰੇ ਢੰਗ ਹਨ, ਕਿਸੇ ਨਾ ਕਿਸੇ ਸ਼ਕਲ 'ਚ, ਖ਼ਾਲਸਾ ਜੀ ਸਾਡੇ 'ਤੇ ਵਰਤੇ ਜਾ ਰਹੇ ਹਨ। ਖ਼ਾਲਸਾ ਜੀ, ਆਗੂ ਹੈਨ, ਤੁਸੀਂ ਹੋ, ਸਾਰੇ ਬੁੱਧੀਮਾਨ ਬੈਠੇ ਹੋ, ਜਿਹੜੀ ਥੋੜ੍ਹੀ ਬਹੁਤ ਬੀਜ ਰੂਪ ਬੁੱਧੀ, ਗਿਆਨ ਤਾਂ ਅਕਾਲ ਪੁਰਖ ਨੇ ਸਾਰਿਆਂ ਨੂੰ ਦਿੱਤਾ ਹੋਇਆ ਹੈ। ਜਿਥੇ ਜ਼ਿੰਦਗੀ ਔਰ ਮੌਤ ਦਾ ਸਵਾਲ ਹੋਵੇ, ਉਥੇ ਬਹੁਤੀ ਵਿੱਦਿਆ ਦੀ, ਬਹੁਤੀਆਂ ਕਿਤਾਬਾਂ ਪੜ੍ਹਨ ਦੀ ਲੋੜ ਨਹੀਂ, ਉਥੇ ਹਰੇਕ ਨੂੰ ਸਮਝ ਪੈ ਜਾਂਦੀ ਹੈ ਭਈ ਇਸ ਗੱਲ ਨਾਲ ਮੈਂ ਜੀਉਂਦਾਂ, ਏਸ ਗੱਲ ਨਾਲ ਮੈਂ ਮਰਦਾਂ। ਬਾਕੀ ਕਿਹੜਾ ਇਹੋ ਜਿਹਾ ਢੰਗ ਹੈ ਜਿਹੜਾ ਸਾਡੇ 'ਤੇ ਵਰਤਿਆ ਨਹੀਂ ਜਾ ਰਿਹਾ, ਜਾਂ ਵਰਤਿਆ ਨਹੀਂ ਜਾ ਚੁੱਕਾ ? ਤੁਸੀਂ ਚੁੱਪ ਕਰ ਕੇ ਬੈਠੇ ਹੋਏ ਹੋ ਔਰ ਮਤੇ ਪਾਸ ਕਰ ਰਹੇ ਹੋ। ਕਣਕ ਬਹੁਤ ਹੋ ਜਾਏਗੀ, ਖਾਲ ਨੂੰ ਸੀਮੇਂਟ ਲਾ ਦਿਆਂਗੇ, ਕਪਾਹ ਨੂੰ ਇਸ ਤਰ੍ਹਾਂ

1. ਇਹ ਭਾਸ਼ਣ 1984 ਦੇ ਫੌਜੀ ਹਮਲੇ ਅਤੇ ਕਤਲੇਆਮ ਤੋਂ ਪਹਿਲਾਂ ਦਾ ਹੈ। *(ਸੰਪਾਦਕ)*

ਭੇਜ ਦਿਆਂਗੇ। ਅਸੀਂ 111 ਕਰੋੜ ਰੁਪਇਆ ਲੈ ਲਵਾਂਗੇ। ਲੈ ਆਉ 111 ਕਰੋੜ ਰੁਪਇਆ। ਚੰਡੀਗੜ੍ਹ ਨਾਲ ਰਲਾ ਦਿਉ, ਫ਼ਾਜ਼ਿਲਕਾ ਦਾ ਫ਼ਲਾਣਾ ਪਿੰਡ ਕੱਢ ਦਿਉ। ਇਹਨੂੰ ਤੁਸੀਂ ਕਰੋਗੇ ਕੀ, ਫ਼ਾਜ਼ਿਲਕਾ ਦੇ ਫ਼ਲਾਣੇ ਪਿੰਡ ਨੂੰ ਕੱਢ ਕੇ, ਜਦੋਂ ਤੁਹਾਡੀ ਆਪਣੀ ਜ਼ਿੰਦਗੀ ਔਰ ਮੌਤ ਦਾ ਸਵਾਲ ਹੋਵੇ ? ਮਰ ਗਏ, ਜੀਉਂਦੇ ਰਹੋਗੇ ਠੀਕ ਹੈ। ਪਰ ਸਿੱਖ ਬਣ ਕੇ ਦਸਮ ਪਾਤਿਸ਼ਾਹ ਦਾ ਜਿਹੜਾ ਪ੍ਰਥਾਨੀ ਖ਼ਾਲਸਾ ਪੰਥ ਹੈ, ਉਸ ਰੂਪ ਵਿਚ ਜੀਉਂਦੇ ਨਾ ਰਹੇ ਤਾਂ ਉਹਦੇ ਨਾਲੋਂ ਅੱਜ ਮਰ ਜਾਣਾ ਚੰਗਾ। ਸਾਨੂੰ ਗੋਲੀਆਂ ਨਾਲ ਉਡਾ ਦੇਣ ਜ਼ਿਆਦਾ ਚੰਗਾ ਹੈ, ਬਜਾਇ ਇਸ ਦੇ ਕਿ ਇਸ ਤਰ੍ਹਾਂ ਤੜਫ਼ਾ-ਤੜਫ਼ਾ ਕੇ ਮਾਰ ਦੇਣ (ਸੰਗਤਾਂ ਵੱਲੋਂ ਜੈਕਾਰਾ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ)। ਨਿਰੰਕਾਰੀਆਂ ਦੀ ਗੱਲ ਚੱਲਦੀ ਹੈ, ਤੁਸੀਂ ਦੇਖਦੇ ਹੋ। ਮਖ਼ੌਲਾਂ ਕਰ ਕੇ ਕਿਸੇ ਨੂੰ ਮਖੌਲਾਂ ਕਰ ਕੇ ਉਸ ਦੀ ਅਣਖ ਅਤੇ ਉਸ ਦੀ ਜਿਹੜੀ ਸਵੈਮਾਣ ਹੈ, ਉਸ ਨੂੰ ਖ਼ਤਮ ਕਰ ਦੇਣਾ, ਇਹ ਵੀ ਆਪਣੇ-ਆਪ ਵਿਚ ਇਕ ਮਾਰ ਦੇਣ ਦਾ ਤਰੀਕਾ ਹੈ। ਜਿਸ ਤਰ੍ਹਾਂ ਗ਼ਰੀਬਾਂ ਦੀਆਂ ਨੂੰਹਾਂ-ਧੀਆਂ ਦੀ ਬੇਇੱਜ਼ਤੀ ਕੋਈ ਕਰੇ ਤਾਂ ਉਹ ਵਿਚਾਰੇ ਕੁਝ ਕਰ ਤਾਂ ਨਹੀਂ ਨਾ ਸਕਦੇ! ਉਹ ਵਿਚਾਰੇ ਗ਼ਰੀਬ ਕੀ ਕਰਨ ? ਉਹ ਤਾਂ ਸਾਊ ਪਿੰਡ ਦੇ ਲੋਕ ਕਹਿਣ, ਨਾ ਭਾਈ ਸਾਰੀਆਂ ਭੈਣਾਂ, ਧੀਆਂ, ਨੂੰਹਾਂ ਇੱਕੋ ਜਿਹੀਆਂ ਹੁੰਦੀਆਂ ਹਨ। ਪਰ ਜਿਹੜਾ ਆਮ ਹੈ, ਉਹ ਗ਼ਰੀਬ ਕੀ ਕਰੇ ? ਉਹ ਤਾਂ ਅੱਖਾਂ ਨੀਵੀਆਂ ਕਰ ਕੇ ਹੀ ਚੱਲਦੇ ਹਨ। ਇਸ ਤਰ੍ਹਾਂ ਖ਼ਾਲਸਾ ਜੀ, ਸਾਡੇ ਗੁਰੂ ਸਾਹਿਬਾਨ ਦੀ, ਸਾਡੇ ਧਰਮ ਦੀ, ਇਨ੍ਹਾਂ ਨਿਰੰਕਾਰੀਆਂ ਨੇ ਹੱਤਕਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਕਰੋੜਾਂ ਰੁਪਏ ਉਨ੍ਹਾਂ ਨੂੰ ਪਤਾ ਨਹੀਂ ਕਿਥੋਂ ਮਿਲਦੇ ਹਨ। ਸਾਡੇ ਦੇਖਦਿਆਂ ਦੇਖਦਿਆਂ 10-15 ਸਾਲਾਂ ਦੇ ਅੰਦਰ-ਅੰਦਰ ਏਨੇ ਭਵਨ ਪੰਜਾਬ ਵਿਚ ਉਸਰ ਗਏ, ਏਨੇ ਕਿ ਸਾਰੀ ਦੋ ਕਰੋੜ ਦੀ ਸਿੱਖ ਕੌਮ ਜਿਹੜੀ ਹੈ ਉਹ ਏਨੇ ਗੁਰਦੁਆਰੇ ਨਹੀਂ ਆਬਾਦ ਕਰ ਸਕੀ ਔਰ ਏਨੇ ਉਨ੍ਹਾਂ ਦੇ ਮਿਸ਼ਨ ਸਥਾਪਿਤ ਹੋ ਗਏ ਨੇ, ਕਦੇ ਕਿਸੇ ਵੇਲੇ ਬੈਠ ਕੇ ਸੋਚੋ ਤਾਂ ਸਹੀ ਕਿ ਭਈ ਇਹ ਕੀ ਰੋਗ ਹੈ ਜਿਹੜਾ ਖ਼ਾਲਸਾ ਪੰਥ ਨੂੰ ਤਬਾਹ ਕਰਨ ਵਾਸਤੇ ਲੱਗਾ ਹੋਇਆ ਹੈ ? ਇਸ ਰੋਗ ਨੂੰ ਖ਼ਤਮ ਕਰਨ ਦਾ ਇਲਾਜ ਇਹ ਨਹੀਂ ਕਿ ਇਹ ਅਵਤਾਰ ਬਾਣੀ ਜ਼ਬਤ ਕਰ ਲਉ, ਫ਼ਲਾਣੀ ਕਿਤਾਬ ਪੜ੍ਹ ਲਵੋ, ਜਾਣਦਾ ਕੌਣ ਹੈ ਅਵਤਾਰ ਬਾਣੀ ਨੂੰ ? ਪੜ੍ਹੀ ਕਿਸ ਨੇ ਸੀ ? ਗੱਲ ਵਿੱਚੋਂ ਕੋਈ ਹੋਰ ਹੈ, ਗੱਲ ਵਿੱਚੋਂ ਭੇਦ ਦੀ ਹੋਰ ਹੈ! ਉਸ ਭੇਦ ਦੀ ਗੱਲ ਨੂੰ ਖ਼ਾਲਸਾ ਜੀ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਹੋਰ ਉਹ ਕੀ ਕਹਿੰਦੇ ਹਨ ? 'ਯੇ ਤੋ ਜੀ ਹਮ ਕਿਆ ਕਰੇਂ, ਹਮ ਤੋ ਜੀ ਸੈਕੂਲਰ ਹੈਂ, ਵੋ ਉਨਕਾ ਅਪਨਾ ਧਰਮ ਹੈ ਵੋ ਅਪਨੇ ਧਰਮ ਕਾ ਪ੍ਰਚਾਰ ਕਰੇਂ, ਤੁਮ ਵਹਾਂ ਕਿਉਂ ਜਾਤੇ ਹੋ ?' ਮੈਂ ਛੋਟਾ ਜਿਹਾ ਸਵਾਲ ਤੁਹਾਨੂੰ ਦੱਸਦਾ ਹਾਂ ਸਾਰਿਆਂ ਨੂੰ। ਨਾਗਾਲੈਂਡ ਇਕ ਸਟੇਟ ਹੈ। ਜਦੋਂ 1947 ਆਇਆ, ਇਸ ਤੋਂ ਪਹਿਲਾਂ 40-50 ਸਾਲ ਅੰਗਰੇਜ਼ ਮਿਸ਼ਨਰੀ ਜਿਹੜੇ ਯੋਰਪੀ ਮਿਸ਼ਨਰੀ, ਫ਼ਰੰਗੀ ਮਿਸ਼ਨਰੀ, ਉਨ੍ਹਾਂ ਪ੍ਰਚਾਰ ਕਰ ਕੇ ਉਹ 60-70 ਫ਼ੀਸਦੀ ਜਿਹੜੀ ਆਬਾਦੀ ਸੀ, ਉਨ੍ਹਾਂ ਨੂੰ ਈਸਾਈ ਬਣਾ ਲਿਆ ਅਤੇ ਉਹ ਬੜੇ ਚੰਗੇ ਬੁੱਧੀਮਾਨ ਈਸਾਈ ਬਣੇ ਹਨ। ਮੈਂ ਆਪ ਦੇਖਿਆ ਉਥੇ ਜਾ ਕੇ, ਨਾਗੇ ਨੰਗੇ ਨਹੀਂ ਹਨ। ਬੜੇ ਪੜ੍ਹੇ-ਲਿਖੇ, ਬੜੇ ਗੋਰੇ

ਲੋਗ ਉਨ੍ਹਾਂ ਦੇ, ਐਮ. ਏ., ਬੀ. ਏ. ਪਾਸ ਪੜ੍ਹੇ ਲਿਖੇ ਹਨ। ਕੁੜੀਆਂ ਉਨ੍ਹਾਂ ਦੀਆਂ ਟਿਪ-ਟਿਪ ਕਰਦੀਆਂ, ਪਬਲਿਕ ਸਕੂਲਾਂ ਵਿਚ ਪੜ੍ਹਦੀਆਂ ਤੁਰੀਆਂ ਫਿਰਦੀਆਂ ਹਨ। ਉਨ੍ਹਾਂ ਨੇ ਹੁਣ ਲਿਖਾ ਲਿਆ ਹੈ ਕਿ ਉਨ੍ਹਾਂ ਦੀ ਜ਼ਬਾਨ, ਮਾਤਰੀ ਭਾਸ਼ਾ ਅੰਗਰੇਜ਼ੀ ਹੈ। ਉਹਨਾਂ ਸੰਵਿਧਾਨ ਵਿਚ ਲਿਖਵਾ ਲਿਆ ਹੈ। ਇਹ 1947 ਦੀ ਗੱਲ ਹੈ। 1947 ਵਿਚ ਬੈਠ ਕੇ ਜਿਸ ਵੇਲੇ ਇਨ੍ਹਾਂ ਨੇ ਰਾਜ 'ਤੇ ਕਬਜ਼ਾ ਕਰ ਲਿਆ, ਦਿੱਲੀ ਵਾਲਿਆਂ ਨੇ ਪਹਿਲੀ ਗੱਲ ਇਹ ਕੀਤੀ, ਉਹਦਾ ਕੀ ਕਰੀਏ ਨਾਗਾਲੈਂਡ ਦਾ ? ਉਨ੍ਹਾਂ ਦੇ ਜਿਹੜੇ ਸਿਆਣੇ ਬੁੱਧੀਮਾਨ ਸੀ, ਉਨ੍ਹਾਂ ਨੇ ਕਿਹਾ ਕੋਈ ਇਲਾਜ ਨਹੀਂ, ਸਿਵਾਏ ਇਸ ਦੇ ਕਿ ਉਹ ਦੁਬਾਰਾ ਹਿੰਦੂ ਬਣ ਜਾਣ। ਉਨ੍ਹਾਂ ਨੇ ਚਿੱਠੀ ਲਿਖੀ। ਮੈਂ ਜੋ ਅੰਦਰਲੇ ਭੇਦ ਕਹਾਂਗਾ, ਉਹ ਠੀਕ ਹਨ। ਮੈਂ, ਸਭ ਦੇ ਸਾਹਮਣੇ ਲੱਖਾਂ ਆਦਮੀ ਬੈਠੇ ਨੇ, ਮੈਂ ਕਹਿ ਰਿਹਾਂ, ਕੋਈ ਇਹਨੂੰ ਦੱਸੋ ਕੋਨਟਰੇਡਿਕਟ ਕਰ ਕੇ ਕਿ ਮੈਂ ਜੋ ਕਹਿ ਰਿਹਾ ਝੂਠ ਹੈ! ਮੈਂ ਦੱਸਾਂਗਾ, ਕਿਥੋਂ-ਕਿਥੇ ਸ਼ਹਾਦਤ ਇਹਦੀ ਪਈ ਹੈ। ਬੈਠ ਕੇ ਕੈਬਨਿਟ ਨੇ ਕਿਹਾ ਕਿ ਇਲਾਜ ਇੱਕੋ ਹੀ ਹੈ, ਦੁਬਾਰਾ ਹਿੰਦੂ ਬਣ ਜਾਣ। ਦੁਬਾਰਾ ਹਿੰਦੂ ਕਿਸ ਤਰ੍ਹਾਂ ਬਣਨ ? ਉਨ੍ਹਾਂ ਕਿਹਾ, ਮਿਸ਼ਨ ਵਾਲੇ ਹਨ, ਜਿਹੜੇ ਰਾਮਾ-ਕ੍ਰਿਸ਼ਨ ਮਿਸ਼ਨ ਵਾਲੇ ਉਨ੍ਹਾਂ ਨੂੰ ਕਹੋ, ਉਹ ਜਾ ਕੇ ਉਥੇ ਪ੍ਰਚਾਰ ਕਰਨ। ਰਾਮਾ-ਕ੍ਰਿਸ਼ਨ ਮਿਸ਼ਨ ਨੂੰ ਕਿਹਾ, ਭਈ ਤੁਹਾਨੂੰ 2 ਕਰੋੜ ਰੁਪਇਆ ਅਸੀਂ ਹਰ ਸਾਲ ਦੇਵਾਂਗੇ, ਫਿਰ ਲੋੜ ਪਈ ਤਾਂ ਹੋਰ ਵੀ ਦੇਵਾਂਗੇ, ਤੁਸੀਂ ਉਥੇ ਜਾ ਕੇ ਇਹ ਪ੍ਰਚਾਰ ਕਰੋ। ਉਹ ਪੜ੍ਹੇ-ਲਿਖੇ ਆਦਮੀ ਸੀ। ਉਨ੍ਹਾਂ ਨੇ ਸੋਚਿਆ। ਸੋਚ ਕੇ ਕਹਿਣ ਲੱਗੇ, ਉਨ੍ਹਾਂ ਨੇ ਜਵਾਬ ਦਿੱਤਾ ਦੋਹਾਂ ਮਹੀਨਿਆਂ ਬਾਅਦ, ਇਹ ਕੰਮ ਸਾਡੇ ਕਰਨ ਦਾ ਨਹੀਂ, ਅਸੀਂ ਪ੍ਰਚਾਰ ਕਰ ਕੇ ਲੋਕਾਂ ਨੂੰ ਧਰਮ ਵਿਚ ਪਰਵਰਿਤ ਨਹੀਂ ਕਰਦੇ, ਅਸੀਂ ਤਾਂ ਜਿਹੜਾ ਹਿੰਦੂ ਧਰਮ ਹੈ, ਇਸ ਦੇ ਜਿਹੜੇ ਉਚਤਮ ਗੁਣ ਹਨ ਉਨ੍ਹਾਂ ਦਾ ਪ੍ਰਚਾਰ ਕਰ ਕੇ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਾਂ। ਸਾਡੇ ਨਿਯਮ ਇਸ ਕਰਕੇ ਬਣੇ ਹੋਏ ਹਨ। ਫਿਰ ਖ਼ਾਲਸਾ ਜੀ ਉਹੀ 2 ਕਰੋੜ ਰੁਪਇਆ ਪਹਿਲੇ ਸਾਲ ਤਾਂ 2 ਕਰੋੜ ਮਿਲਿਆ ਸੀ, ਹੁਣ ਮੈਨੂੰ ਪਤਾ ਨਹੀਂ 20 ਕਰੋੜ ਮਿਲਦਾ ਹੈ ਕਿ 100 ਕਰੋੜ ਮਿਲਦਾ ਹੈ। ਰੁਪਏ ਤਾਂ ਆਮ ਪਏ ਹੋਏ ਹਨ! ਕਾਗ਼ਜ਼ ਹੀ ਛਾਪ ਲੈਣੇ ਹਨ! ਉਨ੍ਹਾਂ ਫਿਰ ਆਰੀਆ ਸਮਾਜ ਦੇ ਜ਼ਿੰਮੇ ਗੱਲ ਲਾਈ, ਆਰੀਆ ਸਮਾਜ ਦੇ ਪ੍ਰਚਾਰਕ ਨਾਗਾਲੈਂਡ ਵਿਚ ਫਿਰ ਰਹੇ ਹਨ ਕਿੰਨੀ ਕਾਮਯਾਬੀ ਹੋਈ ਹੈ, ਮੈਂ ਕਹਿ ਨਹੀਂ ਸਕਦਾ। ਸੈਕੂਲਰਿਜ਼ਮ ਜਿਹੜਾ ਹੈ ਇਹ ਸਾਡੇ ਸਿੱਖਾਂ ਲਈ ਹੈ, ਉਨ੍ਹਾਂ ਲਈ ਨਹੀਂ ? ਹੁਣ ਛੇ ਮਹੀਨੇ ਹੋਏ ਨੇ, ਹੁਣੇ ਇਕ ਐਕਟ ਬਣਿਆ, ਅਜੇ ਮਨਜ਼ੂਰੀ ਨਹੀਂ ਮਿਲੀ ਰਾਸ਼ਟਰਪਤੀ ਸਾਡੇ ਦੀ। ਐਕਟ ਹੈਗਾ ਇੰਡੀਜਿਸ ਰਿਲੀਜਨ ਪ੍ਰੋਟੈਕਸ਼ਨ ਐਕਟ। ਜਿਹੜਾ ਪੁਰਾਣਾ ਸਥਾਨਕ ਸਨਾਤਨ ਧਰਮ ਹੈ ਉਸ ਦੀ ਰੱਖਿਆ ਵਾਸਤੇ ਵਿਧਾਨ ਔਰ ਕਾਨੂੰਨ, ਉਹ ਬਣ ਜਾਵੇਗਾ ਕਿ ਹਿੰਦੂ ਨੂੰ ਜਿਹੜਾ ਵੀ ਕੋਈ ਕਿਸੇ ਹੋਰ ਧਰਮ 'ਚ ਲਿਆਉਣਾ ਚਾਹੇ, ਉਹਨੂੰ ਏਨੀ ਕੈਦ ਤੇ ਏਨਾ ਜੁਰਮਾਨਾ। ਇਹ ਸੈਕੂਲਰਿਜ਼ਮ ਹੈ ? ਜਿਹੜੇ ਗੁਰਬਚਨ ਸਿੰਘ ਤੇ ਇਹ ਟਟਪੂੰਜੀਏ ਜਿਹੜੇ ਹੈਗੇ ਨੇ, ਇਹ ਜਦੋਂ ਗੁਰੂਆਂ ਦਾ ਅਪਮਾਨ ਕਰਦੇ ਨੇ, ਸਾਰੇ ਸਿੱਖਾਂ ਦਾ ਮੂੰਹ ਚਿੜਾਂਦੇ ਔਰ ਸਾਡੇ ਕੇਂਦਰਾਂ ਵਿਚ ਜਾ ਕੇ ਸਾਰੇ ਪੰਥ, ਜਿਹੜੇ ਪੰਥ ਨੇ ਇਸ ਖਿਤੇ 'ਤੇ ਰਾਜ ਕੀਤਾ

ਹੋਇਆ ਹੈ ਅਤੇ ਦੋ ਸ਼ਹਿਨਸ਼ਾਹੀਆਂ ਗਰਾਰਾਤ ਕੀਤੀਆਂ ਹਨ, ਪਠਾਣਾਂ ਦੀ ਅਤੇ ਮੁਗ਼ਲਾਂ ਦੀ ਅਤੇ ਅੰਗਰੇਜ਼ 'ਤੇ ਐਸਾ ਤਹਿਲਕਾ ਮਚਾਇਆ ਕਿ 100 ਸਾਲ ਕੰਬਦੇ ਰਹੇ, ਅੰਗਰੇਜ਼ ਅੰਦਰੋ-ਅੰਦਰ ਭਾਵੇਂ ਉਪਰੋਂ ਕੁਝ ਕਰਦੇ ਰਹੇ। ਇਹ ਸਿੱਖ ਸਾਡੇ ਖ਼ਿਲਾਫ਼ ਨਾ ਹੋ ਜਾਣ। ਇਸ ਤਰ੍ਹਾਂ ਇਹ ਸਾਡੇ ਧਰਮ ਕੇਂਦਰਾਂ ਵਿਚ ਕਰਦੇ ਨੇ ਔਰ ਜੇ ਅਸੀਂ ਕੁਝ ਕਹੀਏ, ਕਹਿੰਦੇ ਨੇ "ਆਪ ਵਹਾਂ ਲੇਨੇ ਕਿਆ ਗਏ ਥੇ"। ਮੈਂ ਖ਼ਾਲਸਾ ਜੀ ਸਮਾਂ ਹੈ ਨਹੀਂ, ਗੱਲ ਨੂੰ ਬਹੁਤਾ ਵਧਾਉਂਦਾ ਨਹੀਂ, ਜੇ ਮੈਂ ਪਹਿਲਾਂ ਬੋਲਦਾ ਤਾਂ ਘੰਟਾ ਤੁਹਾਡੇ ਨਾਲ ਬਹੁਤ ਲੰਬੀਆਂ ਚੌੜੀਆਂ ਗੱਲਾਂ ਕਰਨੀਆਂ ਸਨ। ਹੁਣ ਮੈਂ ਮੁਕਾਉਣਾ ਸਿਰਫ਼ ਇਤਨੀ ਗੱਲ ਕਹਿ ਕੇ ਕਿ ਉਹ ਪੰਥ ਦੇ ਜਿਹੜੇ ਸਾਡੇ ਮਹਾਨ ਆਗੂ ਹਨ, ਉਨ੍ਹਾਂ ਨੂੰ ਵੀ, ਤੁਸੀਂ ਜਿਹੜਾ ਸਾਰਾ ਪੰਥ ਇਕੱਠਾ ਹੋਇਆ ਹੈ ਤੁਹਾਨੂੰ ਵੀ, ਮੈਂ ਮੁਬਾਰਕਬਾਦ ਵੀ ਦੇਂਦਾ ਹਾਂ ਕਿ ਤੁਹਾਡੇ 'ਚ ਅਜੇ ਜਿਹੜੀ ਸਾਹਿਬ ਦਸਮ ਪਾਤਿਸ਼ਾਹ ਨੇ ਅਗਨੀ ਪ੍ਰਜਵਲਤ ਕੀਤੀ ਹੈ, ਉਹ ਮੌਜੂਦ ਹੈ, ਬੁਝੀ ਨਹੀਂ। ਇਹ ਬੜੀ ਵੱਡੀ ਗੱਲ ਹੈ। ਇਹ ਆਸ 'ਤੇ ਟਿਕੇ ਰਹੋ, ਦਸਮ ਪਾਤਿਸ਼ਾਹ ਆਪ ਆ ਕੇ ਤੁਹਾਡੀ ਰਖਸ਼ਾ ਕਰਨਗੇ ਤੇ ਕੋਈ ਐਸਾ ਚਮਤਕਾਰ ਦਿਖਾਉਣਗੇ ਕਿ ਜਿਹੜੀ ਭੀੜ 'ਚ ਤੁਸੀਂ ਫਸ ਗਏ ਹੋ, ਜਿਨ੍ਹਾਂ ਮੁਸੀਬਤਾਂ ਦੇ ਵਿਚ ਤੁਸੀਂ ਐਸ ਵੇਲੇ ਘਿਰ ਗਏ ਹੋ ਉਨ੍ਹਾਂ ਤੋਂ ਗੁਰੂ ਤੁਹਾਡਾ ਛੁਟਕਾਰਾ ਕਰਾਏਗਾ (ਜੈਕਾਰਾ, ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ) ਤੇ ਦੂਜਾ ਮੈਂ ਸਵਾਲ ਵੀ ਪੁੱਛਦਾ ਹਾਂ ਤੇ ਕਹਿੰਦਾ ਵੀ ਹਾਂ ਸਾਰੇ ਮਤੇ ਪਾਸ ਕੀਤੇ ਨੇ; ਬੜੇ ਚੰਗੇ ਨੇ, ਕਿਸੇ ਮਤੇ ਦੇ ਨਾਲ ਮੈਂ ਅਸਹਿਮਤ ਨਹੀਂ। ਇਹ ਨਹੀਂ ਕਿ ਫ਼ਲਾਣੇ ਮਤੇ ਦੇ ਮੈਂ ਵਿਰੁੱਧ ਹਾਂ, ਬੜੇ ਸੋਹਣੇ ਮਤੇ ਪਾਸ ਕੀਤੇ ਹਨ। ਮੈਨੂੰ ਆਗਿਆ ਕਰਦੇ, ਮੈਂ ਉਨ੍ਹਾਂ ਦੀ ਪ੍ਰੋੜ੍ਹਤਾ ਕਰ ਦੇਣੀ ਸੀ। ਜਿਹੜੇ ਮਤੇ ਦੀ ਕਹਿੰਦੇ, ਮੈਂ ਉਹਦੀ ਪ੍ਰੋੜ੍ਹਤਾ ਕਰ ਦੇਣੀ ਸੀ। ਕੋਈ ਮਤਾ ਹੈ ਨਹੀਂ ਸੀ ਐਸਾ ਜਿਹੜਾ ਸਿੱਖਾਂ ਦੇ ਹਿੱਤਾਂ ਵਿਚ ਨਾ ਹੋਵੇ। ਪਰ ਮੈਂ ਇਨ੍ਹਾਂ ਅਕਾਲੀ ਲੀਡਰਾਂ ਤੋਂ ਪੁੱਛਦਾ ਹਾਂ ਕਿ :

> **ਅਸਲੀ ਮਤਾ ਜਿਹੜਾ ਹੈ, ਇਕ ਮਤਾ, ਬੁਨਿਆਦੀ ਮਤਾ, ਮੂਲ ਮਤਾ, ਸਿੱਖ ਜਿਸ ਕੁੜਿੱਕੀ ਵਿਚ ਫਸੇ ਹੋਏ ਹਨ, ਜਿਹੜੀ ਕੁੜਿੱਕੀ ਸਿੱਖਾਂ ਦਾ ਸਰਵਨਾਸ਼ ਕਰਨ ਦੇ ਸਮਰੱਥ ਹੈ, ਜਿਹੜੀ ਕੁੜਿੱਕੀ ਨੇ ਸਿੱਖਾਂ ਦੀ ਸੰਘੀ ਨੂੰ ਘੁੱਟ ਕੇ ਉਨ੍ਹਾਂ ਦਾ ਸਾਹ ਐਸ ਵੇਲੇ ਨੱਕ ਤਕ ਲਿਆਂਦਾ ਹੋਇਆ ਹੈ, ਉਹ ਕੁੜਿੱਕੀ ਤੋਂ ਛੁਟਕਾਰਾ ਪਾਉਣ ਲਈ ਤੁਹਾਡੇ ਕੋਲ ਕੋਈ ਚਾਲ, ਕੋਈ ਖ਼ਿਆਲ, ਕੋਈ ਮਤਾ ਹੈ ?**

ਬੱਸ ਇਹੋ ਪ੍ਰਸ਼ਨ ਪੁੱਛ ਕੇ ਮੈਂ ਤੁਹਾਡੇ ਤੋਂ ਆਗਿਆ ਮੰਗਦਾ ਹਾਂ ਤੇ ਕਹਿੰਦਾ ਹਾਂ :

> **ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਿਹ॥**

ਸਿੱਖ ਹੋਮਲੈਂਡ ਦੀ ਰੂਪ-ਰੇਖਾ

(1) ਸੰਨ 1966 ਵਿਚ ਸਥਾਪਤ ਹੋਏ ਪੰਜਾਬੀ ਸੂਬੇ ਵਿਚ ਗੁਰਦਾਸਪੁਰ ਜ਼ਿਲ੍ਹੇ ਦਾ ਡਲਹੌਜ਼ੀ ਤਕ ਦਾ ਰਕਬਾ, ਅੰਬਾਲਾ ਜ਼ਿਲ੍ਹੇ ਦਾ ਅੰਬਾਲਾ ਸਦਰ, ਕਾਲਕਾ, ਪਿੰਜੌਰ ਤਕ ਦਾ ਰਕਬਾ, ਸਾਲਮ ਚੰਡੀਗੜ੍ਹ, ਹੁਸ਼ਿਆਰਪੁਰ ਜ਼ਿਲ੍ਹੇ ਦੀ ਸਾਲਮ ਊਨਾ ਤਹਿਸੀਲ, ਨਾਲਾਗੜ੍ਹ ਦਾ 'ਦੇਸ' ਨਾਮੀ ਰਕਬਾ, ਹਿਸਾਰ ਜ਼ਿਲ੍ਹੇ ਦਾ ਤਹਿਸੀਲ ਸਿਰਸਾ ਅਤੇ ਸਬ ਤਹਿਸੀਲ ਟੋਹਾਨਾ ਤੇ ਗੂਹਲਾ ਅਤੇ ਰੱਤੀਆ ਬਲਾਕ, ਕਰਨਾਲ ਜ਼ਿਲ੍ਹੇ ਦਾ ਸ਼ਾਹਬਾਦ ਬਲਾਕ ਅਤੇ ਰਾਜਸਥਾਨ ਦਾ ਗੰਗਾ ਨਗਰ ਦਾ ਇਲਾਕਾ ਸ਼ਾਮਲ ਕਰ ਕੇ ਸਾਰੇ ਪੰਜਾਬੀ ਬੋਲਦੇ ਅਤੇ ਸਿੱਖ ਵੱਸੋਂ ਦੇ ਇਕ ਦੂਜੇ ਨਾਲ ਲੱਗਦੇ ਇਲਾਕੇ, ਸ਼ਾਮਲ ਕਰ ਦਿੱਤੇ ਜਾਣ।

(2) ਇਸ ਨਵੇਂ ਬਣੇ ਰਾਜ ਨੂੰ ਹਿੰਦੁਸਤਾਨ ਦੇ ਵਿਧਾਨ ਵਿਚ ਸਿੱਖ ਹੋਮਲੈਂਡ ਤਸਲੀਮ ਕਰ ਲਿਆ ਜਾਵੇ, ਜਿਸ ਵਿਚ ਸਿੱਖ ਹੱਕਾਂ ਦੀ ਰੱਖਿਆ ਪ੍ਰਤਿਪਾਲਨਾ ਦਾ ਫ਼ਰਜ਼ ਵਿਸ਼ੇਸ਼ ਕਰਕੇ ਹਿੰਦੁਸਤਾਨ ਦੇ ਵਿਧਾਨ ਵਿਚ ਪ੍ਰਵਾਨ ਕਰ ਲਿਆ ਜਾਵੇ।

(3) ਇਸ ਸਿੱਖ ਹੋਮਲੈਂਡ ਨੂੰ, ਦੇਸ ਦੀ ਰੱਖਿਆ, ਗ਼ੈਰਮੁਲਕੀ ਮਾਮਲੇ ਅਤੇ ਕਰੰਸੀ ਅਥਵਾ ਸਿੱਕੇ ਦੇ ਅਧਿਕਾਰ ਦਿੱਲੀ ਦੀ ਸਰਕਾਰ ਦੇ ਅਧੀਨ ਰੱਖ ਕੇ, ਅੰਦਰੂਨੀ ਖ਼ੁਦਮੁਖ਼ਤਾਰੀ ਪ੍ਰਾਪਤ ਆਪਣਾ ਵਿਧਾਨ ਸਿਰਜਣ ਦੇ ਅਧਿਕਾਰ ਦੇ ਦਿੱਤੇ ਜਾਣ, ਤਾਂ ਜੁ ਇਸ ਸਿੱਖ ਹੋਮਲੈਂਡ ਦੇ ਵਿਧਾਨ ਦੀ ਪਹਿਲੀ ਧਾਰਾ ਇਹ ਨਿਸਚੇ ਕੀਤੀ ਜਾ ਸਕੇ ਕਿ 'ਸਿੱਖ ਹੋਮਲੈਂਡ ਰਾਜ ਦਾ ਮੁੱਖ ਮੰਤਵ ਸਿੱਖਾਂ ਤੇ ਸਿੱਖੀ ਦੇ ਹਿੱਤਾਂ ਤੇ ਆਸ਼ਿਆਂ ਦੀ ਰਾਖੀ ਤੇ ਪ੍ਰਸਾਰ ਕਰਨਾ ਹੈ, ਜਿਸ ਵਿਚ ਕਿ ਹਰ ਇਕ ਸ਼ਹਿਰੀ ਨੂੰ ਆਪਣੇ ਧਰਮ ਉੱਤੇ ਚੱਲਣ ਦੀ ਪੂਰੀ ਖੁੱਲ੍ਹ ਹੋਵੇਗੀ।'

ਸਿੱਖਾਂ ਨਾਲ ਵਿਸਾਹਘਾਤ

[ਭਾਸ਼ਣ, ਜਿਹੜਾ ਕਿ ਸਿਰਦਾਰ ਕਪੂਰ ਸਿੰਘ, ਐਮ.ਪੀ. ਨੇ 6 ਸਤੰਬਰ, 1966 ਨੂੰ ਪਾਰਲੀਮੈਂਟ ਦੀ ਲੋਕ ਸਭਾ ਵਿਚ ਦਿੱਤਾ, ਜਿਸ ਨਾਲ ਕਿ 'ਪੰਜਾਬ ਪੁਨਰਗਠਨ ਬਿੱਲ' ਉੱਤੇ ਬਹਿਸ ਆਰੰਭ ਹੋਈ। (ਅਸਲ ਅੰਗਰੇਜ਼ੀ ਵਿਚ)।]

ਸ਼੍ਰੀਮਤੀ ਪ੍ਰਧਾਨ ਮੰਤਰੀ ਸਾਹਿਬਾ ਜੀਓ, ਮੈਂ ਇਸ ਬਿੱਲ ਨੂੰ ਬੜੇ ਗਹੁ ਨਾਲ ਵਾਚਿਆ ਹੈ ਅਤੇ ਗ੍ਰਹਿ ਮੰਤਰੀ ਨੰਦਾ ਜੀ ਨੇ ਜੋ ਭਾਸ਼ਣ ਹੁਣੇ ਹੁਣੇ ਦਿੱਤਾ ਹੈ, ਮੈਂ ਉਸ ਨੂੰ ਬੜੇ ਧਿਆਨ ਨਾਲ, ਇਕ ਮਨ ਹੋ ਕੇ, ਸੁਣਿਆ ਅਤੇ ਸਮਝਿਆ ਹੈ। ਗ੍ਰਹਿ ਮੰਤਰੀ ਜਿਸ ਮਸਲੇ ਨੂੰ ਲੋਕ ਸਭਾ ਵਿਚ ਪੇਸ਼ ਕਰਨ, ਉਸ ਨੂੰ ਗਹੁ ਨਾਲ ਸੁਣਨਾ ਹੀ ਯੋਗ ਹੈ। ਸ਼੍ਰੀਮਤੀ ਪ੍ਰਧਾਨ ਮੰਤਰੀ ਜੀਓ! ਮੇਰੇ ਲਈ ਹੋਰ ਕੋਈ ਰਾਹ ਨਹੀਂ ਰਹਿ ਗਿਆ ਹੈ ਕਿ ਮੈਂ ਇਸ ਸਾਰੇ ਦੇ ਸਾਰੇ ਬਿੱਲ ਦਾ ਵਿਰੋਧ ਕਰਾਂ। ਇਹ ਬਿੱਲ ਗੰਦਾ ਆਂਡਾ ਹੈ ਜਿਸ ਦੇ ਕੁਝ ਭਾਗ, ਭਾਵੇਂ ਵੇਖਣ ਨੂੰ ਠੀਕ ਹੀ ਲੱਗਣ, ਓਹ ਭੋਜਨ ਕਰਨ ਦੇ ਯੋਗ ਨਹੀਂ ਹੁੰਦਾ। ਕੋਈ ਐਵੇਂ ਇਸ ਦੇ ਟੁਕੜਿਆਂ ਨੂੰ ਦੰਦ ਪਿਆ ਮਾਰੇ, ਪਰ ਇਹ ਨਾ-ਖਾਣ ਵਾਲੀ, ਅਣਕਸ਼ ਵਸਤੂ ਹੈ ਤੇ ਨਾ-ਪਚਣ ਵਾਲੀ ਭੀ। ਕੋਈ ਸੂਝਵਾਨ ਬੰਦਾ ਤਾਂ ਇਸ ਨੂੰ ਕਬੂਲ ਕਰ ਨਹੀਂ ਸਕਦਾ।

ਸ਼੍ਰੀ ਮਹਾਂਵੀਰ ਤਿਆਗੀ : ਇਹ ਤਾਂ ਆਪੋ ਆਪਣੇ ਹਾਜ਼ਮੇ ਉੱਤੇ ਨਿਰਭਰ ਹੈ।

ਸ: ਕਪੂਰ ਸਿੰਘ : ਮੇਰੇ ਮਨ ਵਿਚ ਕੋਈ ਸ਼ੰਕਾ ਨਹੀਂ ਕਿ ਭਾਵੇਂ ਸਿੱਖਾਂ ਦਾ ਹਾਜ਼ਮਾ ਤੇ ਉਨ੍ਹਾਂ ਦੀ ਪਾਚਨ ਸ਼ਕਤੀ ਕਿਤਨੀ ਵੀ ਪ੍ਰਬਲ ਕਿਉਂ ਨਾ ਹੋਵੇ, ਜਿਵੇਂ ਕਿ ਮੇਰੇ ਮਿੱਤਰ, ਤਿਆਗੀ ਜੀ ਨੇ ਸੰਕੇਤ ਕੀਤਾ ਹੈ, ਇਸ ਗੰਦੇ ਆਂਡੇ ਨੂੰ ਖਾਣ ਨਾਲ ਉਨ੍ਹਾਂ ਨੂੰ ਢਿੱਡ ਪੀੜ ਹੀ ਪਏਗੀ। ਮੈਂ ਆਪਣੇ ਵੋਟਰਾਂ ਦੇ ਨਾਂ ਉੱਤੇ, ਆਪਣੇ ਚੋਣ ਹਲਕੇ ਦੇ ਨਾਂ ਉੱਤੇ, ਸਮੂਹ ਸਿੱਖਾਂ ਦੇ ਨਾਂ ਉੱਤੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨਾਂ ਉੱਤੇ, ਇਸ ਬਿੱਲ ਨੂੰ ਰੱਦ ਕਰਦਾ ਹਾਂ। ਤਿੰਨ ਕਾਰਨ ਇਸ ਨੂੰ ਨਾ-ਕਬੂਲਣ ਦੇ ਹਨ। ਇਕ ਤਾਂ ਇਹ ਪਾਪ ਭਰੀ ਮਨਸ਼ਾ ਦੀ ਉਪਜ ਹੈ। ਦੂਜੇ, ਇਸ ਨੂੰ ਜਮਾਉਣ ਵਾਲੀ ਦਾਈ ਕੁਚੱਜੀ ਹੈ। ਤੀਜੇ, ਇਹ ਦੇਸ਼ ਦੇ ਸਮੁੱਚੇ ਲਾਭਾਂ ਲਈ ਹਾਨੀਕਾਰਕ ਹੈ ਅਤੇ ਇਸ ਨਾਲ ਦੇਸ਼ ਉੱਤੇ ਰਾਜ ਕਰਨ ਵਾਲੀ ਜਾਤੀ ਉੱਤੋਂ ਲੋਕਾਂ ਦਾ ਵਿਸ਼ਵਾਸ ਉਠ ਜਾਏਗਾ ਤੇ ਇੰਜ ਮੁਲਕ ਕਮਜ਼ੋਰ ਹੋਵੇਗਾ।

ਸ਼੍ਰੀ ਮਹਾਂਵੀਰ ਤਿਆਗੀ : ਇਹ ਬੱਚਾ ਹਰਾਮੀ ਤਾਂ ਨਹੀਂ ਹੈ।

ਸ: ਕਪੂਰ ਸਿੰਘ : ਹਰਾਮੀ ਨਾ ਵੀ ਹੋਵੇ, ਪਰ ਇਸ ਦੀ ਪੈਦਾਇਸ਼ ਪਾਪ-ਭਰੇ

ਸੰਕਲਪ ਦਵਾਰਾ ਹੋਈ ਹੈ ਅਤੇ ਇਹ ਮੁੱਢੋਂ ਹੀ ਜਾਤ ਕੁਜਾਤ ਹੈ। ਮੈਂ ਇਸ ਨੂੰ ਪਾਪ ਦੀ ਉਪਜ ਇਸ ਲਈ ਕਹਿੰਦਾ ਹਾਂ ਕਿ ਸਿੱਖਾਂ ਨਾਲ ਜੋ ਵਿਸਾਹਘਾਤ, ਸੁਤੰਤਰ ਭਾਰਤ ਵਿਚ ਕੀਤਾ ਗਿਆ ਹੈ, ਇਹ ਉਸ ਦੀ ਆਖ਼ਰੀ ਕੜੀ ਹੈ। ਹਿੰਦੁਸਤਾਨ ਦੀ ਬਹੁਗਿਣਤੀ ਦੇ ਲੀਡਰਾਂ ਵੱਲੋਂ ਸਿੱਖਾਂ ਨੂੰ ਜੋ ਵਿਸ਼ਵਾਸ ਦਿਵਾਏ ਗਏ ਸੀ ਅਤੇ ਕਾਂਗਰਸ ਜਿਹੜੇ ਲਾਰੇ ਸਿੱਖਾਂ ਨਾਲ ਪਿਛਲੇ 30-35 ਸਾਲ ਤੋਂ ਲਾਉਂਦੀ ਰਹੀ, ਉਨ੍ਹਾਂ ਦਾ ਹੁਣ ਪਾਜ ਖੁੱਲ੍ਹ ਗਿਆ ਹੈ।

ਇਹ ਗੱਲ ਇਸ ਲੋਕ ਸਭਾ ਲਈ, ਜਨਤਾ ਲਈ, ਸਾਰੇ ਹਿੰਦੁਸਤਾਨ ਦੇ ਵਾਸੀਆਂ ਲਈ ਅਤੇ ਸਾਰੀ ਦੁਨੀਆ ਦੇ ਸੱਜਣ ਪੁਰਸ਼ਾਂ ਲਈ ਸੁਣਨੀ ਤੇ ਸਮਝਣੀ ਗੁਣਕਾਰੀ ਹੋਵੇਗੀ ਜਿਹੜੀ ਕਥਾ ਕਿ ਸਿੱਖਾਂ ਨਾਲ ਕੀਤੇ ਗਏ ਵਿਸਾਹਘਾਤ ਦੀ ਮੈਂ ਅੱਜ ਸੁਣਾਨ ਲੱਗਾ ਹਾਂ। ਵਿਸਾਹਘਾਤ ਕਾਂਗਰਸੀ ਹਿੰਦੂ ਲੀਡਰਾਂ ਨੇ, ਜਾਣ-ਬੁਝ ਕੇ ਅਤੇ ਕ੍ਰਿਤਘਣਤਾ ਦਵਾਰਾ, ਉਸ ਸਿੱਖ ਕੌਮ ਨਾਲ ਕੀਤਾ ਹੈ, ਜਿਸ ਸਿੱਖ ਕੌਮ ਨੇ ਹਿੰਦੂ ਧਰਮ ਦੇ ਹਿੰਦੂ ਜਾਤੀ ਦੀ ਰੱਖਿਆ ਲਈ ਬੇਪਨਾਹ ਤੇ ਬੇਮਿਸਾਲ ਕੁਰਬਾਨੀਆਂ ਕੀਤੀਆਂ ਹਨ। ਇਹ ਵਿਸਾਹਘਾਤ ਉਨ੍ਹਾਂ ਸਿੱਖਾਂ ਨਾਲ ਕੀਤਾ ਗਿਆ ਹੈ, ਜਿਹੜੇ ਕਿ ਧਰਮ ਦੇ ਰੱਖਿਅਕ ਤੇ ਦੇਸ਼ ਦੇ ਵੈਰੀਆਂ ਦੇ ਸ਼ੱਤਰੂ ਹਨ। ਇਹ ਧੋਖਾ ਉਨ੍ਹਾਂ ਸਿੱਖਾਂ ਨਾਲ ਹੋਇਆ ਹੈ, ਜਿਨ੍ਹਾਂ ਦਾ ਹੌਸਲਾ, ਕੁਰਬਾਨੀ ਅਤੇ ਦੇਸ਼ ਭਗਤੀ ਸੰਸਾਰ-ਪ੍ਰਸਿੱਧ ਹੈ।

ਉਸ ਸਿੱਖ ਜਾਤੀ ਨਾਲ ਹੋਏ ਵਿਸ਼ਵਾਸਘਾਤ ਦੀ ਕਹਾਣੀ, ਮੈਂ ਅੱਜ ਬਿਆਨ ਕਰਨ ਦੀ ਆਗਿਆ ਚਾਹੁੰਦਾ ਹਾਂ, ਜਿਨ੍ਹਾਂ ਨਾਲ ਕਿ ਵਿਸ਼ਵਾਸਘਾਤ ਬਿਗਾਨਿਆਂ ਨੇ ਨਹੀਂ, ਸਗੋਂ ਆਪਣਿਆਂ ਨੇ ਕੀਤਾ ਹੈ। ਇਹ ਉਹ ਸਿੱਖ ਹਨ ਜਿਹੜੇ ਸਵੇਰੇ ਸ਼ਾਮ ਅਰਦਾਸ ਵਿਚ ਕਹਿੰਦੇ ਹਨ : 'ਸਿੱਖਾਂ ਨੂੰ ਵਿਸਾਹ ਦਾਨ, ਭਰੋਸਾ ਦਾਨ।' ਜੋ ਵਿਸ਼ਵਾਸ ਕਰਦੇ ਹਨ ਅਤੇ ਵਿਸ਼ਵਾਸਘਾਤ ਦੀ ਉਮੀਦ ਦੂਜਿਆਂ ਕੋਲੋਂ ਨਹੀਂ ਰੱਖਦੇ। ਅਸਾਡੇ ਬਜ਼ੁਰਗ ਅਤੇ ਰਿਸ਼ੀ, ਜੋ ਕਿ ਹਿੰਦੂਆਂ ਤੇ ਸਿੱਖਾਂ ਦੋਹਾਂ ਦੇ ਪੂਜਯ ਹਨ, ਵਿਸ਼ਵਾਸਘਾਤ ਨਾਲੋਂ ਵੱਡਾ ਮਹਾਨ ਪਾਪ ਹੋਰ ਕੋਈ ਨਹੀਂ ਗਿਣਦੇ ਸਨ। ਮਹਾਂਭਾਰਤ (ਆਦਿ ਪਰਵਮ, 74.25) ਵਿਚ ਲਿਖਿਆ ਹੈ :

> ਯੋ ਅਨਯਥਾਸੰਤਾਤਮਾਨਮ ਅਨਯਥਾ ਪ੍ਰਤਿਪਦਯਤੇ,
> ਕਿੰਤੇਣ ਨ ਕ੍ਰਤਮ ਪਾਪਮ ਚੋਰੈਣਾਤਮਾਪਹਾਰਿਨਮ॥

ਅਰਥਾਤ, ਜਿਸ ਦੇ ਮਨ ਵਿਚ ਹੋਰ ਹੈ, ਪਰ ਬਚਨਾਂ ਦਵਾਰਾ ਹੋਰ ਪ੍ਰਗਟ ਕਰਦਾ ਹੈ, ਉਸ ਕੋਲੋਂ ਕੋਈ ਪਾਪ ਵੀ ਅਸੰਭਵ ਨਹੀਂ ਹੈ। ਕਿਉਂ ਜੁ ਆਪਣੀ ਆਤਮਾ ਦਾ ਚੋਰ ਅਤੇ ਡਾਕੂ ਤਾਂ ਉਹ ਸਪੱਸ਼ਟ ਹੈ ਹੀ।

ਮੈਂ ਇਹ ਸਦਨ ਦੇ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪਣਾ ਧਿਆਨ 1929 ਦੀ ਹਿਮ ਰਿਤੂ ਵੱਲ ਲੈ ਜਾਣ ਜਦੋਂ ਕਿ, ਲਾਹੌਰ ਵਿਚ ਰਾਵੀ ਦੇ ਕੰਢੇ ਉੱਤੇ ਸਰਬ ਹਿੰਦ ਕਾਂਗਰਸ ਕਮੇਟੀ ਦਾ ਸਮਾਗਮ ਹੋਇਆ ਸੀ ਅਤੇ ਜਦੋਂ ਹਿੰਦੁਸਤਾਨ ਲਈ ਪੂਰਨ ਅਜ਼ਾਦੀ ਦਾ ਮਤਾ ਪਾਸ ਕੀਤਾ ਗਿਆ ਸੀ। ਮਾਘ ਦੀ ਉਸ ਠੰਡੀ ਰਾਤ

ਮੈਂ ਇਕ ਵਿਦਿਆਰਥੀ-ਵਾਲੰਟੀਅਰ ਦੇ ਰੂਪ ਵਿਚ ਉਥੇ ਮੌਜੂਦ ਸਾਂ। ਉਸ ਤੋਂ ਪਹਿਲੇ ਦਿਨ ਸਿੱਖਾਂ ਨੇ ਆਪਣੇ ਲੀਡਰ ਬਾਬਾ ਖੜਕ ਸਿੰਘ ਦੀ ਸਰਕਰਦਗੀ ਵਿਚ, ਪੰਜ ਲੱਖ ਨਰ-ਨਾਰੀ ਦਾ ਸ਼ਾਨਦਾਰ ਜਲੂਸ ਕੱਢਿਆ ਸੀ, ਜਿਸ ਬਾਬਤ ਕਿ ਲੰਡਨ ਦੇ *ਟਾਈਮਜ਼* ਅਖ਼ਬਾਰ ਨੇ ਲਿਖਿਆ ਸੀ ਕਿ:

> **"ਇਸ ਜਲੂਸ ਦੀ ਸ਼ਾਨ ਦੇ ਸਾਹਮਣੇ ਕਾਂਗਰਸ ਦੀ ਜਲਸੀ ਤੇ ਜਲੂਸੀ ਫਿੱਕੀ ਪੈ ਗਈ ਅਤੇ ਕਾਂਗਰਸੀਆਂ ਨੇ ਆਪਣਾ ਸਿਰ ਸ਼ਰਮ ਨਾਲ ਝੁਕਾ ਲਿਆ।"**

ਉਸ ਤੋਂ ਦੂਜੇ ਦਿਨ, ਮਹਾਤਮਾ ਗਾਂਧੀ, ਪੰਡਤ ਮੋਤੀ ਲਾਲ ਨਹਿਰੂ ਤੇ ਪੰਡਤ ਜਵਾਹਰ ਲਾਲ, ਬਾਬਾ ਖੜਕ ਸਿੰਘ ਜੀ ਦੇ ਨਿਵਾਸ ਅਸਥਾਨ, ਚਬੁਰਜੀ, ਵਿਖੇ ਪਹੁੰਚੇ ਤੇ ਇਹ ਵਿਸ਼ਵਾਸ ਦਿਵਾਇਆ ਕਿ ਜਿਸ ਵੇਲੇ ਹਿੰਦੁਸਤਾਨ ਅਜ਼ਾਦ ਹੋ ਜਾਏਗਾ, ਕੋਈ ਵਿਧਾਨ ਅਜਿਹਾ ਨਹੀਂ ਬਣਾਇਆ ਜਾਏਗਾ ਜਿਹੜਾ ਕਿ ਸਿੱਖਾਂ ਨੂੰ ਮਨਜ਼ੂਰ ਤੇ ਕਬੂਲ ਨਾ ਹੋਵੇ ਅਤੇ ਇਸੇ ਮਤਲਬ ਦਾ ਮਤਾ ਵੀ ਕਾਂਗਰਸ ਨੇ ਪਾਸ ਕਰ ਦਿੱਤਾ।

ਉਸ ਤੋਂ ਪਿੱਛੋਂ ਸੰਨ 1947 ਤਕ ਇਸ ਮਤੇ ਦੀ ਪ੍ਰੋੜ੍ਹਤਾ ਕਈ ਵਾਰ ਕਾਂਗਰਸ ਨੇ ਕੀਤੀ ਅਤੇ ਸੰਨ 1950 ਤਕ ਇਸ ਮਤੇ ਨੂੰ ਕਾਂਗਰਸ ਨੇ ਅਮੰਨਾ ਨਹੀਂ ਕੀਤਾ। 1950 ਵਿਚ ਜਦੋਂ ਸੁਤੰਤਰ ਭਾਰਤ ਦਾ ਵਿਧਾਨ ਬਣਾਇਆ ਗਿਆ ਤਾਂ ਇਸ ਮਤੇ ਉੱਤੇ ਅਮਲ ਕਰਨ ਤੋਂ ਸਿੱਧਾ ਤੇ ਸਾਫ਼ ਇਨਕਾਰ ਕਰ ਦਿੱਤਾ ਗਿਆ।

ਸਿੱਖ, ਜਿਹੜੇ ਕਿ ਵਿਸਾਹ ਪਾਲਣ ਵਾਲੇ ਅਤੇ ਵਿਸ਼ਵਾਸ ਕਰਨ ਵਾਲੇ ਹਨ, ਉਨ੍ਹਾਂ ਨੇ ਪੂਰੇ 20 ਸਾਲ ਕਾਂਗਰਸ ਦੇ ਵਿਸ਼ਵਾਸ ਉੱਤੇ ਪੂਰਾ ਭਰੋਸਾ ਰੱਖਿਆ ਅਤੇ ਜਦੋਂ ਕਦੇ ਵੀ ਉਨ੍ਹਾਂ ਨੂੰ ਅੰਗਰੇਜ਼ਾਂ ਵੱਲੋਂ ਜਾਂ ਮੁਸਲਮਾਨਾਂ ਵੱਲੋਂ ਰਾਜਸੀ ਅਧਿਕਾਰਾਂ ਬਾਰੇ ਕੋਈ ਪੇਸ਼ਕਸ਼ ਵੀ ਹੋਈ, ਉਹ ਉਨ੍ਹਾਂ ਨੇ ਤੁਰੰਤ ਨਾ-ਮਨਜ਼ੂਰ ਕਰ ਦਿੱਤੀ। ਇਸ ਸਮੇਂ ਵਿਚ ਮੁਸਲਮਾਨਾਂ ਵੱਲੋਂ ਤੇ ਅੰਗਰੇਜ਼ਾਂ ਵੱਲੋਂ, ਇਕ ਤੋਂ ਵੱਧ ਵਾਰ ਸਿੱਖਾਂ ਨੂੰ ਸੁੰਤਤਰ ਰਾਜ, ਆਪਣਾ ਆਜ਼ਾਦ ਦੇਸ਼, ਦੇਣ ਤਕ ਦੇ ਯਤਨ ਹੋਏ ਜਿਹੜਾ ਦੇਸ਼ ਕਿ ਦਰਿਆ ਘੱਗਰ ਤੋਂ ਲੈ ਕੇ ਚਨਾਬ ਦੇ ਕੰਢਿਆਂ ਤਕ ਮਿੱਥਿਆ ਗਿਆ ਸੀ, ਪਰ ਸਿੱਖਾਂ ਨੇ ਇਸ ਨੂੰ ਕਬੂਲਣੋਂ ਨਾਂਹ ਕਰ ਦਿੱਤੀ।

ਹੁਣ ਮੈਂ ਸੰਨ 1932 ਵੱਲ ਆਉਂਦਾ ਹਾਂ, ਜਦੋਂ ਲੰਦਨ ਵਿਚ ਦੂਜੀ ਗੋਲ-ਮੇਜ਼ ਕਾਨਫ਼ਰੰਸ ਹੋ ਰਹੀ ਸੀ ਅਤੇ ਸਿਆਲਕੋਟ ਵਾਲੇ ਸਰਦਾਰ ਬਹਾਦਰ ਸ਼ਿਵਦੇਵ ਸਿੰਘ ਜਿਸ ਵੇਲੇ ਕਿ 'ਕੌਂਸਲ ਆਫ਼ ਇੰਡੀਆ' ਦੇ ਮੈਂਬਰ ਸਨ, ਉਸ ਸਮੇਂ ਬਰਤਾਨਵੀ ਸਰਕਾਰ ਦੇ ਲੀਡਰਾਂ ਨੇ, ਸਰਦਾਰ ਬਹਾਦਰ ਸ਼ਿਵਦੇਵ ਸਿੰਘ ਦੁਆਰਾ, ਸਿੱਖਾਂ ਨੂੰ ਇਹ ਪੇਸ਼ਕਸ਼ ਕੀਤੀ ਕਿ ਜੇ ਉਹ ਕਾਂਗਰਸ ਨਾਲੋਂ ਆਪਣਾ ਸੰਬੰਧ ਪੱਕੇ ਤੌਰ 'ਤੇ ਤੋੜ ਲੈਣ ਤਾਂ ਅੰਗਰੇਜ਼, ਸਿੱਖਾਂ ਨੂੰ ਪੰਜਾਬ ਅਤੇ ਹਿੰਦੁਸਤਾਨ ਵਿਚ ਇਤਨੀ ਠੋਸ ਸ਼ਕਤੀ ਦੇ ਦੇਣਗੇ, ਜਿਸ ਦੁਆਰਾ ਕਿ, ਜਦੋਂ ਉਹ ਹਿੰਦੁਸਤਾਨ ਨੂੰ ਆਜ਼ਾਦ ਕਰਨ, ਸਿੱਖ ਹਿੰਦੁਸਤਾਨ ਦੇ ਤੀਜੇ ਭਾਈਵਾਲ ਬਣ ਸਕਣ।

ਇਹ ਮਾਸਟਰ ਤਾਰਾ ਸਿੰਘ, ਜਿਸ ਦੇ ਔਗੁਣਾਂ ਨੂੰ ਦਿਨ ਰਾਤ ਗਿਣਿਆ ਜਾਂਦਾ

ਹੈ, ਇਹ ਮਾਸਟਰ ਤਾਰਾ ਸਿੰਘ ਜਿਹੜਾ ਹੱਦ ਤੋਂ ਵੱਧ ਸਰਲ ਸੁਭਾਅ ਹੈ, ਉਸ ਨੇ ਇਹ ਭਾਰੀ ਪੇਸ਼ਕਸ਼ ਫ਼ੌਰਨ ਨਾ-ਮਨਜ਼ੂਰ ਕਰ ਦਿੱਤੀ।

ਸ੍ਰੀਮਤੀ ਪ੍ਰਧਾਨ ਮੰਤਰੀ ਸਾਹਿਬਾ, ਮੈਂ ਉਸ ਵੇਲੇ ਕੈਂਬਰਿਜ ਦੀ ਯੂਨੀਵਰਸਿਟੀ ਵਿਚ ਵਿਦਿਆਰਥੀ ਸਾਂ ਅਤੇ ਇਹ ਸਾਰੀਆਂ ਗੱਲਾਂ ਮੇਰੇ ਸਾਹਮਣੇ ਤੇ ਹੱਥੀਂ ਹੋਈਆਂ।

ਹੁਣ ਤੀਜੀ ਸਾਖੀ ਸੁਣੋ। ਸੰਨ 1946, ਜੁਲਾਈ ਦੇ ਮਹੀਨੇ, ਆਲ ਇੰਡੀਆ ਕਾਂਗਰਸ ਕਮੇਟੀ ਦਾ ਜਲਸਾ ਕਲਕੱਤੇ ਹੋਇਆ, ਜਿਸ ਵਿਚ ਕਿ ਸਿੱਖਾਂ ਨਾਲ ਕੀਤੇ ਗਏ ਰਾਜਸੀ ਪ੍ਰਣ ਦੁਹਰਾਏ ਗਏ। 6 ਜੁਲਾਈ, 1946 ਨੂੰ ਕਾਂਗਰਸ ਦੇ ਪ੍ਰਧਾਨ, ਪੰਡਤ ਜਵਾਹਰ ਲਾਲ ਨਹਿਰੂ ਨੇ ਇਕ ਪ੍ਰੈੱਸ ਕਾਨਫ਼ਰੰਸ ਕਲਕੱਤੇ ਵਿਚ ਕੀਤੀ ਜਿਸ ਵਿਚ ਫਫੇ-ਕੁੱਟਣੀਆਂ ਵਾਲੇ ਇਹ ਸ਼ਬਦ ਕਹੇ ਗਏ :

> "ਪੰਜਾਬ ਦੇ ਬਹਾਦੁਰ ਸਿੱਖ ਵਿਸ਼ੇਸ਼ ਸਲੂਕ ਦੇ ਅਧਿਕਾਰੀ ਹਨ। ਮੈਨੂੰ ਇਸ ਵਿਚ ਕੋਈ ਆਪੱਤੀ ਨਹੀਂ ਦਿੱਸਦੀ ਕਿ ਹਿੰਦੁਸਤਾਨ ਦੇ ਉੱਤਰ ਵਿਚ ਇਕ ਅਜਿਹਾ ਇਲਾਕਾ ਵੱਖਰਾ ਕਰ ਦਿੱਤਾ ਜਾਵੇ, ਜਿਥੇ ਕਿ ਸੁਤੰਤਰਤਾ ਦਾ ਨਿੱਘ ਸਿੱਖਾਂ ਦੇ ਲਹੂ ਨੂੰ ਵੀ ਗਰਮਾਵੇ।"

ਇਨ੍ਹਾਂ ਕਾਵਯਮਈ ਸ਼ਬਦਾਂ ਨਾਲ ਸਿੱਖਾਂ ਨੂੰ ਅਜ਼ਾਦ ਭਾਰਤ ਵਿਚ ਇਕ ਸੁਤੰਤਰ ਦੇਸ਼ ਦੇਣ ਦਾ ਬਚਨ ਦਿੱਤਾ ਗਿਆ।

ਚੌਥੀ ਸਾਖੀ ਇਉਂ ਹੈ ਕਿ ਸੰਨ 1946 ਦੀਆਂ ਸਰਦੀਆਂ ਵਿਚ, ਜਦੋਂ ਕੈਬਨਿਟ ਮਿਸ਼ਨ ਦਿੱਲੀ ਆਇਆ ਤਾਂ ਉਨ੍ਹਾਂ ਨੇ ਸਰਦਾਰ ਬਲਦੇਵ ਸਿੰਘ ਨੂੰ ਬਰਤਾਨਵੀ ਸਰਕਾਰ ਵੱਲੋਂ ਇਹ ਸੁਨੇਹਾ ਦਿੱਤਾ ਕਿ ਜੇ ਸਿੱਖ ਕਾਂਗਰਸ ਨਾਲੋਂ ਕਿਵੇਂ ਵੀ ਵੱਖ ਹੋਣਾ ਨਹੀਂ ਲੋਚਦੇ ਅਤੇ ਹਿੰਦੂਆਂ ਦੇ ਨਾਲ ਰਲ ਕੇ ਹੀ ਰਹਿਣਾ ਚਾਹੁੰਦੇ ਹਨ ਤਾਂ, ਉਨ੍ਹਾਂ ਸ਼ੁਭ ਇੱਛਾ ਦੇ ਪ੍ਰਗਟਾਵੇ ਲਈ ਜੋ ਕਿ ਅੰਗਰੇਜ਼ ਜਾਤੀ ਦੇ ਹਿਰਦੇ ਵਿਚ ਸਿੱਖਾਂ ਲਈ ਹਨ, ਬਰਤਾਨਵੀ ਸਰਕਾਰ ਅਜਿਹਾ ਵਿਧਾਨ ਨਿਸਚਿਤ ਕਰਨ ਲਈ ਤਿਆਰ ਹੈ, ਜਿਸ ਵਿਚ ਕਿ ਉਹ, ਜਿਥੋਂ ਤਕ ਸਿੱਖ ਹੋਮਲੈਂਡ, ਸਿੱਖਾਂ ਦੀ ਪਿਤ੍ਰੀ ਭੂਮੀ, ਅਥਵਾ ਸਿੱਖਸਤਾਨ ਦਾ ਸੰਬੰਧ ਹੈ, ਅਰਥਾਤ ਘੱਗਰ ਤੇ ਚਨਾਬ ਵਿਚਲਾ ਇਲਾਕਾ, ਉਥੇ ਹਿੰਦੁਸਤਾਨ ਦੀ ਤਕਸੀਮ ਹੋਣ ਪਿੱਛੋਂ, ਨਾ ਭਾਰਤ ਤੇ ਨਾ ਪਾਕਿਸਤਾਨ ਕੋਈ ਅਜਿਹਾ ਕਾਨੂੰਨ ਲਾਗੂ ਕਰ ਸਕੇ ਜਿਹੜਾ ਕਿ ਸਿੱਖਾਂ ਨੂੰ ਕਬੂਲ ਨਾ ਹੋਵੇ। ਸ: ਬਲਦੇਵ ਸਿੰਘ ਨੇ ਝਟਪਟ ਇਹ ਸਾਰੀ ਗੱਲਬਾਤ ਨਹਿਰੂ ਜੀ ਨੂੰ ਆ ਦੱਸੀ ਤੇ ਉਨ੍ਹਾਂ ਦੀ ਸਲਾਹ ਨਾਲ, ਬਰਤਾਨਵੀ ਸਰਕਾਰ ਦੀ ਇਹ ਪੇਸ਼ਕਸ਼ ਰੱਦ ਕਰ ਦਿੱਤੀ। ਜੇ ਸਿੱਖ ਉਸ ਵੇਲੇ ਇਹ ਪੇਸ਼ਕਸ਼ ਮੰਨ ਲੈਂਦੇ, ਤਾਂ ਇਹ ਕਾਂਗਰਸ ਦੇ, ਪੰਡਤ ਜਵਾਹਰ ਲਾਲ ਨਹਿਰੂ ਦੁਆਰਾ ਸੰਨ 1946 ਦੀ ਕਲਕੱਤੇ ਵਿਚ ਕੀਤੀ ਪੇਸ਼ਕਸ਼ ਨਾਲੋਂ ਵੀ ਕਿਤੇ ਵਧੇਰੇ ਵੱਡੀ ਪੇਸ਼ਕਸ਼ ਸੀ ਅਤੇ ਇਸ ਦੁਆਰਾ ਸਿੱਖ ਪਾਕਿਸਤਾਨ ਅਤੇ ਭਾਰਤ ਦੋਹਾਂ ਦੇਸ਼ਾਂ ਵਿਚ ਸ਼ਕਤੀਸ਼ਾਲੀ, ਪ੍ਰਭਾਵਸ਼ਾਲੀ ਅਸਥਾਨ ਪ੍ਰਾਪਤ ਕਰ ਸਕਦੇ ਸਨ।

ਪੰਜਵੀਂ ਗੱਲ ਇਉਂ ਹੈ ਕਿ ਸੰਨ 1947, ਅਪ੍ਰੈਲ ਦੇ ਮਹੀਨੇ, ਵਿਚ ਮਿਸਟਰ ਜਿਨਾਹ ਨੇ, ਬਰਤਾਨਵੀ ਸਰਕਾਰ ਦੇ ਕੁਝ ਉੱਘੇ ਲੀਡਰਾਂ ਨਾਲ ਸਲਾਹ ਕਰ ਕੇ,

ਸਿੱਖਾਂ ਨੂੰ ਇਕ ਪੇਸ਼ਕਸ਼ ਕੀਤੀ। ਪਹਿਲਾਂ ਤਾਂ ਇਹ ਗੱਲ ਮਾਸਟਰ ਤਾਰਾ ਸਿੰਘ ਜੀ ਨਾਲ ਕੀਤੀ ਗਈ ਤੇ ਪਿੱਛੋਂ ਮਹਾਰਾਜਾ ਪਟਿਆਲਾ ਨਾਲ। ਪੇਸ਼ਕਸ਼ ਇਹ ਸੀ ਕਿ ਪਟਿਆਲੇ ਦੀ ਰਿਆਸਤ ਨੂੰ ਇਕ ਸੁਤੰਤਰ ਦੇਸ਼ ਸਥਾਪਤ ਕਰ ਕੇ, ਪਾਣੀਪਤ ਤੋਂ ਲੈ ਕੇ ਰਾਵੀ ਦਰਿਆ ਦੇ ਕੰਢਿਆਂ ਤਕ ਦੇ ਇਲਾਕੇ ਵਿਚ ਮਿਲਾ ਦਿੱਤੇ ਜਾਣ। ਇਹੋ ਦੇਸ਼ ਸਿੱਖਸਤਾਨ ਬਣ ਜਾਵੇ ਅਤੇ ਫਿਰ ਇਹ ਸਿੱਖਸਤਾਨ ਪਾਕਿਸਤਾਨ ਨਾਲ ਸੰਧੀ ਕਰ ਕੇ ਆਪਣੀ ਰੱਖਿਆ ਆਦਿ ਦੇ ਸਾਂਝੇ ਪ੍ਰਬੰਧ ਕਰ ਲਵੇ। ਮਾਸਟਰ ਤਾਰਾ ਸਿੰਘ ਨੇ ਤਾਂ ਇਹ ਪੇਸ਼ਕਸ਼, ਬਿਨਾਂ ਕਿਸੇ ਨਾਲ ਸਲਾਹ ਕੀਤੇ ਦੇ ਹੀ, ਠੁਕਰਾ ਦਿੱਤੀ, ਪਰ ਮਹਾਰਾਜਾ ਪਟਿਆਲਾ ਨੇ ਸਰਦਾਰ ਪਟੇਲ ਤੇ ਸ੍ਰੀ ਜਵਾਹਰ ਲਾਲ ਨਹਿਰੂ ਨਾਲ ਸਲਾਹ ਕਰਕੇ ਇਸ ਨੂੰ ਰੱਦ ਕਰ ਦਿੱਤਾ।

ਛੇਵੀਂ ਕੜੀ ਇਸ ਕਥਾ ਦੀ ਇਉਂ ਹੈ:

9 ਦਸੰਬਰ, ਸੰਨ 1946 ਨੂੰ ਜਦੋਂ ਕਿ ਹਿੰਦੁਸਤਾਨ ਦੀ ਕੰਸਟੀਚਿਊਐਂਟ ਅਸੈਂਬਲੀ ਦੀ ਪਹਿਲੀ ਬੈਠਕ ਦਿੱਲੀ ਵਿਚ ਹੋਈ ਤਾਂ ਉਸ ਸਮੇਂ, ਬਾਬੂ ਰਾਜਿੰਦਰ ਪ੍ਰਸ਼ਾਦ ਦੀ ਪ੍ਰਧਾਨਗੀ ਹੇਠ ਪੰਡਤ ਜਵਾਹਰ ਲਾਲ ਨਹਿਰੂ ਨੇ ਪਹਿਲਾਂ ਤੇ ਬੁਨਿਆਦੀ ਮਤਾ ਪੇਸ਼ ਕੀਤਾ, ਜਿਸ ਵਿਚ ਇਹ ਸ਼ਬਦ ਅੰਕਤ ਹਨ:

> **"ਘੱਟ-ਗਿਣਤੀਆਂ ਦੇ ਰਾਜਸੀ ਅਧਿਕਾਰਾਂ ਦੀ ਰੱਖਿਆ ਲਈ ਪੂਰਨ ਪ੍ਰਬੰਧ ਕੀਤੇ ਜਾਣਗੇ। ਇਹ ਸਾਡਾ ਐਲਾਨ ਹੈ ਤੇ ਇਹ ਸਾਡਾ ਪ੍ਰਣ ਹੈ ਤੇ ਇਹ ਅਸਾਡਾ ਬਚਨ ਹੈ ਜੋ ਅਸੀਂ ਸਾਰੇ ਸੰਸਾਰ ਦੇ ਰੂ-ਬ-ਰੂ ਹਿੰਦੁਸਤਾਨ ਦੇ ਕਰੋੜਾਂ ਸ਼ਹਿਰੀਆਂ ਨੂੰ ਦਿੰਦੇ ਹਾਂ। ਇਸ ਲਈ ਇਹ ਇਕ ਪਵਿੱਤਰ ਸੌਗੰਦ[1] ਹੈ, ਜਿਸ ਦਾ ਪਾਲਣ ਕਰਨਾ ਸਾਡਾ ਪਰਮ ਧਰਮ ਹੈ।"**

ਜੋ ਲੋਕ ਰੱਬ ਦੇ ਭਉ ਤੇ ਗੁਰੂ ਦੇ ਡਰ ਤੋਂ ਆਜ਼ਾਦ ਹੋ ਕੇ ਝੂਠੀਆਂ ਸਹੁੰਆਂ

---

1. ਆਪਣੀ ਸੁਆਰਥ-ਸਿੱਧੀ ਲਈ ਅਤੇ ਵੇਲਾ ਟਪਾਉਣ ਲਈ ਝੂਠੀਆਂ ਸਹੁੰਆਂ ਸੌਗੰਦਾਂ ਖਾ ਲੈਣੀਆਂ ਕਾਂਗਰਸ ਲਈ ਕੋਈ ਨਵੀਂ ਗੱਲ ਨਹੀਂ ਜਾਪਦੀ। 16 ਮਾਰਚ, ਸੰਨ 1931 ਨੂੰ ਮਹਾਤਮਾ ਗਾਂਧੀ, ਗੁਰਦੁਆਰਾ ਸੀਸ ਗੰਜ ਦੇ ਇਕ ਵਿਸ਼ੇਸ਼ ਦੀਵਾਨ ਵਿਚ ਗਏ ਜਿਥੇ ਕਿ ਉਨ੍ਹਾਂ ਨੂੰ ਮਾਣ-ਪੱਤਰ ਦਿੱਤਾ ਗਿਆ। ਉਨ੍ਹਾਂ ਕੋਲੋਂ ਪੁੱਛ ਕੀਤੀ ਗਈ ਕਿ ਜੇ ਕਾਂਗਰਸ ਸਿੱਖਾਂ ਨਾਲ ਕੀਤੇ ਕੌਲ-ਇਕਰਾਰਾਂ ਤੋਂ ਖਿਸਕ ਗਈ ਤਾਂ ਫੇਰ ਸਿੱਖ ਕੀ ਕਰਨਗੇ। ਮਹਾਤਮਾ ਗਾਂਧੀ ਨੇ ਜੋ ਉੱਤਰ ਦਿੱਤਾ, ਉਹ ਉਨ੍ਹਾਂ ਦੇ ਅਖ਼ਬਾਰ, *ਯੰਗ ਇੰਡੀਆ* ਮਿਤੀ 19 ਮਾਰਚ, 1931, ਵਿਚ ਛਪਿਆ ਹੋਇਆ ਹੈ ਅਤੇ ਉਸ ਵਿਚ ਇਹ ਸ਼ਬਦ ਹਨ: "ਸਰਦਾਰ ਮਧੁਸੂਦਨ ਸਿੰਘ ਜੀ ਨੇ ਮੈਨੂੰ ਇਹ ਭਰੋਸਾ ਦਿਵਾਉਣ ਲਈ ਕਿਹਾ ਹੈ ਕਿ ਕਾਂਗਰਸ ਸਿੱਖਾਂ ਨਾਲ ਕੀਤੇ ਕੌਲ-ਇਕਰਾਰਾਂ ਦਾ ਪਾਲਣ ਕਰੇਗੀ ਅਤੇ ਕਦੇ ਕੋਈ ਅਜਿਹਾ ਕਦਮ ਨਹੀਂ ਚੁੱਕੇਗੀ ਜਿਸ ਨਾਲ ਕਿ ਸਿੱਖਾਂ ਦੀ ਹਮਦਰਦੀ ਕਾਂਗਰਸ ਨਾਲੋਂ ਟੁੱਟ ਜਾਵੇ। ਭਰਾਵੋ, ਕਾਂਗਰਸ ਨੇ ਲਾਹੌਰ ਵਿਚ ਮਤਾ ਪਾਸ ਕਰ ਦਿੱਤਾ ਹੋਇਆ ਹੈ ਕਿ ਉਹ ਕੋਈ ਵਿਧਾਨ ਨਹੀਂ ਬਣਾਏਗੀ, ਜਿਸ ਨੂੰ ਸਿੱਖ ਆਪੂੰ ਪ੍ਰਵਾਨ ਨਾ ਕਰਨ। ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਨਾਲੋਂ ਹੋਰ ਵੱਧ ਭਰੋਸਾ ਮੈਂ ਸਿੱਖਾਂ ਨੂੰ ਕੀ ਦੇਵਾਂ ?....ਮੈਂ ਸਿੱਖਾਂ ਨੂੰ ਆਖਦਾ ਹਾਂ ਕਿ ਉਹ ਮੇਰੇ ਬਚਨਾਂ ਉੱਤੇ ਵਿਸ਼ਵਾਸ ਕਰਨ ਅਤੇ ਕਾਂਗਰਸ ਦੇ ਮਤੇ ਉੱਤੇ ਭਰੋਸਾ ਰੱਖਣ ਕਿ ਕਾਂਗਰਸ ਸਿੱਖ ਜਾਤੀ ਨਾਲ ਤਾਂ ਕੀ, ਕਿਸੇ ਇਕ ਵਿਅਕਤੀ ਨਾਲ ਵੀ ਵਿਸ਼ਵਾਸਘਾਤ ਨਹੀਂ ਕਰੇਗੀ। ਜੇ ਉਸ ਨੇ ਅਜਿਹਾ ਕੀਤਾ ਤਾਂ ਉਹ ਆਪਣੀ ਮੌਤ ਆਪ ਹੀ ਮਰ ਜਾਵੇਗੀ...ਸਿੱਖੋ, ਭਾਈਓ ਤੇ ਭੈਣੋਂ, ਮੇਰੀ ਬੇਨਤੀ ਹੈ ਕਿ ਤੁਸੀਂ ਸਾਰੇ ਸ਼ੱਕ ਤੇ ਸੰਸੇ ਛੱਡ ਦਿਓ...ਇਸ ਤੋਂ ਵੱਧ ਮੈਂ ਹੋਰ ਕੀ ਆਖਾਂ ? ਪਰਮਾਤਮਾ ਸਾਖੀ ਹੈ ਕਿ ਮੈਂ ਜੋ ਬਚਨ ਕਰ ਰਿਹਾ ਹਾਂ, ਉਨ੍ਹਾਂ ਤੋਂ ਮੈਂ ਅਤੇ ਕਾਂਗਰਸ ਕਦੇ ਨਹੀਂ ਫਿਰਾਂਗੇ।" ☛

ਸੌਗੰਦਾਂ ਰਾਜਸੀ ਪੱਧਰ ਉੱਤੇ ਚੁੱਕਦੇ ਹਨ, ਉਨ੍ਹਾਂ ਦੀ ਅੰਤਮ ਗਤੀ ਦੀ ਬਾਬਤ ਮੈਂ ਕੀ ਆਖਾਂ ? ਜਿਨ੍ਹਾਂ ਦੇ ਮਨ ਵਿੱਚੋਂ ਸ਼ਰਮ ਉੱਡ ਚੁੱਕੀ ਹੈ, ਜਿਨ੍ਹਾਂ ਦੀ ਆਤਮਾ ਵਿਚ ਧਰਮ ਦਾ ਅਭਾਵ ਹੋ ਗਿਆ ਹੈ, ਜਿਨ੍ਹਾਂ ਨੂੰ ਕੋਈ ਉਨ੍ਹਾਂ ਦੇ ਪਾਪ ਕਰਮਾਂ ਦਾ ਦੰਡ ਦੇਣ ਵਾਲਾ ਦਿਖਾਈ ਨਹੀਂ ਦਿੰਦਾ, ਉਥੇ, ਜਿਨ੍ਹਾਂ ਵਿਚ ਵਿਸ਼ਵਾਸਘਾਤ ਹੋਇਆ ਹੈ, ਉਹ ਸਿਵਾਏ ਅਕਾਲ ਪੁਰਖ ਦੇ ਦਰਬਾਰ ਵਿਚ ਅਰਦਾਸ ਦੇ ਹੋਰ ਕਰ ਵੀ ਕੀ ਸਕਦੇ ਹਨ ? ਸਿੱਖ, ਇਸ ਸਮੇਂ, ਗੁਰੂ ਅਕਾਲ ਪੁਰਖ ਕੋਲ ਆਪਣੇ ਕਸ਼ਟਾਂ ਦਾ ਨਵਿਰਤੀ ਲਈ ਅਰਦਾਸ ਕਰ ਰਹੇ ਹਨ। ਪਰ ਜਿਨ੍ਹਾਂ ਲੋਕਾਂ ਦੇ ਹੱਥ ਰਾਜ ਦੀ ਸ਼ਕਤੀ ਆ ਜਾਂਦੀ ਹੈ, ਉਹ ਆਪਣੀ ਤਵਾਰੀਖ਼ ਵੀ ਆਪ ਹੀ ਘੜ ਲੈਂਦੇ ਹਨ।[1] ਇਸ ਲਈ ਮੈਂ ਸਿੱਖਾਂ ਨਾਲ ਵਿਸ਼ਵਾਸਘਾਤ ਦੀ ਇਸ ਦੁਖਦਾਈ ਕਥਾ ਦਾ ਵਰਣਨ ਕਰ ਰਿਹਾ ਹਾਂ ਤਾਂ ਜੁ ਆਉਣ ਵਾਲੀਆਂ ਨਸਲਾਂ ਸਚਾਈ ਤੋਂ ਜਾਣੂ ਹੋ ਜਾਣ।

ਹੁਣ ਮੈਂ ਸਤਵੀਂ ਸਾਖੀ ਵੱਲ ਆਉਂਦਾ ਹਾਂ। 12 ਮਈ, 1947 ਨੂੰ, ਹਿੰਦੁਸਤਾਨ ਦੇ ਗਵਰਨਰ ਜਨਰਲ ਲਾਰਡ ਮਾਊਂਟਬੈਟਨ, ਪੰਡਤ ਜਵਾਹਰ ਲਾਲ ਨਹਿਰੂ, ਨਵਾਬ ਲਿਆਕਤ ਅਲੀ ਖ਼ਾਂ ਅਤੇ ਸਰਦਾਰ ਬਲਦੇਵ ਸਿੰਘ, ਬਰਤਾਨਵੀ ਸਰਕਾਰ ਦੇ ਸੱਦੇ ਉੱਤੇ, ਲੰਡਨ ਨੂੰ ਹਵਾਈ ਜਹਾਜ਼ ਰਾਹੀਂ ਗਏ ਤਾਂ ਜੁ ਉਥੇ ਹਿੰਦੁਸਤਾਨ ਦੀ ਫ਼ਿਰਕੂ ਅੜਚਣ ਦੇ ਹੱਲ ਲੱਭਣ ਦਾ ਆਖ਼ਰੀ ਯਤਨ ਕੀਤਾ ਜਾਏ। ਜਦੋਂ ਮੁਸਲਿਮ ਲੀਗ ਤੇ ਕਾਂਗਰਸ ਵਿਚਕਾਰ ਕੋਈ ਗੱਲਬਾਤ ਨੇਪਰੇ ਨਾ ਚੜ੍ਹ ਸਕੀ ਅਤੇ ਪੰਡਤ ਜਵਾਹਰ ਲਾਲ ਨਹਿਰੂ ਨੇ ਹਿੰਦੁਸਤਾਨ ਨੂੰ ਵਾਪਸੀ ਰਵਾਨਗੀ ਮਿੱਥ ਲਈ ਤਾਂ ਬਰਤਾਨਵੀ ਸਰਕਾਰ ਦੇ ਇਕ ਪ੍ਰਮੁੱਖ ਨੇਤਾ ਨੇ ਸਰਦਾਰ ਬਲਦੇਵ ਸਿੰਘ ਨੂੰ ਸੁਨੇਹਾ ਭੇਜਿਆ ਕਿ ਜੇ ਉਹ ਇਕ ਦੋ ਦਿਨ ਪਿੱਛੇ ਠਹਿਰ ਜਾਣ ਤਦ :

> **"ਅਜਿਹੇ ਪ੍ਰਬੰਧ ਸੰਭਵ ਹਨ ਜਿਨ੍ਹਾਂ ਦੁਆਰਾ ਕਿ ਸਿੱਖ ਆਪਣੇ ਪੈਰਾਂ ਉੱਤੇ ਖੜੇ ਹੋ ਕੇ ਸੰਸਾਰ ਦੀ ਤਵਾਰੀਖ਼ ਵਿਚ ਭਾਈਵਾਲੀ ਪਾ ਸਕਣ।"**

ਸਰਦਾਰ ਬਲਦੇਵ ਸਿੰਘ ਨੇ, ਬਿਨਾਂ ਬਿਲੰਬ ਦੇ ਅਤੇ ਸ੍ਰੇਸ਼ਟਾਚਾਰ ਦੇ ਵਿਰੁੱਧ, ਇਹ ਭੇਤ ਵਾਲੀ ਗੱਲ ਝਟ ਪੰਡਤ ਨਹਿਰੂ ਨੂੰ ਜਾ ਦੱਸੀ ਅਤੇ ਪੰਡਤ ਨਹਿਰੂ ਦੀ ਪ੍ਰੇਰਨਾ ਅਨੁਸਾਰ, ਹਿੰਦੁਸਤਾਨ ਵਾਪਸ ਆਉਣ ਲਈ, ਉਨ੍ਹਾਂ ਨਾਲ ਹੀ ਹਵਾਈ ਜਹਾਜ਼ ਵਿਚ ਆ ਸਵਾਰ ਹੋਏ। ਵਿਦਾਇਗੀ ਵੇਲੇ ਸਰਦਾਰ ਬਲਦੇਵ ਸਿੰਘ ਨੇ ਸੰਸਾਰ ਦੇ ਅਖ਼ਬਾਰੀ ਪੱਤਰਕਾਰਾਂ ਦੁਆਰਾ ਬਿਨਾਂ ਨੀਤੀ ਵਿਚਾਰਨ ਦੇ ਇਉਂ ਦਮਗਜਾ ਮਾਰਿਆ :

> **"ਸਿੱਖ ਅੰਗਰੇਜ਼ਾਂ ਕੋਲੋਂ ਨਾ ਕੁਝ ਮੰਗਦੇ ਹਨ, ਨਾ ਕੁਝ ਲੋਚਦੇ ਹਨ, ਸਿਵਾਏ ਇਸ**

☛ ਜਦੋਂ ਪੁੱਛਿਆ ਗਿਆ ਕਿ ਜੇ ਸਿੱਖਾਂ ਨਾਲ ਧੋਖਾ ਹੋਇਆ ਤਾਂ ਮੁਲਕ ਅਜ਼ਾਦ ਹੋਣ ਉੱਤੇ ਸਿੱਖ ਤਾਂ ਨਿਹੱਥਲ ਹੋ ਜਾਣਗੇ ਤੇ ਸਾਰੀ ਹਿੰਦੂਆਂ ਦੇ ਹੱਥ ਚਲੀ ਜਾਵੇਗੀ, ਤਾਂ ਮਹਾਤਮਾ ਗਾਂਧੀ ਨੇ ਉੱਤਰ ਦਿੱਤਾ, "ਕਿ, ਉਸ ਸਮੇਂ ਸਿੱਖਾਂ ਦਾ ਇਹ ਹੱਕ ਹੋਵੇਗਾ ਕਿ ਉਹ ਹੱਥ ਵਿਚ ਤਲਵਾਰ ਫੜ ਕੇ ਬਗ਼ਾਵਤ ਕਰਨ ਅਤੇ ਵਾਹਿਗੁਰੂ ਅਤੇ ਮਨੁੱਖ-ਜਾਤੀ ਦੀ ਆਤਮਾ ਉਨ੍ਹਾਂ ਦੀ ਸਹਾਇਤਾ ਕਰਨਗੇ।"

1. "He who controls the past controls the future", George Orwell, in his book, 1884.

> ਗੱਲ ਦੇ ਕਿ ਅੰਗਰੇਜ਼ ਬਿਸਤਰਾ ਬੋਰੀਆ ਗੋਲ ਕਰ ਕੇ ਹਿੰਦੁਸਤਾਨ ਨੂੰ ਛੱਡ ਜਾਣ। ਸਿੱਖਾਂ ਨੇ ਜੋ ਕੁਝ ਵੀ ਰਾਜਸੀ ਅਧਿਕਾਰ ਲੈਣੇ ਜਾਂ ਮੰਗਣੇ ਹਨ, ਉਹ ਕਾਂਗਰਸ ਕੋਲੋਂ ਤੇ ਹਿੰਦੂਆਂ ਦੀ ਕ੍ਰਿਪਾਲਤਾ ਦੁਆਰਾ ਪ੍ਰਾਪਤ ਕਰਨਗੇ।"

ਹੁਣ ਅੱਠਵੀਂ ਤੇ ਅੰਤਲੀ ਸਾਖੀ ਇਉਂ ਹੈ ਕਿ ਜੁਲਾਈ 1947 ਵਿਚ ਅਣਵੰਡੇ ਪੰਜਾਬ ਦੀ ਲੈਜਿਸਲੇਟਿਵ ਅਸੈਂਬਲੀ ਦੇ ਹਿੰਦੂ ਤੇ ਸਿੱਖ ਮੈਂਬਰਾਂ ਦੀ ਇਕ ਬੈਠਕ ਦਿੱਲੀ ਵਿਚ ਹੋਈ ਜਿਥੇ ਕਿ ਉਨ੍ਹਾਂ ਨੇ ਸਰਬ-ਸੰਮਤੀ ਨਾਲ ਹਿੰਦੁਸਤਾਨ ਦੀ ਵੰਡ ਦੀ ਯੋਜਨਾ ਦੀ ਪ੍ਰੋੜ੍ਹਤਾ ਕੀਤੀ। ਉਸ ਮਤੇ ਵਿਚ ਇਹ ਸ਼ਬਦ ਵੀ ਮੌਜੂਦ ਹਨ :

> "ਹਿੰਦੁਸਤਾਨ ਦੀ ਵੰਡ ਤੋਂ ਪਿੱਛੋਂ ਪੰਜਾਬ ਦਾ ਜੋ ਭਾਗ ਭਾਰਤ ਵਿਚ ਰਹਿ ਜਾਵੇਗਾ, ਉਸ ਵਿਚ ਇਹ ਅਤੀ ਜ਼ਰੂਰੀ ਹੈ ਕਿ ਸਿੱਖਾਂ ਦੇ ਵਿਸ਼ੇਸ਼ ਰਾਜਸੀ ਅਧਿਕਾਰਾਂ ਨੂੰ ਸੁਰੱਖਿਅਤ ਕਰਨ ਦਾ ਬਾਨ੍ਹਣੂੰ ਬੰਨ੍ਹਿਆ ਜਾਏ।"

ਇਹ ਪੰਜਾਬ ਦੇ ਓਹੋ ਹਿੰਦੂ ਹਨ ਜਿਨ੍ਹਾਂ ਦੀ ਕਿ ਬੁੱਧੀ ਨਾਲੋਂ ਉਨ੍ਹਾਂ ਦੀ ਕੁਚੇਸ਼ਟਾ ਵਧੇਰੇ ਪ੍ਰਬਲ ਹੈ, ਜਿਨ੍ਹਾਂ ਨੇ ਭਾਰਤ ਸੁਤੰਤਰ ਹੋਣ ਪਿੱਛੋਂ ਕੋਈ ਢੰਗ-ਤਰੀਕਾ ਵਰਤਣੋਂ ਸੰਕੋਚ ਨਹੀਂ ਕੀਤਾ, ਜਿਸ ਦੁਆਰਾ ਕਿ ਸਿੱਖਾਂ ਨੂੰ ਹੀਣੇ ਬਣਾ ਕੇ ਆਪਣੇ ਅਧੀਨ ਰੱਖ ਸਕਣ। ਇਨ੍ਹਾਂ ਨੇ ਪਹਿਲਾਂ ਤਾਂ ਪੰਜਾਬੀ ਸੂਬੇ ਦੀ ਡੱਟ ਕੇ ਵਿਰੋਧਤਾ ਕੀਤੀ ਅਤੇ ਪਿੱਛੋਂ ਪੰਜਾਬੀ ਨੂੰ ਆਪਣੀ ਮਾਤ-ਭਾਸ਼ਾ ਮੰਨਣ ਤੋਂ ਇਨਕਾਰ ਕਰ ਦਿੱਤਾ।

ਅੱਜ ਜਿਹੜਾ ਬਿੱਲ ਅਸੀਂ ਵਿਚਾਰ ਰਹੇ ਹਾਂ, ਇਹ ਉਸ ਘਿਰਣਾ-ਭਰੀ ਕਥਾ ਦਾ ਹੀ ਅੰਤਮ ਅਧਿਆਇ ਹੈ, ਜਿਹੜੀ ਕਥਾ ਕਿ ਮੈਂ ਹੁਣੇ ਸੁਣਾ ਚੁੱਕਾ ਹਾਂ। ਜਦੋਂ ਸੰਨ 1950 ਵਿਚ ਸੁਤੰਤਰ ਹਿੰਦੁਸਤਾਨ ਦਾ ਨਵਾਂ ਵਿਧਾਨ ਨਿਰਮਤ ਕੀਤਾ ਗਿਆ ਤਾਂ ਸਿੱਖਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੇ ਅਥਵਾ ਅਕਾਲੀ ਮੈਂਬਰਾਂ ਨੇ ਗੱਜ-ਵੱਜ ਕੇ ਕਿਹਾ ਕਿ :

> "ਸਿੱਖ ਇਸ ਵਿਧਾਨ ਨੂੰ ਰੱਦ ਕਰਦੇ ਹਨ। ਸਿੱਖ ਇਸ ਵਿਧਾਨ ਨੂੰ ਕਬੂਲਣ ਤੋਂ ਇਨਕਾਰ ਕਰਦੇ ਹਨ।"

ਸਿੱਖਾਂ ਦੇ ਨੁਮਾਇੰਦਿਆਂ ਨੇ ਇਸ ਵਿਧਾਨ ਦੇ ਇਸ ਖਰੜੇ ਉੱਤੇ ਦਸਤਖ਼ਤ ਕਰਨ ਤੋਂ ਉੱਕਾ ਹੀ ਨਾਂਹ ਕਰ ਦਿੱਤੀ ਤਾਂ ਜੁ ਸਭ ਸੰਸਾਰ ਅਤੇ ਆਉਣ ਵਾਲੀਆਂ ਨਸਲਾਂ ਸਪੱਸ਼ਟ ਸਮਝ ਲੈਣ ਕਿ ਇਹ ਵਿਧਾਨ ਸਿੱਖਾਂ ਨਾਲ ਵਿਸਾਹਘਾਤ ਕਰ ਕੇ ਬਣਾਇਆ ਗਿਆ ਹੈ ਅਤੇ ਇਸ ਕਾਰਨ ਸਿੱਖਾਂ ਦੀ ਆਤਮਾ ਇਸ ਨੂੰ ਸਵੀਕਾਰ ਕਰਨ ਉੱਤੇ ਮਜਬੂਰ ਨਹੀਂ ਕੀਤੀ ਜਾ ਸਕਦੀ।

ਸ਼੍ਰੀਮਤੀ ਪ੍ਰਧਾਨ ਜੀਓ, ਭਾਰਤ ਦੇ ਸੁਤੰਤਰ ਹੋਣ ਤੋਂ ਪਿੱਛੋਂ, ਬੀਤ ਚੁੱਕੇ ਅਠਾਰਾਂ ਸਾਲਾਂ ਵਿਚ ਸਿੱਖਾਂ ਦੀ ਜੋ ਦੁਰਗਤੀ ਹੋਈ ਹੈ ਅਤੇ ਸਿੱਖਾਂ ਨਾਲ ਜੋ ਧੱਕੇ ਇਨ੍ਹਾਂ ਰਾਜਸੀ ਤੇ ਫ਼ਰੰਗੀ ਹਿੰਦੂਆਂ ਨੇ ਕੀਤੇ ਹਨ, ਉਸ ਦੁਖ ਭਰੇ ਕਾਂਡ ਨੂੰ ਮੈਂ ਅੱਜ ਸਮੇਂ ਦੀ ਥੁੜ ਦੇ ਕਾਰਨ ਨਹੀਂ ਛੋਹਂਦਾ। ਕੇਵਲ ਇਤਨਾ ਦੱਸਾਂਗਾ ਕਿ ਜਦੋਂ ਸੰਨ 1954

ਵਿਚ ਮਾਸਟਰ ਤਾਰਾ ਸਿੰਘ ਨੇ ਜਵਾਹਰ ਲਾਲ ਨਹਿਰੂ ਨੂੰ ਯਾਦ ਕਰਵਾਇਆ ਕਿ ਕਾਂਗਰਸ ਤੇ ਹਿੰਦੂਆਂ ਵੱਲੋਂ ਸਿੱਖਾਂ ਨਾਲ ਕੀਤੇ ਬਚਨ ਪੂਰੇ ਨਹੀਂ ਹੋਏ, ਤਦ ਪੰਡਤ ਜਵਾਹਰ ਲਾਲ ਨਹਿਰੂ ਨੇ ਬਿਨਾਂ ਝਿਜਕ ਉੱਤਰ ਦਿੱਤਾ ਕਿ, "ਹੁਣ ਸਮਾਂ ਬਦਲ ਗਿਆ ਹੈ।" ਸਿੱਖ ਭਲੀ ਪ੍ਰਕਾਰ ਜਾਣਦੇ ਹਨ ਕਿ ਹੁਣ ਸਮਾਂ ਬਦਲ ਗਿਆ ਹੈ।[1]

ਹੁਣ ਮੈਨੂੰ ਇਸ ਲਈ ਬਿੱਲ ਉੱਤੇ ਥੋੜੀ ਜਿਹੀ ਟੀਕਾ-ਟਿੱਪਣੀ ਕਰਨ ਦੀ ਆਗਿਆ ਦਿੱਤੀ ਜਾਵੇ। 21 ਮਾਰਚ, 1966 ਨੂੰ, ਗ੍ਰਹਿ ਮੰਤਰੀ ਨੇ ਸੁਪਰੀਮ ਕੋਰਟ ਦੇ ਇਕ ਜੱਜ ਦੀ ਪ੍ਰਧਾਨਗੀ ਹੇਠ ਕਮਿਸ਼ਨ ਨਿਯਤ ਕੀਤਾ ਕਿ ਪੰਜਾਬ ਦੇ ਪੰਜਾਬੀ ਤੇ ਹਿੰਦੀ ਭਾਗਾਂ ਨੂੰ ਵੱਖੋ-ਵੱਖਰੇ ਕਰ ਕੇ ਪੰਜਾਬ ਤੇ ਹਰਿਆਣਾ ਰਾਜ ਸਥਾਪਤ ਕੀਤੇ ਜਾਣ ਅਤੇ ਇਹ ਵੰਡ ਸੰਨ 1961 ਦੀ ਜਨ-ਸੰਖਿਆ ਦੇ ਆਧਾਰ ਉੱਤੇ ਹੋਵੇ ਅਤੇ ਇਹ ਵੰਡ ਕਰਨ ਵੇਲੇ ਤਹਿਸੀਲਾਂ ਦੀਆਂ ਹੱਦਾਂ ਨਾ ਤੋੜੀਆਂ ਜਾਣ। ਇਨ੍ਹਾਂ ਤਿੰਨਾਂ ਆਦੇਸ਼ਾਂ ਦੇ ਗੁਹਜ ਰਹੱਸ ਨੂੰ ਜੇ ਸਮਝਿਆ ਜਾਵੇ ਤਾਂ ਇਹ ਸਪੱਸ਼ਟ ਹੋ ਜਾਵੇਗਾ ਕਿ ਇਨ੍ਹਾਂ ਦਾ ਭਾਵ ਪੰਜਾਬ ਨੂੰ ਨਿਰਬਲ ਕਰਨਾ ਅਤੇ ਸਿੱਖ ਦਾ ਲੱਕ ਤੋੜਨਾ ਸੀ। 'ਸ਼ਾਹ-ਕਮਿਸ਼ਨ' ਨੇ ਇਸ ਗੁਹਜ-ਰਹੱਸ ਨੂੰ ਸਮਝਣ ਵਿਚ ਅਣਗਹਿਲੀ ਨਹੀਂ ਵਿਖਾਈ। ਜਿੰਨਾ ਛੋਟੇ ਤੋਂ ਛੋਟਾ ਪੰਜਾਬ ਹੋ ਸਕਿਆ, ਉਸ ਤੋਂ ਵੱਧ ਉਨ੍ਹਾਂ ਨਹੀਂ ਬਣਨ ਦਿੱਤਾ ਅਤੇ ਉਨ੍ਹਾਂ ਨੇ ਪੰਜਾਬ ਨੂੰ ਹੀਣਾ ਕਰਨ ਲਈ ਜੋ ਕੁਝ ਸਰ ਬਣ ਸਕਿਆ, ਕੀਤਾ ਹੈ ਤਾਂ ਜੁ ਪੰਜਾਬ ਦਾ ਇਲਾਕਾ ਤੇ ਹੱਕ ਖੋਹ-ਖਿੱਚ ਤੇ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਨੂੰ ਅਮੀਰ ਬਣਾਇਆ ਜਾ ਸਕੇ। ਡਲਹੌਜ਼ੀ ਪੰਜਾਬ ਕੋਲੋਂ ਖੋਹ ਲਈ ਹੈ ਕਿ ਇਹ ਪਹਾੜੀ ਇਲਾਕਾ ਹੈ ਅਤੇ ਮੋਰਨੀ, ਜਿਹੜੀ ਕਿ ਡਲਹੌਜ਼ੀ ਨਾਲੋਂ ਵੀ ਉਚੇਰਾ ਹੈ, ਉਹ ਹਰਿਆਣੇ ਨੂੰ ਦੇ ਦਿੱਤਾ ਹੈ ਕਿ ਇਥੇ ਹਿੰਦੂ ਵੱਸਦੇ ਹਨ।

ਇਹ ਦੁਖਦਾਈ ਕਥਾ ਇਉਂ ਜਾਰੀ ਹੈ ਅਤੇ ਨਵੀਆਂ ਕੜੀਆਂ ਘੜ ਕੇ ਪੰਜਾਬ ਨੂੰ ਪ੍ਰਾਧੀਨ ਤੇ ਨਿਰਬਲ ਕਰਨ ਦੇ ਭਰਪੂਰ ਜਤਨ ਕੀਤੇ ਗਏ ਹਨ। ਸਿੱਟੇ ਵਜੋਂ ਪੰਜਾਬ ਹੁਣ ਐਵੇਂ ਇਕ ਚੋਪੜਿਆ-ਲੇਪਿਆ ਜ਼ਿਲ੍ਹਾ ਪ੍ਰੀਸ਼ਦ ਰਹਿ ਗਿਆ ਹੈ ਅਤੇ ਇਹ ਸਿੱਖਾਂ ਲਈ ਇਕ ਕੁਰਾਟੀਨ ਬਣਾ ਦਿੱਤਾ ਗਿਆ ਹੈ। ਦੁੱਖ ਦੀ ਗੱਲ ਇਹ ਹੈ ਕਿ ਇਨ੍ਹਾਂ ਪਾਪ-ਕਰਮਾਂ ਦੀ ਪੂਰਤੀ ਲਈ ਦੇਸ਼ ਦੀ ਜੁਡੀਸ਼ਰੀ ਨੂੰ ਵਰਤਿਆ ਗਿਆ ਹੈ।

ਸ਼੍ਰੀਮਤੀ ਪ੍ਰਧਾਨ ਜੀਓ, ਮੈਨੂੰ ਇਹ ਕਹਿਣ ਦੀ ਆਗਿਆ ਦਿਉ ਕਿ ਭਾਰਤ

---

1. ਸੰਨ 1964 ਵਿਚ ਇਨ੍ਹਾਂ ਸਤਰਾਂ ਦਾ ਲਿਖਾਰੀ, ਦਿੱਲੀ ਪਾਰਲੀਮੈਂਟ ਵਿਚ, ਪਾਰਲੀਮੈਂਟ ਸੁਤੰਤਰ ਪਾਰਟੀ ਦਾ ਸੈਕ੍ਰੇਟਰੀ ਸੀ ਅਤੇ ਇਸ ਹੈਸੀਅਤ ਵਿਚ ਉਹ ਮਦਰਾਸ, ਸੁਤੰਤਰ ਪਾਰਟੀ ਦੇ ਨੇਤਾ ਤੇ ਨਿਰਮਾਤਾ, ਸ਼੍ਰੀ ਰਾਜਗੋਪਾਲਚਾਰੀ ਨੂੰ ਮਿਲਣ ਗਿਆ, ਤਦ ਰਾਜਾ ਜੀ ਨੇ ਦੱਸਿਆ ਕਿ ਸੰਨ 1946 ਵਿਚ ਉਨ੍ਹਾਂ ਨੇ ਮਾਸਟਰ ਤਾਰਾ ਸਿੰਘ (Dear old Master Ji) ਨੂੰ ਖ਼ਬਰਦਾਰ ਕਰ ਦਿੱਤਾ ਸੀ ਕਿ ਹੁਣੇ ਜੋ ਕੁਝ ਸਿੱਖ ਪ੍ਰਾਪਤ ਕਰ ਸਕਦੇ ਹਨ, ਅੰਗਰੇਜ਼ਾਂ ਤੇ ਮੁਸਲਮਾਨਾਂ ਨਾਲ ਸੁਲਹ-ਸਫ਼ਾਈ ਕਰ ਕੇ ਲੈ ਲੈਣ, ਪਿੱਛੋਂ ਹਿੰਦੂਆਂ ਨੇ ਕੁਝ ਵੀ ਨਹੀਂ ਦੇਣਾ ਦਵਾਣਾ। ਮੈਂ ਮੁੜਨ ਉਪਰੰਤ ਮਾਸਟਰ ਤਾਰਾ ਸਿੰਘ ਜੀ ਕੋਲੋਂ ਇਹੋ ਗੱਲ ਪੁੱਛੀ ਤਾਂ ਕਹਿਣ ਲੱਗੇ, 'ਹਾਂ ਗੱਲ ਹੋਈ ਤਾਂ ਸੀ, ਪਰ ਅਸੀਂ ਸੋਚਿਆ ਕਿ ਇਉਂ ਹਿੰਦੂਆਂ ਉੱਤੇ ਅਸਾਡੀ ਬੇਭਰੋਸਗੀ ਪ੍ਰਗਟ ਹੋਵੇਗੀ ਅਤੇ ਅਸੀਂ ਚੁੱਪ ਵੱਟੀ ਰੱਖੀ।'

ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ ॥
ਬਿਖੁ ਫਲੁ ਮੀਠਾ ਚਾਰਿ ਦਿਨ ਫਿਰਿ ਹੋਵੈ ਤਾਤਾ ਰਾਮ ॥ *(ਗੁਰੂ ਗ੍ਰੰਥ, ਆਸਾ ਮਹਲਾ ੧)*

ਦੇ ਸੁਤੰਤਰ ਹੋਣ ਤੋਂ ਪਿੱਛੋਂ ਜੋ ਪਾਪ ਸਭ ਤੋਂ ਵੱਡਾ ਕਾਂਗਰਸੀ ਹਾਕਮਾਂ ਨੇ ਕੀਤਾ ਹੈ, ਉਹ ਇਹ ਹੈ ਕਿ ਉਨ੍ਹਾਂ ਨੇ ਨਿਯਾਲਯਾਂ ਦੇ ਉੱਚ-ਅਧਿਕਾਰੀਆਂ ਨੂੰ ਮਹਾਨ ਅਨਿਆਇ ਦੇ ਰਾਜਸੀ ਕੰਮਾਂ ਲਈ ਵਰਤਿਆ ਹੈ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਲੋਕਾਂ ਦਾ ਭਰੋਸਾ ਅਦਾਲਤਾਂ ਤੋਂ ਉਠ ਗਿਆ ਹੈ। ਤਦ ਹੀ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 20 ਜੁਲਾਈ, 1966 ਨੂੰ ਇਹ ਮਤਾ ਪਾਸ ਕੀਤਾ :

"ਸਿੱਖਾਂ ਨਾਲ ਸੰਬੰਧਿਤ ਮਾਮਲਿਆਂ ਬਾਰੇ ਜੋ ਅਦਾਲਤੀ ਜਾਂਚ ਪੜਤਾਲਾਂ ਤੇ ਰੀਪੋਰਟਾਂ ਸੁਤੰਤਰ ਭਾਰਤ ਵਿਚ ਹੋਈਆਂ ਹਨ, ਉਨ੍ਹਾਂ ਉੱਤੇ ਦੀਰਘ ਵਿਚਾਰ ਕਰਨ ਪਿੱਛੋਂ ਇਹ ਸਿੱਟਾ ਨਿਕਲਦਾ ਹੈ ਕਿ ਅਜ਼ਾਦ ਹਿੰਦੁਸਤਾਨ ਵਿਚ ਅਦਾਲਤਾਂ ਅਤੇ ਅਦਾਲਤੀ ਕਾਰਵਾਈਆਂ ਉੱਤੇ ਰਾਜਸੀ ਹਿੰਦੂਆਂ ਨੇ ਅਯੋਗ ਪ੍ਰਭਾਵ ਇਸ ਪ੍ਰਕਾਰ ਪਾਏ ਹੋਏ ਹਨ ਕਿ ਸਿੱਖਾਂ ਨੂੰ ਕਿਸੇ ਅਦਾਲਤੀ ਢੰਗ ਅਤੇ ਰਾਹ ਦੁਆਰਾ ਇਨਸਾਫ਼ ਦੀ ਉਮੀਦ ਨਹੀਂ ਰਹਿ ਗਈ।"

ਮਾਨਯਵਰ ਮਹਿਲਾ ਪ੍ਰਧਾਨ ਸਾਹਿਬ, ਹੋ ਸਕਦਾ ਹੈ ਕਿ ਮੇਰੇ ਕੋਲੋਂ ਪੁੱਛਿਆ ਜਾਵੇ ਅਤੇ ਮੈਂ ਵੇਖ ਰਿਹਾ ਹਾਂ ਕਿ ਕਈ ਭਲੇ ਅਤੇ ਸੱਜਣ ਮੈਂਬਰ ਇਸ ਸਭਾ ਵਿਚ ਬੈਠੇ ਹਨ, ਜਿਨ੍ਹਾਂ ਦੇ ਮਨ ਵਿਚ ਕਈ ਇਸ ਪ੍ਰਕਾਰ ਦੇ ਪ੍ਰਸ਼ਨ ਉੱਠ ਰਹੇ ਹੋਣਗੇ : "ਇਹ ਸਿਰਦਾਰ ਕਪੂਰ ਸਿੰਘ, ਸਿਆਣਾ-ਬਿਆਣਾ ਹੋ ਕੇ ਸਿੱਖਾਂ ਦੀ ਗੱਲ ਲੋਕ-ਸਭਾ ਵਿਚ ਕਿਉਂ ਛੇੜ ਬੈਠਾ ਹੈ ? ਸਾਡੇ ਦੇਸ਼ ਵਿਚ ਅਫ਼ਿਰਕੂ ਰਾਜ ਸਥਾਪਤ ਹੋ ਚੁੱਕਾ ਹੈ ਅਤੇ ਸਾਂਝੀਆਂ ਵੋਟਾਂ ਨਾਲ ਰਾਜ ਕਰਨ ਦਾ ਵਿਧਾਨ ਬਣ ਗਿਆ ਹੈ। ਸਿੱਖਾਂ ਨਾਲ ਵਿਤਕਰਾ ਅਤੇ ਧੱਕਾ ਕਿਵੇਂ ਹੋ ਸਕਦਾ ਹੈ, ਸਾਡੇ ਵਿਧਾਨ ਵਿਚ ਤਾਂ ਸਿੱਖ ਹਿੰਦੂ ਦਾ ਵਿਤਕਰਾ ਮੰਨਿਆ ਹੀ ਨਹੀਂ ਗਿਆ।" ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਮੈਂ ਸਹਿਜੇ ਹੀ ਦੇ ਸਕਦਾ ਹਾਂ। ਵਿਧਾਨ ਅਤੇ ਕਾਨੂੰਨ ਤਾਂ ਕਿਤਾਬਾਂ ਵਿਚ ਲਿਖੇ ਹੁੰਦੇ ਹਨ, ਪਰ ਉਨ੍ਹਾਂ ਉੱਤੇ ਜਿਸ ਢੰਗ ਨਾਲ ਅਮਲ ਕੀਤਾ ਜਾਂਦਾ ਹੈ ਉਹ ਗੱਲ ਹੋਰ ਹੈ। ਗੱਲ ਕਹਿਣ ਦੀ ਹੋਰ ਹੁੰਦੀ ਹੈ ਤੇ ਕਰਨ ਦੀ ਹੋਰ, ਇਹੋ ਰਾਜਨੀਤੀ ਦਾ ਰਹੱਸਯ ਹੈ। ਜਿਹੜੇ ਲੋਕ ਇਸ ਪ੍ਰਕਾਰ ਦੀਆਂ ਭੁੱਲ-ਭੁਲਾਣੀਆਂ ਵਿਚ ਸਿੱਖਾਂ ਨੂੰ ਪਾਉਣ ਦਾ ਯਤਨ ਕਰਦੇ ਹਨ ਉਹ ਜਾਂ ਤਾਂ ਸਿੱਖਾਂ ਵਾਂਗ ਹੀ ਸਿੱਧੜ ਹਨ ਅਤੇ ਜਾਂ ਲੋੜ ਤੋਂ ਵੱਧ ਚਲਾਕ। *ਮੁੰਡੂਕੋਪਨਿਸ਼ਿਦ* ਵਿਚ ਲਿਖਿਆ ਹੈ ਕਿ ਸੰਸਾਰ, ਆਤਮਾ ਦੀਆਂ ਚਾਰ ਗਤੀਆਂ ਤੋਂ ਉਤਪੰਨ ਹੁੰਦਾ ਹੈ। ਇਸ ਨੂੰ 'ਚਤੁਰਪਾਦ' ਕਿਹਾ ਹੈ। ਇਸੇ ਤਰ੍ਹਾਂ ਅੱਜਕੱਲ ਦੇ ਰਾਜ-ਪ੍ਰਪੰਚ ਦੇ ਵੀ ਚਾਰ ਪੈਰ ਹਨ—ਪਾਰਲੀਮੈਂਟ, ਨੌਕਰਸ਼ਾਹੀ, ਅਦਾਲਤਾਂ ਅਤੇ ਪ੍ਰੈਸ। ਜਿਤਨਾ ਚਿਰ ਰਾਜ ਦੇ ਇਨ੍ਹਾਂ ਚਹੁੰ ਅੰਗਾਂ ਦੀ ਰੂਪ-ਰੇਖਾ ਨਾ ਪਛਾਣੀ ਜਾਵੇ, ਉਤਨਾ ਚਿਰ ਹਿੰਦੁਸਤਾਨ ਵਿਚ ਸਿੱਖਾਂ ਦੀ ਦੁੱਖ ਭਰੀ ਯੋਜਨਾ ਦੀ ਸੋਝੀ ਨਹੀਂ ਆ ਸਕਦੀ।

ਅਦਾਲਤਾਂ ਤੇ ਨੌਕਰਸ਼ਾਹੀ ਬਾਬਤ ਮੈਂ ਖੁੱਲ੍ਹੇ ਸੰਕੇਤ ਕਰ ਚੁੱਕਾ ਹਾਂ। ਹੁਣ ਮੈਂ ਪਾਰਲੀਮੈਂਟ ਵੱਲ, ਇਸ ਲੋਕ-ਸਭਾ ਵੱਲ ਕੁਝ ਇਸ਼ਾਰੇ ਕਰਦਾ ਹਾਂ। ਇਹ ਲੋਕ-ਸਭਾ ਮਹਾਨ ਗੌਰਵਸ਼ਾਲੀ ਸੰਸਥਾ ਹੈ ਅਤੇ ਇਸ ਦੇ ਸਤਿਕਾਰ ਨੂੰ ਕੋਈ ਭੰਗ ਕਰਨ ਦਾ

ਅਧਿਕਾਰੀ ਨਹੀਂ ਹੈ। ਪ੍ਰੰਤੂ ਸਿੱਖ ਭਲੀ ਪ੍ਰਕਾਰ ਜਾਣਦੇ ਹਨ ਕਿ ਸਾਂਝੇ ਵੋਟਾਂ ਦੀ ਚੋਣ ਰਾਹੀਂ ਉਹ ਦੋ-ਚਾਰ ਤੋਂ ਵੱਧ ਆਪਣੇ ਮੈਂਬਰ ਇਥੇ ਭੇਜ ਨਹੀਂ ਸਕਦੇ। ਇਹ ਦੋਹ-ਰਹੂ ਮੈਂਬਰਾਂ ਨੂੰ ਵੀ ਖੁੱਲ੍ਹੀ ਤੇ ਨਿਰਭੈ ਹੋ ਕੇ ਗੱਲ ਕਰਨ ਦੀ ਆਗਿਆ ਨਹੀਂ ਦਿੱਤੀ ਜਾਂਦੀ। ਪਿਛਲੇਰੇ ਮਹੀਨਿਆਂ ਵਿਚ ਹੀ ਇਹ ਵੇਖਣ ਵਿਚ ਆਇਆ ਹੈ ਕਿ ਘੱਟ-ਗਿਣਤੀ ਦੇ ਮੈਂਬਰਾਂ ਨੂੰ ਬਿਨਾਂ ਸੁਣੇ ਤੇ ਬਿਨਾਂ ਵਿਚਾਰੇ ਲੋਕ-ਸਭਾ ਵਿੱਚੋਂ ਖ਼ਾਰਜ ਕਰ ਦਿੱਤਾ ਜਾਂਦਾ ਹੈ ਅਤੇ ਪਿੱਛੋਂ ਵੀ ਆਪਣਾ ਦੁਖ ਰੋਣ ਦੀ ਆਗਿਆ ਨਹੀਂ ਦਿੱਤੀ ਜਾਂਦੀ। ਅਜਿਹੀ ਲੋਕ ਸਭਾ ਦੁਆਰਾ ਸਿੱਖ ਆਪਣੇ ਦੁੱਖਾਂ ਦੀ ਨਵਿਰਤੀ ਕਿਵੇਂ ਕਰਨ ?

ਹੁਣ ਮੈਂ ਪ੍ਰੈਸ ਦੀ ਗੱਲ ਕਰਦਾ ਹਾਂ। ਸਾਡੇ ਦੇਸ਼ ਦਾ ਪ੍ਰੈਸ ਅਜ਼ਾਦ ਹੈ ਅਤੇ ਬਹੁਤ ਹੱਕ ਤਕ ਨਿਰਪੱਖ ਵੀ। ਪਰ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਜਦੋਂ ਸਿੱਖਾਂ ਦਾ ਸਵਾਲ ਹੋਵੇ, ਉਸ ਵੇਲੇ ਉਨ੍ਹਾਂ ਦਾ ਰਵੱਈਆ ਕੀ ਹੁੰਦਾ ਹੈ। ਕੁਝ ਸਾਲ ਹੋਏ, ਇੰਗਲੈਂਡ ਵਿਚ ਕਈ ਅਖ਼ਬਾਰਾਂ ਦੇ ਮਾਲਕ ਲਾਰਡ ਬੀਵਰਬਰੁਕ, ਦੀ ਪ੍ਰਧਾਨ ਮੰਤਰੀ ਬਾਲਡਵਿਨ ਨਾਲ ਖੜਕ ਪਈ ਸੀ ਤਦ ਬਾਲਡਵਿਨ ਨੇ ਪ੍ਰੈਸ ਬਾਰੇ, ਇੰਗਲੈਂਡ ਦੀ ਪਾਰਲੀਮੈਂਟ ਵਿਚ ਕਿਹਾ ਸੀ :

> "ਪ੍ਰੈਸ ਕੋਲ ਸ਼ਕਤੀ ਹੈ, ਪਰ ਜ਼ਿੰਮੇਵਾਰੀ ਦਾ ਅਹਿਸਾਸ ਨਹੀਂ। ਇਨ੍ਹਾਂ ਕੋਲ ਕੰਜਰਾਂ ਤੇ ਕੰਜਰੀਆਂ ਵਾਲੇ ਸਭ ਅਧਿਕਾਰ ਹਨ।"

ਮੈਂ ਇਸ ਤੋਂ ਵੱਧ ਕੁਝ ਨਹੀਂ ਕਹਿੰਦਾ। ਮੈਂ ਬਹੁਤ ਕੁਝ ਕਹਿ ਚੁੱਕਾ ਹਾਂ ਜਿਸ ਨਾਲ ਕਿ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੇ ਮਤੇ ਨੰ: 2, ਜਿਹੜਾ ਕਿ 20 ਜੁਲਾਈ, 1966 ਨੂੰ ਪਾਸ ਕੀਤਾ ਗਿਆ, ਦੇ ਪਿਛੋਕੜ ਦੀ, ਜਿਥੋਂ ਤਕ ਕਿ ਇਸ ਦਾ ਸੰਬੰਧ ਇਸ ਬਿੱਲ ਨਾਲ ਹੈ, ਸਮਝ ਪੈ ਸਕਦੀ ਹੈ। ਉਹ ਮਤਾ ਇਉਂ ਹੈ :

> "ਸਿੱਖ ਨਿਸਚੈ ਕਰਦੇ ਹਨ ਅਤੇ ਐਲਾਨ ਕਰਦੇ ਹਨ ਕਿ ਉਹ ਆਪਣੀ ਪੂਰੀ ਸ਼ਕਤੀ ਨਾਲ, ਹਰ ਐਸੇ ਹਮਲੇ ਦਾ ਮੁਕਾਬਲਾ ਕਰਨਗੇ, ਜਿਸ ਦਾ ਭਾਵ ਕਿ ਸਿੱਖਾਂ ਨੂੰ ਅਜ਼ਾਦ ਹਿੰਦੁਸਤਾਨ ਵਿਚ, ਘਟੀਆ ਦਰਜੇ ਦੇ ਅਤੇ ਗੌਰਵ-ਰਹਿਤ ਸ਼ਹਿਰੀ ਬਣਾ ਦੇਣਾ ਹੋਵੇ।"

ਉਹ ਮੰਗ ਕਰਦੇ ਹਨ ਕਿ ਹੇਠ ਲਿਖੇ ਕਦਮ ਫ਼ੌਰਨ ਚੁੱਕੇ ਜਾਣ ਤਾਂ ਜੁ ਸਿੱਖ, ਹਿੰਦੁਸਤਾਨ ਵਿਚ, ਬਰਾਬਰ ਦੇ ਭਰਾ ਬਣ ਕੇ ਰਹਿ ਸਕਣ :

1. ਜਿਹੜੇ ਸਿੱਖ ਇਲਾਕੇ, ਜਾਣ-ਬੁਝ ਕੇ ਅਤੇ ਬਿਨਾਂ ਕਾਰਨ, ਨਵੇਂ ਪੰਜਾਬ ਵਿੱਚੋਂ ਕੱਢ ਦਿੱਤੇ ਗਏ ਹਨ ਅਤੇ ਜੋੜੇ ਨਹੀਂ ਗਏ, ਜਿਹਾ ਕਿ ਗੁਰਦਾਸਪੁਰ ਜ਼ਿਲ੍ਹੇ ਦਾ ਇਲਾਕਾ ਜਿਸ ਵਿਚ ਕਿ ਡਲਹੌਜ਼ੀ ਸ਼ਾਮਲ ਹੈ, ਅੰਬਾਲੇ ਦਾ ਜ਼ਿਲ੍ਹਾ, ਸਣੇ ਚੰਡੀਗੜ੍ਹ, ਪੰਜੌਰ, ਕਾਲਕਾ ਤੇ ਅੰਬਾਲਾ ਸਦਰ ਦੇ ਅਤੇ ਊਨੇ ਦੀ ਸਾਰੀ ਤਹਿਸੀਲ ਅਤੇ ਨਾਲਾਗੜ੍ਹ ਦਾ ਦੇਸ਼ ਨਾਮ ਦਾ ਇਲਾਕਾ, ਸਰਸੇ ਦੀ ਤਹਿਸੀਲ,

ਗੂਹਲਾ ਸਬ-ਤਹਿਸੀਲ, ਸਣੇ ਟੌਹੜਾ ਅਤੇ ਰਤੀਆ ਬਲਾਕ ਜਿਹੜੇ ਕਿ ਹਿਸਾਰ ਦੇ ਜ਼ਿਲ੍ਹੇ ਵਿਚ ਹਨ ਅਤੇ ਕਰਨਾਲ ਦੇ ਜ਼ਿਲ੍ਹੇ ਦਾ ਸ਼ਾਹਬਾਦ ਬਲਾਕ ਅਤੇ ਰਾਜਸਥਾਨ ਵਿਚ ਗੰਗਾ ਨਗਰ ਦਾ ਜ਼ਿਲ੍ਹਾ, ਇਨ੍ਹਾਂ ਇਲਾਕਿਆਂ ਨੂੰ ਝਟਪਟ ਪੰਜਾਬ ਵਿਚ ਸ਼ਾਮਲ ਕੀਤਾ ਜਾਵੇ, ਤਾਕਿ ਸਾਰੇ ਨਾਲ ਲੱਗਦੇ ਸਿੱਖ ਵੱਸੋਂ ਦੇ ਇਲਾਕੇ ਇਕੱਠੇ ਹੋ ਕੇ, ਸੁਤੰਤਰ ਭਾਰਤ ਅੰਦਰ, ਸਿੱਖ ਹੋਮਲੈਂਡ ਅਥਵਾ ਸਿੱਖਸਤਾਨ ਦਾ ਰੂਪ ਧਾਰਨ ਕਰ ਲੈਣ, ਜਿਸ ਵਿਚ ਸਿੱਖਾਂ ਤੇ ਸਿੱਖੀ ਦੇ ਵਿਸ਼ੇਸ਼ ਹੱਕ ਰਾਖਵੇਂ ਹੋਣ।

2. ਇਸ ਨਵੇਂ ਨਿਰਮਤ ਹੋਏ ਪੰਜਾਬ ਨੂੰ ਉਹੋ ਜਿਹੇ ਅਧਿਕਾਰ ਤੇ ਪਦਵੀ ਦਿੱਤੀ ਜਾਵੇ ਜਿਹੜੀ ਕਿ ਸੰਨ 1950 ਵਿਚ ਹਿੰਦੁਸਤਾਨ ਦੇ ਵਿਧਾਨ ਦੁਆਰਾ ਜੰਮੂ ਤੇ ਕਸ਼ਮੀਰ ਦੀ ਰਿਆਸਤ ਨੂੰ ਪ੍ਰਾਪਤ ਹੋਏ ਹਨ।

ਸ਼੍ਰੀਮਤੀ ਜੀਉ, ਮੈਂ ਹੁਣ ਆਪਣਾ ਭਾਸ਼ਣ ਸਮਾਪਤ ਕਰ ਚੁੱਕਾ ਹਾਂ। ਸਾਰੇ ਸਿੱਖਾਂ ਅਤੇ ਸਿੱਖ ਪੰਥ ਦੇ ਨਾਮ ਉੱਤੇ, ਜਿਨ੍ਹਾਂ ਦੀ ਜਥੇਬੰਦੀ ਕਿ ਸ਼੍ਰੋਮਣੀ ਅਕਾਲੀ ਦਲ ਹੈ, ਮੈਂ ਇਸ ਬਿੱਲ ਨੂੰ ਰੱਦ ਕਰਦਾ ਹਾਂ, ਇਸ ਦਾ ਵਿਰੋਧ ਕਰਦਾ ਹਾਂ, ਇਸ ਨੂੰ ਨਾ-ਮਨਜ਼ੂਰ ਕਰਦਾ ਹਾਂ ਅਤੇ ਇਸ ਬਿੱਲ ਦੇ ਪਿੱਛੇ ਜਿਹੜੀਆਂ ਭਾਵਨਾਵਾਂ ਹਨ ਉਨ੍ਹਾਂ ਨੂੰ ਧਿਰਕਾਰਦਾ ਹਾਂ। ਮੈਂ ਹਿੰਦ ਸਰਕਾਰ ਨੂੰ ਕਹਿੰਦਾ ਹਾਂ ਕਿ ਉਹ ਛੇਤੀ ਤੋਂ ਛੇਤੀ ਵਿਧਾਨਕ ਕਦਮ ਚੁੱਕੇ ਜਿਸ ਦਵਾਰਾ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਉਨ੍ਹਾਂ ਮੰਗਾਂ ਦੀ, ਜਿਨ੍ਹਾਂ ਦੀ ਵਿਆਖਿਆ ਕਿ ਮੈਂ ਹੁਣ ਕਰ ਚੁੱਕਾ ਹਾਂ, ਪੂਰਤੀ ਹੋਵੇ। ਮਾਨਯਵਰ ਪ੍ਰਧਾਨ ਦੇਵੀ ਜੀਓ, ਮੈਂ ਆਪ ਦਾ ਧੰਨਵਾਦ ਕਰਦਾ ਹਾਂ।

ਸ: ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹਾਦਤ

[27 ਅਕਤੂਬਰ, ਸੰਨ 1969 ਨੂੰ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹੀਦੀ ਦੇ ਪ੍ਰਸਤਾਵ ਉੱਤੇ, ਸਿਰਦਾਰ ਕਪੂਰ ਸਿੰਘ ਐਮ.ਐਲ.ਏ. (ਭੂਤਪੂਰਵ ਐਮ.ਪੀ.) ਨੇ ਹੇਠਾਂ ਅੰਕਤ ਹੋਈ ਸਪੀਚ ਪੰਜਾਬ ਵਿਧਾਨ ਸਭਾ, ਚੰਡੀਗੜ੍ਹ ਵਿਚ ਦਿੱਤੀ।]

ਅਧਿਅਕਸ਼ ਸਾਹਿਬ, ਜਿਹੜਾ ਪ੍ਰਸਤਾਵ ਐਸ ਵੇਲੇ ਸਦਨ ਦੇ ਸਾਹਮਣੇ ਹੈ, ਉਸ ਵਿਚ ਕਿਹਾ ਗਿਆ ਹੈ ਕਿ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੇ 'ਚੰਡੀਗੜ੍ਹ ਨੂੰ ਪੰਜਾਬੀ ਸੂਬੇ ਵਿਚ ਸ਼ਾਮਲ ਕਰਵਾਉਣ ਲਈ, ਸ਼ਹਾਦਤ ਦਿੱਤੀ।'

ਸ਼੍ਰੀਮਾਨ ਜੀ, ਇਹ ਠੀਕ ਵੀ ਨਹੀਂ ਹੈ ਅਤੇ ਭੁਲੇਖਾ-ਪਾਊ ਵੀ ਹੈ। ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਹੁਕਮ ਹੈ ਕਿ:

ਮਨੁ ਸਚ ਕਸਵਟੀ ਲਾਈਐ, ਤੁਲੀਐ ਪੂਰੈ ਤੋਲਿ ॥

ਇਕ ਮਹਾਨ ਸ਼ਹਾਦਤ ਬਾਰੇ ਉਹ ਕੁਛ ਕਹਿਣਾ ਜੋ ਸੱਚ ਦੀ ਕਸਵੱਟੀ ਉੱਤੇ ਪੂਰਾ ਨਹੀਂ ਉਤਰਦਾ, ਅਯੋਗ ਹੈ।

ਸ਼ਹੀਦ ਦਰਸ਼ਨ ਸਿੰਘ ਫੇਰੂਮਾਨ ਨੇ ਜਿਹੜੀ ਅੰਤਮ ਵਸੀਅਤ ਕੀਤੀ ਹੈ ਉਹ ਹੁਣ ਲੋਕਾਂ ਦੇ ਸਾਹਮਣੇ ਅਤੇ ਪ੍ਰੈਸ ਵਿਚ ਲਗਭਗ ਆ ਚੁੱਕੀ ਹੈ। ਇਹ ਅੰਤਮ ਵਸੀਅਤ ਸ਼ਹੀਦ ਫੇਰੂਮਾਨ ਨੇ, ਮੇਰੇ ਸਾਹਮਣੇ 1 ਅਗਸਤ, ਸੰਨ 1969 ਨੂੰ ਤਸਦੀਕ ਕੀਤੀ ਸੀ ਅਤੇ ਇਸ ਉੱਤੇ ਗਵਾਹੀ ਵੀ ਪਈ ਹੋਈ ਹੈ। ਇਹ ਵਿਚਾਰ ਕੇ ਕਿ ਕੋਈ ਭੁਲੇਖਾ ਸੰਭਵ ਨਾ ਰਹੇ, ਸਰਦਾਰ ਦਰਸ਼ਨ ਸਿੰਘ ਨੇ ਇਹ ਵਸੀਅਤ ਟੇਪ-ਰਿਕਾਰਡ ਵੀ ਕਰਵਾ ਦਿੱਤੀ ਹੋਈ ਹੈ ਅਤੇ ਇਹ ਟੇਪ-ਰਿਕਾਰਡ ਸਰਦਾਰ ਦਰਸ਼ਨ ਸਿੰਘ ਦੀ ਆਪਣੀ ਅਵਾਜ਼ ਵਿਚ ਅਜੇ ਸੁਰੱਖਿਅਤ ਹੈ।

ਅਧਿਅਕਸ਼ ਜੀ, ਸਰਦਾਰ ਦਰਸ਼ਨ ਸਿੰਘ ਫੇਰੂਮਾਨ ਦੀ ਇਸ ਵਸੀਅਤ ਨਾਲੋਂ ਵਧੇਰੇ ਸਹੀ ਗਵਾਹੀ, ਸ਼ਹੀਦ ਦੀ ਮਨਸ਼ਾ ਬਾਰੇ, ਹੋਰ ਕਿਹੜੀ ਹੋ ਸਕਦੀ ਹੈ ?

ਇਸ ਵਸੀਅਤ ਵਿਚ ਸ: ਦਰਸ਼ਨ ਸਿੰਘ ਫੇਰੂਮਾਨ ਨੇ, ਹੋਰ ਗੱਲਾਂ ਦੇ ਨਾਲ, ਇਉਂ ਵੀ ਕਿਹਾ ਹੈ:

"ਬੀਤੀ ਅੱਧੀ ਸਦੀ ਵਿਚ ਮੈਂ ਪੰਥ ਦੀ ਚੜ੍ਹਦੀ ਕਲਾ ਅਤੇ ਦੇਸ਼ ਦੀ ਆਜ਼ਾਦੀ ਲਈ ਘੋਲ ਕਰਦਾ ਰਿਹਾ ਹਾਂ। ਮੇਰਾ ਇਹ ਜੀਵਨ ਲੋਕਾਂ ਦੇ ਸਾਹਮਣੇ ਹੈ।"

"ਹੁਣ ਦੇਸ਼ ਅਜ਼ਾਦ ਹੋ ਗਿਆ ਹੈ, ਪਰ ਪੰਥ ਅਜੇ ਵੀ ਪਰਾਧੀਨ ਹੈ। ਦੇਸ਼ ਵਿਚ ਧਰਮ ਦੀ ਥਾਵੇਂ ਭ੍ਰਿਸ਼ਟਾਚਾਰ ਤੇ ਗਿਰਾਵਟ ਵੱਧ ਗਈ ਹੈ। ਪੰਥ ਦੀ ਰਾਜਨੀਤੀ

ਅਤੇ ਗੁਰਧਾਮਾਂ ਉੱਤੇ ਦੰਭੀ ਸੰਤ, ਮਹੰਤ ਤੇ ਪੰਥ ਦੇ ਦੋਖੀ ਛਾ ਗਏ ਹਨ। ਸਿੱਖ ਧਰਮ ਦੇ ਸਿਧਾਂਤ, ਖ਼ਾਲਸੇ ਦੀਆਂ ਰਵਾਇਤਾਂ ਅਤੇ ਸਿੰਘਾਂ ਦਾ ਇਤਿਹਾਸਕ ਗੌਰਵ ਪੈਰਾਂ ਹੇਠ ਲਿਤਾੜ ਦਿੱਤਾ ਗਿਆ ਹੈ।"

"ਸ੍ਰੀ ਅਕਾਲ ਤਖ਼ਤ ਦੇ ਹਜ਼ੂਰ ਮਰਨ-ਬਰਤ ਅਤੇ ਜਉਂਦੇ ਸੜ ਮਰਨ ਦੇ ਅਰਦਾਸੇ ਕਰਨ ਵਾਲੇ, ਕਾਇਰਤਾ ਦਾ ਰਾਹ ਫੜ ਕੇ, ਪੰਥ ਤੇ ਸਿੱਖ ਧਰਮ ਅਤੇ ਪੰਜਾਬ ਸਰਕਾਰ ਉੱਤੇ ਪੂਰਨ ਅਤੇ ਪੱਕਾ ਜੱਫਾ ਪਾਈ ਰੱਖਣ ਦੀ ਸਾਜ਼ਿਸ਼ ਵਿਚ ਕਾਮਯਾਬ ਹੋ ਰਹੇ ਹਨ।"

"ਇਸ ਦੰਭ ਅਤੇ ਅਧਰਮ ਨੂੰ ਹੀ ਸਿੱਖਾਂ ਦਾ ਧਰਮ ਦਰਸਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸ਼ਰੀਕ, ਕੁੰਭ ਖੜੇ ਕਰ ਦਿੱਤੇ ਹਨ, ਜਿਨ੍ਹਾਂ ਨੂੰ ਧੱਕੇ ਤੇ ਸਰਕਾਰੀ ਸ਼ਹਿ ਨਾਲ ਕਾਇਮ ਰੱਖਿਆ ਜਾ ਰਿਹਾ ਹੈ।"

"ਪੰਥ ਦੀ ਅਧੋਗਤੀ ਅਤੇ ਅਪਮਾਨ ਜੋ ਅੱਜ ਹੋ ਰਿਹਾ ਹੈ, ਅੱਗੇ ਕਦੇ ਨਹੀਂ ਹੋਇਆ।"

"ਧਰਮ ਦੀ ਦੁਰਦਸ਼ਾ ਜੋ ਅੱਜ ਕੀਤੀ ਜਾ ਰਹੀ ਹੈ ਪਹਿਲਾਂ ਕਦੇ ਨਹੀਂ ਹੋਈ।"

"ਸਿੱਖ ਰਾਜਨੀਤੀ ਵਿੱਚੋਂ ਸਾਧਾਂ, ਮਹੰਤਾਂ ਅਤੇ ਕੌਮ ਦੇ ਗ਼ੱਦਾਰਾਂ ਨੇ ਸਿੱਖੀ ਨੂੰ ਖ਼ਾਰਜ ਕਰਨ ਅਤੇ ਸਿੱਖਾਂ ਨੂੰ ਗ਼ੈਰਾਂ ਦੇ ਗ਼ੁਲਾਮ ਬਣਾਉਣ ਦੀ ਸਾਜ਼ਿਸ਼ ਪੱਕੇ ਤੌਰ 'ਤੇ ਰਚ ਲਈ ਹੈ।"

"ਇਹ ਕੂੜ ਦੀ ਮੱਸਿਆ ਅਤੇ ਦੰਭ ਦਾ ਜਾਲ ਬਿਨਾਂ ਸਿਰ ਦਿੱਤਿਆਂ ਹੁਣ ਦੂਰ ਨਹੀਂ ਹੋਣਾ। ਇਹ ਅਰਦਾਸੇ ਭੰਗ ਕਰਨ ਦਾ ਪਾਪ, ਪੰਥ ਦੇ ਮੁੜ ਉੱਠ ਖੜੇ ਹੋਣ ਦੇ ਰਾਹ ਵਿਚ ਵੱਡੀ ਰੁਕਾਵਟ ਹੈ ਅਤੇ ਇਹ ਪਾਪ ਬਿਨਾਂ ਸੀਸ ਦਿੱਤਿਆਂ ਧੋਤਾ ਨਹੀਂ ਜਾਣਾ।"

"ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸ਼ਰੀਕ (ਸੰਤ) ਫ਼ਤਿਹ ਸਿੰਘ ਅਤੇ ਉਸ ਦੇ ਦੰਭੀ ਸਾਥੀਆਂ ਦੇ ਨਾਮ ਹੇਠਾਂ ਬਣਾਏ ਹੋਏ ਅਗਨੀ-ਕੁੰਡ, ਪੁਕਾਰ ਪੁਕਾਰ ਕੇ ਸਿੰਘਾਂ ਕੋਲੋਂ ਅਹੂਤੀਆਂ ਮੰਗ ਰਹੇ ਹਨ।"

"ਗੁਰੂ ਤੇ ਅਕਾਲ ਪੁਰਖ ਤੋਂ ਭਗੌੜਾ ਹੋ ਕੇ ਪੰਥ ਬਚ ਨਹੀਂ ਸਕਦਾ।"

"ਹੁਣ ਇਹ ਜ਼ਰੂਰੀ ਹੋ ਗਿਆ ਹੈ ਕਿ ਕੋਈ ਗੁਰੂ ਕਾ ਸਿੰਘ, ਆਪਣਾ ਸੀਸ ਦੇ ਕੇ, ਪੰਥ ਦੇ ਅਖੌਤੀ ਲੀਡਰਾਂ ਅਤੇ ਸਿੱਖੀ ਦੇ ਗ਼ੱਦਾਰਾਂ ਦੇ ਕੀਤੇ ਹੋਏ ਪਾਪਾਂ ਦਾ ਪਰਾਸ਼ਚਿਤ ਕਰੇ, ਤਾਂ ਜੁ ਪੰਥ, ਅਜ਼ਾਦ ਹਿੰਦੁਸਤਾਨ ਵਿਚ ਅਜ਼ਾਦ ਪੰਥ ਅਥਵਾ ਸਿੱਖ ਹੋਮਲੈਂਡ ਦੀ ਸਥਾਪਤੀ ਵੱਲ ਅਗਲਾ ਕਦਮ ਚੁੱਕ ਸਕੇ।"

"ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਮੈਂ ਆਪਣਾ ਬਲੀਦਾਨ ਦੇਣ ਲੱਗਾ ਹਾਂ।"

"ਸੰਗਤਾਂ ਨੂੰ ਮੇਰੀ ਬੇਨਤੀ ਹੈ ਕਿ ਮੇਰੇ ਪਿੱਛੋਂ ਉਹ ਆਪਣਾ ਫ਼ਰਜ਼ ਪਛਾਣਨ। ਮੇਰੇ ਮਰਨ ਤੋਂ ਪਿੱਛੋਂ, ਮੇਰੇ ਸਰੀਰ ਨੂੰ (ਸੰਤ) ਫ਼ਤਿਹ ਸਿੰਘ ਦੇ ਨਾਮ ਹੇਠਾਂ ਬਣਾਏ ਹੋਏ ਅਗਨੀ-ਕੁੰਡ ਵਿਚ ਰੱਖ ਕੇ ਫੂਕ ਦਿੱਤਾ ਜਾਵੇ ਅਤੇ ਮੇਰੀਆਂ ਅਸਥੀਆਂ ਕੀਰਤਪੁਰ ਸਾਹਿਬ ਪੁਚਾ ਦਿੱਤੀਆਂ ਜਾਣ।"

"ਪੰਥ ਦੇ ਮਸੰਦਾਂ ਅਤੇ ਧਰਮ ਦੇ ਦੋਖੀਆਂ ਨਾਲ ਯਥਾਯੋਗ ਸਲੂਕ ਕੀਤਾ ਜਾਵੇ

ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਬਣੇ ਹੋਏ, ਦੰਭ ਅਤੇ ਪਖੰਡ ਦੀਆਂ ਨਿਸ਼ਾਨੀਆਂ, ਅਗਨੀ-ਕੁੰਡ, ਢਾਹ ਦਿੱਤੇ ਜਾਣ।"

"ਸੰਗਤਾਂ ਅਰਦਾਸ ਕਰਨ ਕਿ ਸਾਹਿਬ ਦਸਮ ਪਾਤਿਸ਼ਾਹ ਮੇਰੀ ਤੁੱਛ ਕੁਰਬਾਨੀ ਕਬੂਲ ਕਰਨ ਅਤੇ ਆਪਣੇ ਪੰਥ ਦੀ ਬਾਹੁੜੀ ਕਰਨ।"

"ਸੰਪੂਰਨ ਪੰਜਾਬ, ਜ਼ਿੰਦਾਬਾਦ!"

"ਸਿੱਖ ਹੋਮਲੈਂਡ, ਅਮਰ ਰਹੇ!"

"ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।"

ਅਧਿਅਕਸ਼ ਜੀਓ, ਇਹ ਨਿਸ਼ਾਨੇ ਹਨ ਜਿਨ੍ਹਾਂ ਦੀ ਪ੍ਰਾਪਤੀ ਲਈ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਸ਼ਹਾਦਤ ਦਿੱਤੀ।

1. ਫੇਰੂਮਾਨ ਜੀ ਨੇ ਇਸ ਲਈ ਸ਼ਹਾਦਤ ਦਿੱਤੀ ਕਿ ਉਹ ਕਾਲਖ਼ ਜਿਹੜੀ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ, ਜੀਉਂਦੇ ਸੜ ਮਰਨ ਦੇ ਅਰਦਾਸੇ ਭੰਗ ਕਰ ਕੇ, ਕਾਇਰ, ਦੰਭੀ, ਗੁਰੂ ਤੋਂ ਬੇਮੁੱਖ ਤੇ ਪੰਥ ਦੇ ਭਗੌੜੇ ਅਖੌਤੀ ਲੀਡਰਾਂ ਨੇ, ਪੰਥ ਦੇ ਉੱਜਲ ਮੁੱਖ ਉੱਤੇ ਮਲੀ ਹੈ, ਉਹ ਧੋਤੀ ਜਾਏ।

2. ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਆਪਣਾ ਸੀਸ ਬਲੀਦਾਨ ਕੀਤਾ ਤਾਂ ਜੁ ਜਿਹੜੇ ਝੂਠੇ ਦਾਅਵੇ, ਅਖੌਤੀ ਸਿੱਖ ਲੀਡਰਾਂ ਨੇ ਚੰਡੀਗੜ੍ਹ, ਭਾਖੜਾ ਆਦਿ ਪੰਜਾਬੀ ਸੂਬੇ ਵਿਚ ਸ਼ਾਮਲ ਕਰਵਾਉਣ ਲਈ ਕੀਤਾ ਸੀ, ਉਨ੍ਹਾਂ ਬਚਨਾਂ ਉੱਤੇ ਮੁੜ ਪਹਿਰਾ ਦੇ ਕੇ, ਉਹ ਕਾਇਮ ਕੀਤੇ ਜਾਣ।

3. ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਮਹਾਨ ਕੁਰਬਾਨੀ ਇਸ ਲਈ ਕੀਤੀ ਤਾਂ ਜੁ ਉਨ੍ਹਾਂ ਕਾਇਰ, ਦੰਭੀ ਅਤੇ ਪੰਥ ਦੇ ਗ਼ੱਦਾਰ, ਜਿਨ੍ਹਾਂ ਨੇ ਜੀਉਂਦੇ ਸੜ ਮਰਨ ਦਾ ਅਰਦਾਸਾ ਕਰ ਕੇ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਧੁਰ ਛੱਤ ਉੱਤੇ 'ਅਗਨੀ-ਕੁੰਡ' ਬਣਾਏ ਹਨ ਅਤੇ ਜੋ ਮੌਤ ਤੋਂ ਡਰਦੇ, ਗੀਦੀਆਂ ਵਾਂਗਰ ਭੱਜ ਗਏ ਹਨ ਅਤੇ ਇਉਂ ਪੰਥ ਦੇ, ਅਦ੍ਰਿਸ਼ਟ, ਦਿੱਬ ਗੁਰੂ ਨਾਲ ਪੀਡੇ ਰਿਸ਼ਤੇ ਨੂੰ ਕਮਜ਼ੋਰ ਕੀਤਾ ਹੈ। ਉਹ ਰਿਸ਼ਤਾ ਮੁੜ ਸੁਰਜੀਤ ਕੀਤਾ ਜਾਵੇ। (ਰੌਲਾ ਤੇ ਵਿਘਨ)

4. ਇਹ ਸ਼ਹਾਦਤ ਸਿੱਖ ਹੋਮਲੈਂਡ ਦੀ ਸਥਾਪਤੀ ਅਤੇ ਅਜ਼ਾਦ ਪੰਥ, ਅਜ਼ਾਦ ਹਿੰਦੁਸਤਾਨ ਵਿਚ, ਪ੍ਰਾਪਤ ਕਰਨ ਹਿੱਤ, ਕੀਤੀ ਗਈ ਹੈ।

ਮੈਂ ਇਸ ਸ਼ਹੀਦ ਮਰਦ, ਇਸ ਸਿੰਘਊ ਜਜ਼ਬੇ ਨਾਲ ਭਰਪੂਰ ਸਿੱਖ ਨੂੰ, ਇਥੇ ਅੱਜ ਨਮਸਕਾਰ ਕਰਦਾ ਹਾਂ, ਕਿਉਂ ਜੁ ਉਹ ਸਿੱਖ ਹੋਮਲੈਂਡ ਦਾ ਪਹਿਲਾ ਸ਼ਹੀਦ ਹੈ।

ਸ਼੍ਰੀਮਾਨ ਜੀ, ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੇ, ਜੁਲਾਈ 1969 ਵਿਚ ਹੀ ਖੁੱਲ੍ਹਮ-ਖੁੱਲ੍ਹਾ, ਇਹ ਸਪੱਸ਼ਟ ਕਰ ਦਿੱਤਾ ਸੀ ਕਿ ਉਸ ਨੇ ਧਰਮ-ਹੇਤ ਸੀਸ ਦੇਣ ਦਾ ਦ੍ਰਿੜ੍ਹ ਨਿਸ਼ਚਾ ਕਰ ਲਿਆ ਹੈ। ਸਰਦਾਰ ਦਰਸ਼ਨ ਸਿੰਘ ਨੇ ਅਖੌਤੀ ਸੰਤ, ਫ਼ਤਿਹ ਸਿੰਘ ਨੂੰ ਦੋ ਚਿੱਠੀਆਂ ਲਿਖੀਆਂ, ਪਬਲਿਕ ਤੌਰ 'ਤੇ ਕਿ ਉਹ ਦੰਭ ਤੇ ਪਖੰਡ ਦੇ 'ਅਗਨੀ-ਕੁੰਡਾਂ' ਨੂੰ ਢਾਹ ਦੇਵੇ, ਕਿਉਂਜੁ ਇਹ 'ਤੰਦੂਰ' ਸ੍ਰੀ ਅਕਾਲ ਤਖ਼ਤ ਸਾਹਿਬ ਦੇ ਗੌਰਵ ਤੇ ਸਨਮਾਨ ਨੂੰ ਭੰਗ ਕਰਦੇ ਹਨ ਅਤੇ ਪੰਥ ਦੀ ਉੱਜਲ ਕੀਰਤੀ ਉੱਤੇ ਧੱਬਾ ਹਨ। ਦਰਸ਼ਨ ਸਿੰਘ ਜੀ ਨੇ ਫ਼ਤਿਹ ਸਿੰਘ ਨੂੰ ਵੰਗਾਰਿਆ ਕਿ ਉਹ ਅੱਗੇ ਆਵੇ

ਤਾਂ ਜੁ ਦਰਸ਼ਨ ਸਿੰਘ ਤੇ ਉਹ ਰਲ ਕੇ, ਪੰਥ ਦਾ ਵਕਾਰ ਮੁੜ ਬਹਾਲ ਕਰਨ ਲਈ, ਸੀਸ ਦੇਣ। ਇਸ 'ਸੰਤ' ਕਹਾਉਣ ਵਾਲੇ ਫ਼ਤਿਹ ਸਿੰਘ ਨੇ ਉੱਤਰ ਵਿਚ ਕਿਹਾ ਕਿ 'ਦਰਸ਼ਨ ਸਿੰਘ ਪਾਖੰਡੀ ਹੈ ਅਤੇ ਦਿੱਲੀ ਦੀ ਕਾਂਗਰਸ ਸਰਕਾਰ ਦਾ ਹੱਥ-ਠੋਕਾ ਹੈ।'

ਪਹਿਲੀ ਅਗਸਤ ਸੰਨ 1969 ਨੂੰ, ਰਈਆ ਮੰਡੀ ਵਿਚ ਇਕ ਕਾਨਫ਼ਰੰਸ ਰੱਖੀ ਗਈ, ਜਿਸ ਵਿਚ ਸਰਦਾਰ ਦਰਸ਼ਨ ਸਿੰਘ ਨੇ ਐਲਾਨ ਕੀਤਾ ਕਿ ਉਹ 15 ਅਗਸਤ ਨੂੰ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕ ਕੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ ਉਹੋ ਅਰਦਾਸਾ ਕਰੇਗਾ, ਜਿਹੜਾ ਕਿ ਫ਼ਤਿਹ ਸਿੰਘ ਅਤੇ ਉਸ ਦੇ ਸਾਥੀ ਕਈ ਵਾਰ ਕਰ ਕੇ, ਕਾਇਰਾਂ ਵਾਂਗਰ ਤੋੜ ਚੁੱਕੇ ਹਨ। ਇਸ ਤੋਂ ਉਪਰਾਂਤ, ਫੇਰੂਮਾਨ ਜੀ ਨੇ ਕਿਹਾ, ਕਿ ਉਹ ਅਖੰਡ ਮਰਨ-ਬਰਤ ਧਾਰਨ ਕਰ ਲੈਣਗੇ ਅਤੇ ਜਾਂ ਅਰਦਾਸਾ ਪੂਰਾ ਹੋਵੇਗਾ ਤੇ ਜਾਂ ਉਹ ਆਪਣੀ ਜਾਨ ਉੱਤੇ ਖੇਡ ਜਾਣਗੇ। ਮੈਂ ਉਸ ਕਾਨਫ਼ਰੰਸ ਵਿਚ ਮੌਜੂਦ ਸੀ ਅਤੇ ਮੇਰੇ ਸਾਹਮਣੇ ਉਨ੍ਹਾਂ ਨੇ ਬਾਰ-ਬਾਰ ਕਿਹਾ ਕਿ ਜਦ ਉਹ ਆਪਣਾ ਅਖੰਡ ਮਰਨ-ਬਰਤ ਸ਼ੁਰੂ ਕਰ ਦੇਣ ਤਦ ਕੋਈ ਮਾਈ ਭਾਈ ਨਾ ਤਾਂ ਅਮਨ ਭੰਗ ਕਰੇ ਅਤੇ ਨਾ ਹੀ ਕਿਸੇ ਸਰਕਾਰੀ ਚੀਜ਼ ਨੂੰ ਹਾਨੀ ਪਹੁੰਚਾਵੇ।

9 ਅਗਸਤ ਨੂੰ, ਇਕ ਮਾਮੂਲੀ ਆਦਮੀ, ਜਿਸ ਦਾ ਨਾਮ ਗੁਰਦਿੱਤ ਸਿੰਘ ਦੱਸਿਆ ਜਾਂਦਾ ਹੈ, ਨੇ ਬਿਆਸ ਦੇ ਥਾਣੇ ਵਿਚ ਇਕ ਰਪਟ ਦਰਜ ਕਰਵਾਈ, ਜਾਂ ਉਸ ਤੋਂ ਦਰਜ ਕਰਵਾਈ ਗਈ। ਇਸ ਰਪਟ ਵਿਚ, ਗੁਰਦਿੱਤ ਸਿੰਘ ਦੇ ਮੂੰਹ ਵਿਚ ਇਹ ਸ਼ਬਦ ਪਾਏ ਗਏ ਹਨ ਕਿ 'ਦਰਸ਼ਨ ਸਿੰਘ ਫੇਰੂਮਾਨ, ਖੁੱਲ੍ਹਮ-ਖੁੱਲ੍ਹਾ ਫ਼ਤਿਹ ਸਿੰਘ ਨੂੰ ਪਖੰਡੀ ਤੇ ਧੋਖੇਬਾਜ ਸਾਧ ਕਹਿ ਰਿਹਾ ਹੈ।' ਹੋਰ, ਦਰਸ਼ਨ ਸਿੰਘ ਫੇਰੂਮਾਨ 'ਮੌਜੂਦਾ, ਅਕਾਲੀ-ਜਨਸੰਘ ਦੇ ਗਠਜੋੜ ਰਾਹੀਂ ਬਣਾਈ ਹੋਈ ਪੰਜਾਬ ਦੀ ਵਜ਼ਾਰਤ ਨੂੰ ਪੰਥ ਦੀ ਸਰਕਾਰ ਜਾਂ ਪੰਥ ਦਾ ਭਲਾ ਚਾਹੁਣ ਵਾਲੀ ਸਰਕਾਰ ਨਹੀਂ ਮੰਨਦਾ।' ਰਪਟ ਵਿਚ ਇਹ ਵੀ ਲਿਖਿਆ-ਲਿਖਵਾਇਆ ਗਿਆ ਕਿ ਦਰਸ਼ਨ ਸਿੰਘ ਫੇਰੂਮਾਨ 'ਖੰਡਾ ਖੜਕਾਉਣ ਦੀਆਂ ਗੱਲਾਂ ਕਰਦਾ ਹੈ।' ਜਿਸ ਪੰਜਾਬੀ ਸੂਬੇ ਦਾ ਚੀਫ਼ ਮਨਿਸਟਰ (ਸ: ਗੁਰਨਾਮ ਸਿੰਘ) ਇਹ ਝੂਠ, ਖੁੱਲ੍ਹਮ-ਖੁੱਲ੍ਹਾ, ਬੋਲ ਸਕਦਾ ਹੈ ਕਿ 29 ਅਗਸਤ ਨੂੰ ਮੈਂ (ਸਰਦਾਰ ਕਪੂਰ ਸਿੰਘ) ਨੇ, ਫੇਰੂਮਾਨ ਪਿੰਡ ਵਿਚ, ਭੜਕਾਊ ਤਕਰੀਰਾਂ ਕੀਤੀਆਂ (ਜਦੋਂ ਕਿ ਮੈਂ ਸਾਰਾ ਸਮਾਂ, ਸ਼ਹੀਦ ਦਰਸ਼ਨ ਸਿੰਘ ਦੇ ਮ੍ਰਿਤਕ ਸਰੀਰ ਕੋਲ, ਹਜ਼ਾਰਾਂ ਆਦਮੀਆਂ ਦੇ ਸਾਹਮਣੇ, ਚੁੱਪ-ਚਾਪ, ਸਤਿਕਾਰ ਵਿਚ ਖੜਾ ਰਿਹਾ ਸੀ), ਉਸ ਸੂਬੇ ਵਿਚ ਕੋਈ ਗੁਰਦਿੱਤ ਸਿੰਘ ਜਾਂ ਗੰਗਾ ਰਾਮ ਲੱਭਣਾ ਕੀ ਔਖਾ ਹੈ, ਜੋ ਦਰਸ਼ਨ ਸਿੰਘ ਫੇਰੂਮਾਨ ਉੱਤੇ ਝੂਠੀਆਂ ਊਝਾਂ ਲਾ ਸਕੇ ?

ਅਧਿਅਕਸ਼ ਸਾਹਿਬ, 10 ਅਗਸਤ ਨੂੰ ਭਾਈ ਚੰਨਣ ਸਿੰਘ, ਜੋ ਕਿ ਆਪਣੇ ਆਪ ਨੂੰ 'ਛੋਟਾ ਸੰਤ' ਅਖਵਾਉਂਦਾ ਹੈ ਅਤੇ 'ਵੱਡੇ ਸੰਤ' ਸਾਧ ਫ਼ਤਿਹ ਸਿੰਘ ਨੇ, ਸ: ਗਿਆਨ ਸਿੰਘ ਰਾੜੇਵਾਲਾ ਨੂੰ, ਗੰਗਾ ਨਗਰ ਵਿਚ ਦੱਸਿਆ ਕਿ ਦਰਸ਼ਨ ਸਿੰਘ ਫੇਰੂਮਾਨ ਨੂੰ ਸਿੱਧਾ ਕਰਨ ਲਈ, ਹੁਣ ਉਨ੍ਹਾਂ ਨੇ ਪੱਕਾ ਪ੍ਰਬੰਧ ਕਰ ਲਿਆ ਹੈ। ਇਸ਼ਾਰਾ, ਸਪੱਸ਼ਟ, ਬਿਆਸ ਥਾਣੇ ਵਿਚ, ਗੁਰਦਿੱਤ ਸਿੰਘ ਦੇ ਨਾਮ ਹੇਠਾਂ ਦਰਜ ਹੋਈ ਰਪਟ ਵੱਲ ਹੈ।

ਸ: ਗਿਆਨ ਸਿੰਘ ਰਾੜੇਵਾਲਾ ਨੇ ਇਹ 'ਭੇਤ' ਇਕ 'ਖੁੱਲ੍ਹੀ ਚਿੱਠੀ ਬਨਾਮ ਫ਼ਤਿਹ ਸਿੰਘ' (ਸੰਤ) ਵਿਚ ਖੋਹਲ ਦਿੱਤਾ ਹੈ ਅਤੇ ਇਹ ਚਿੱਠੀ ਅਖ਼ਬਾਰਾਂ ਵਿਚ ਛਪ ਚੁੱਕੀ ਹੈ।

12 ਅਗਸਤ ਨੂੰ, ਜਿਹਾ ਕਿ ਪੁਲਿਸ ਦੀਆਂ ਜ਼ਿਮਨੀਆਂ ਤੋਂ ਪ੍ਰਗਟ ਹੈ, ਪੁਲਿਸ ਨੇ ਇਸ ਰਪਟ ਬਾਬਤ ਕਾਰਵਾਈ ਆਰੰਭ ਕੀਤੀ। ਪਰ, ਜਿਵੇਂ ਕਿ ਕਾਨੂੰਨ ਅਨੁਸਾਰ ਜ਼ਰੂਰੀ ਸੀ, ਪੁਲਿਸ ਨੇ, ਸ: ਦਰਸ਼ਨ ਸਿੰਘ ਫੇਰੂਮਾਨ ਦਾ ਬਿਆਨ, ਉੱਕਾ ਕਲਮਬੰਦ ਨਾ ਕੀਤਾ, ਤਾਂ ਜੁ ਗੱਲ ਬਾਹਰ ਨਾ ਨਿਕਲ ਜਾਵੇ ਕਿ ਮੇਰੇ ਮਿੱਤਰ ਸ: ਗੁਰਨਾਮ ਸਿੰਘ ਦੀ ਸਰਕਾਰ ਕੀ ਮਤਾ ਪਕਾ ਰਹੀ ਹੈ।

12 ਅਤੇ 13 ਅਗਸਤ ਦੀ ਰਾਤ ਨੂੰ, ਐਨ ਅੱਧੀ ਰਾਤ ਦੇ ਸਮੇਂ, ਪੰਜਾਬ ਪੁਲਿਸ ਦੀ ਇਕ ਧਾੜ ਨੇ, ਸਰਦਾਰ ਦਰਸ਼ਨ ਸਿੰਘ ਦੇ ਘਰ ਨੂੰ ਘੇਰਾ ਪਾ ਲਿਆ, ਜਿਹੜਾ ਘਰ ਕਿ ਪਿੰਡ ਤੋਂ ਬਾਹਰਵਾਰ ਬਣਿਆ ਹੋਇਆ ਹੈ। ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੂੰ 'ਪੰਜਾਬ ਸਿਕਿਉਰਿਟੀ ਐਕਟ', ਦਫ਼ਾ 9 ਹੇਠਾਂ ਗ੍ਰਿਫ਼ਤਾਰ ਕਰ ਕੇ, ਉਨ੍ਹਾਂ ਨੂੰ ਅੰਮ੍ਰਿਤਸਰ ਦੀ ਜੇਲ੍ਹ ਵਿਚ ਸੁੱਟ ਦਿੱਤਾ ਗਿਆ।

15 ਅਗਸਤ, ਸੰਨ 1969 ਨੂੰ, ਪੂਰੇ ਚਾਰ ਵਜੇ ਸ਼ਾਮ, ਜਿਵੇਂ ਕਿ ਫੇਰੂਮਾਨ ਜੀ ਨੇ ਪਹਿਲਾਂ ਹੀ ਨਿਸਚਾ ਕੀਤਾ ਹੋਇਆ ਸੀ, ਉਨ੍ਹਾਂ ਨੇ ਉਹੋ ਅਰਦਾਸਾ ਕਰ ਕੇ, ਜਿਹੜਾ ਕਿ ਪਹਿਲਾਂ ਸ੍ਰੀ ਦਰਬਾਰ ਸਾਹਿਬ ਮੱਥਾ ਟੇਕ ਕੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹਜ਼ੂਰ ਕਰਨਾ ਸੀ, ਆਪਣਾ ਅਖੰਡ ਮਰਨ-ਵਰਤ ਆਰੰਭ ਦਿੱਤਾ।

16 ਅਗਸਤ ਨੂੰ ਅਤੇ ਆਉਣ ਵਾਲੇ ਦਿਨਾਂ ਵਿਚ, ਲਗਾਤਾਰ ਤੇ ਨਿਰੰਤਰ, ਭੰਡੀ ਪ੍ਰਚਾਰ, ਇਸ ਮਹਾਨ ਸ਼ਹੀਦ ਦੇ ਵਿਰੁੱਧ, ਸਾਧ ਫ਼ਤਿਹ ਸਿੰਘ ਨੇ ਸ਼ੁਰੂ ਕਰ ਕਰਵਾ ਦਿੱਤਾ ਅਤੇ ਮੁੜ-ਮੁੜ ਇਹ ਸਾਧ ਅਤੇ ਇਸ ਦੇ ਜੁੰਡੀਦਾਰ, ਇਹੋ ਕਹੀ ਜਾਣ ਕਿ ਦਰਸ਼ਨ ਸਿੰਘ ਫੇਰੂਮਾਨ, ਫ਼ਤਿਹ ਸਿੰਘ ਦੀ ਲੀਡਰੀ ਤੋੜਨਾ ਚਾਹੁੰਦਾ ਹੈ, ਜਿਵੇਂ ਕਿ ਇਸ ਲੀਡਰੀ ਉੱਤੇ ਇਸ ਫ਼ਤਿਹ ਸਿੰਘ ਦਾ ਜੱਦੀ, ਜਮਾਂਦਰੂ ਤੇ ਨਿਹਚਲ ਹੱਕ ਬਣਦਾ ਹੈ।

ਇਸ ਪ੍ਰਕਾਰ, ਫ਼ਤਿਹ ਸਿੰਘ ਨੇ ਕੋਈ ਭਰਮ-ਭੁਲੇਖਾ ਨਾ ਰਹਿਣ ਦਿੱਤਾ ਕਿ ਜਨਸੰਘ-ਅਕਾਲੀ ਸਰਕਾਰ, 'ਪੰਜਾਬ, ਸਕਿਉਰਿਟੀ ਐਕਟ' ਦੀ ਦਫ਼ਾ 9, ਦਾ ਭਾਵ ਇਹ ਲੈਂਦੀ ਹੈ ਕਿ ਪੰਜਾਬ ਉੱਤੇ ਸਾਧ ਫ਼ਤਿਹ ਸਿੰਘ ਦਾ ਜੱਫ਼ਾ ਤੇ ਅਜਾਰਾਦਾਰੀ ਸਥਿਰ ਤੇ ਬਰਕਰਾਰ ਰਹੇ।

ਸਤੰਬਰ ਦੇ ਤੀਜੇ ਹਫ਼ਤੇ, ਸ: ਗੁਰਨਾਮ ਸਿੰਘ, ਚੀਫ਼ ਮਨਿਸਟਰ ਨੇ, ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੂੰ ਜੇਲ੍ਹ ਵਿਚ ਕਿਹਾ ਕਿ ਜੇ ਦਰਸ਼ਨ ਸਿੰਘ ਦੇ ਮ੍ਰਿਤਕ ਸਰੀਰ ਨੂੰ, ਸ੍ਰੀ ਅਕਾਲ ਤਖ਼ਤ ਸਾਹਿਬ ਉਪਰ ਬਣਾਏ ਹੋਏ ਅਗਨੀ ਕੁੰਡਾਂ ਵਿਚ ਸਾੜਨ ਦਾ ਯਤਨ ਕਿਸੇ ਨੇ ਕੀਤਾ, ਤਦ ਦੋਵੇਂ ਸਾਧ, ਛੋਟਾ ਤੇ ਵੱਡਾ ਸੰਤ, ਭਾਰੀ ਖ਼ੂਨ-ਖ਼ਰਾਬਾ ਕਰਵਾਉਣਗੇ ਜਿਸ ਦਾ ਕਿ ਪ੍ਰਬੰਧ ਉਨ੍ਹਾਂ ਨੇ ਕਰ ਰੱਖਿਆ ਹੋਇਆ ਹੈ। ਸ: ਗੁਰਨਾਮ ਸਿੰਘ ਜੀ ਦਾ ਕਹਿਣਾ ਹੈ ਕਿ ਇਹ ਸੁਣ ਕੇ ਸ: ਦਰਸ਼ਨ ਸਿੰਘ ਫੇਰੂਮਾਨ ਇਹ ਮੰਨ ਗਏ ਕਿ ਉਨ੍ਹਾਂ ਦਾ ਸਰੀਰ ਉਨ੍ਹਾਂ ਦੇ ਪਿੰਡ, ਫੇਰੂਮਾਨ ਲੈ ਜਾ ਕੇ, ਅਗਨੀ-ਭੇਟ ਕਰ ਦਿੱਤਾ ਜਾਵੇ।

ਇਨ੍ਹਾਂ ਦਿਨਾਂ ਵਿਚ ਹੀ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੂੰ, ਅੰਮ੍ਰਿਤਸਰ ਜੇਲ੍ਹ ਵਿੱਚੋਂ ਕੱਢ ਕੇ, ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਵਿਚ ਲੈ ਆਂਦਾ ਗਿਆ। ਪਰ ਹਸਪਤਾਲ ਵਿਚ ਵੀ ਉਹ ਪੁਲਿਸ ਦੀ ਕੜੀ ਨਿਗਰਾਨੀ ਵਿਚ ਰੱਖੇ ਗਏ ਅਤੇ ਕਿਸੇ ਨੂੰ ਮਿਲਣ-ਗਿਲਣ ਦੀ ਆਗਿਆ ਘੱਟ ਹੀ ਦਿੱਤੀ ਜਾਂਦੀ ਰਹੀ।

ਅਕਤੂਬਰ ਮਹੀਨੇ ਦੇ ਆਰੰਭ ਵਿਚ, ਫੇਰੂਮਾਨ ਜੀ ਦੀ ਰਿਹਾਈ ਦਾ ਹੁਕਮ ਐਵੇਂ ਕਾਗ਼ਜ਼ੀ ਰੂਪ ਵਿਚ ਹੀ ਦੇ ਦਿੱਤਾ ਗਿਆ, ਪਰ ਰੱਖਿਆ ਉਨ੍ਹਾਂ ਨੂੰ ਕੈਦ ਵਿਚ ਹੀ ਗਿਆ, ਹਸਪਤਾਲ ਦੇ ਅੰਦਰ।

25 ਅਕਤੂਬਰ ਨੂੰ ਉਹ ਇਤਨੇ ਕਮਜ਼ੋਰ ਹੋ ਗਏ ਕਿ ਉਨ੍ਹਾਂ ਉੱਤੇ ਗ਼ਸ਼ੀ ਦੇ ਦੌਰੇ ਮੁਤਵਾਤਰ ਪੈਣ ਲੱਗ ਪਏ। ਇਸ ਸਮੇਂ ਫੇਰੂਮਾਨ ਜੀ ਨੇ ਆਪਣੇ ਉਨ੍ਹਾਂ ਸੰਬੰਧੀਆਂ ਨੂੰ ਜੋ ਕਿ ਮੌਜੂਦ ਸਨ, ਕਿਹਾ ਕਿ 'ਮੇਰੇ ਜੀਊਂਦੇ ਜੀਅ ਅਤੇ ਮੇਰੇ ਮਰਨ ਪਿੱਛੋਂ, ਕਿਸੇ ਹਾਲਤ ਵਿਚ ਵੀ, ਫ਼ਤਿਹ ਸਿੰਘ ਸਾਧ ਦਾ ਭਰੱਸ਼ਟ ਪਰਛਾਵਾਂ ਮੇਰੇ (ਦਰਸ਼ਨ ਸਿੰਘ ਜੀ ਦੇ) ਸਰੀਰ ਉੱਤੇ ਨਾ ਪੈਣ ਦਿੱਤਾ ਜਾਵੇ।'

ਇਹ ਗੱਲ ਦਰਸ਼ਨ ਸਿੰਘ ਫੇਰੂਮਾਨ ਦੇ ਸੰਬੰਧੀਆਂ ਨੇ ਆਪ ਅਖ਼ਬਾਰਾਂ ਰਾਹੀਂ ਪ੍ਰਗਟ ਕੀਤੀ ਹੈ।

27 ਅਕਤੂਬਰ ਨੂੰ ਸ੍ਰੀ ਫ਼ਤਿਹ ਸਿੰਘ, ਆਪਣੀ ਜੁੰਡਲੀ ਸਮੇਤ, ਫੁੱਲਾਂ ਦੀ ਟੋਕਰੀ ਨਾਲ ਲੈ ਕੇ, ਹਸਪਤਾਲ ਵਿਚ ਮਰ ਰਹੇ, ਦਰਸ਼ਨ ਸਿੰਘ ਫੇਰੂਮਾਨ ਨੂੰ ਝੂਠੀ ਸ਼ਰਧਾਂਜਲੀ ਭੇਟ ਕਰਨ ਹਿੱਤ ਹਾਜ਼ਰ ਹੋਇਆ, ਪਰ ਕਲਾ ਗੁਰੂ ਦੀ ਐਸੀ ਵਰਤੀ ਕਿ ਜਿਸ ਵੇਲੇ ਫ਼ਤਿਹ ਸਿੰਘ ਨੇ ਫੇਰੂਮਾਨ ਜੀ ਦੇ ਕਮਰੇ ਵਿਚ ਪੈਰ ਰੱਖਿਆ, ਉਸੇ ਸਮੇਂ ਝਟਪਟ ਸਾਰੇ ਅੰਮ੍ਰਿਤਸਰ ਸ਼ਹਿਰ ਦੀ ਬਿਜਲੀ ਫ਼ੇਲ੍ਹ ਹੋ ਗਈ ਅਤੇ ਪੂਰੇ 48 ਘੰਟੇ, ਦੋ ਦਿਨ ਅੰਮ੍ਰਿਤਸਰ ਦੇ ਪਾਵਰ ਹਾਊਸ ਨੂੰ ਠੀਕ ਕਰਨ ਵਿਚ ਲੱਗੇ, ਤਾਂ ਕਿਤੇ ਜਾ ਕੇ, ਸ਼ਹਿਰ ਵਿਚ ਮੁੜ ਬਿਜਲੀ ਦੀ ਰੌਸ਼ਨੀ ਬਹਾਲ ਹੋਈ। ਇਉਂ ਸ਼ਹੀਦ ਦੀ ਇਹ ਅੰਤਮ-ਇੱਛਾ, ਕਿ ਉਸ ਦੇ ਸਰੀਰ ਉੱਤੇ ਫ਼ਤਿਹ ਸਿੰਘ ਅਤੇ ਉਸ ਦੇ ਸਾਥੀਆਂ ਦਾ ਨਾਪਾਕ ਪਰਛਾਵਾਂ ਨਾ ਪਵੇ, ਪੂਰੀ ਹੋਈ :

ਰਖ ਲੀ ਮਿਰੇ ਖ਼ੁਦਾ ਨੇ, ਮੇਰੀ ਬੇਕਸੀ ਕੀ ਸ਼ਰਮ।

27 ਅਕਤੂਬਰ, ਸੰਨ 1969 ਨੂੰ, ਸਾਢੇ ਤਿੰਨ ਵਜੇ ਸ਼ਾਮ, 74 ਦਿਨ ਅਖੰਡ ਮਰਨ-ਵਰਤ ਪੂਰਾ ਕਰਨ ਉਪਰਾਂਤ, ਸ਼ਹੀਦ ਦੀ ਆਤਮਾ ਗੁਰੂ ਚਰਨਾਂ ਵਿਚ ਜਾ ਬਿਰਾਜੀ। ਸਰਦਾਰ ਦਰਸ਼ਨ ਸਿੰਘ ਫੇਰੂਮਾਨ, ਅੰਤ ਸਮੇਂ ਤਕ, ਆਪਣੀ ਅਰਦਾਸ ਉੱਤੇ ਦ੍ਰਿੜ੍ਹ ਰਿਹਾ ਅਤੇ ਇਉਂ ਉਸ ਨੇ ਸਿੱਖਾਂ ਵਾਲੀ ਸ਼ਹੀਦੀ ਦੀ ਮਹਾਨ ਪਦਵੀ ਪ੍ਰਾਪਤ ਕੀਤੀ :

ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥

ਉਸ ਵੇਲੇ, ਪੰਜਾਬ ਵਿਧਾਨ ਸਭਾ ਦੀ ਬੈਠਕ ਹੋ ਰਹੀ ਸੀ, ਪਰ ਚੀਫ਼ ਮਨਿਸਟਰ ਨੇ ਸਾਢੇ ਚਾਰ ਵਜੇ ਤਕ, ਸਦਨ ਨੂੰ ਇਸ ਸ਼ਹੀਦੀ ਬਾਰੇ ਸੂਚਿਤ ਨਾ ਕੀਤਾ, ਜਿਤਨਾ

ਚਿਰ ਕਿ ਸ: ਗੁਰਨਾਮ ਸਿੰਘ ਨੂੰ ਵਿਰੋਧੀ ਦਲਾਂ ਦੇ ਕੁਝ ਮੈਂਬਰਾਂ ਨੇ ਇਸ ਬਾਰੇ ਵਾਕਫ਼ੀ ਦੇਣ ਲਈ ਮਜਬੂਰ ਨਾ ਕਰ ਦਿੱਤਾ।

ਸ੍ਰੀ ਅੰਮ੍ਰਿਤਸਰ ਵਿਚ, ਪੁਲਿਸ ਨੇ ਧੱਕਮ-ਧੱਕੀ, ਸ਼ਹੀਦ ਦੇ ਮ੍ਰਿਤਕ ਸਰੀਰ ਨੂੰ ਵਾਰਸਾਂ ਕੋਲੋਂ ਖੋਹ ਲਿਆ ਅਤੇ ਸ਼ਹੀਦ ਦੇ ਸੰਬੰਧੀਆਂ ਨੂੰ ਲਾਠੀਆਂ ਨਾਲ ਮਾਰਿਆ ਕੁੱਟਿਆ ਅਤੇ ਫੇਰ ਸ਼ਹੀਦ ਦੇ ਮ੍ਰਿਤਕ ਸਰੀਰ ਨੂੰ, ਸਿੱਧੇ ਪੁੱਠੇ ਰਾਹਾਂ ਥਾਣੀਂ, ਰਾਤੋ-ਰਾਤ, ਪਿੰਡ ਫੇਰੂਮਾਨ ਲੈ ਜਾ ਕੇ, ਅਗਲੀ ਭੇਟ ਕਰਨ ਦਾ ਨਿਸਫਲ ਜਤਨ ਕੀਤਾ।

ਸ਼੍ਰੀਮਾਨ ਜੀ, ਸਰਦਾਰ ਦਰਸ਼ਨ ਸਿੰਘ ਫੇਰੂਮਾਨ, ਵੀਹਵੀਂ ਸਦੀ ਦਾ ਇਕ ਮਹਾਨ ਸਿੱਖ ਹੈ, ਉਸ ਨੂੰ ਆਪਣੇ ਆਪ ਨੂੰ 'ਅਕਾਲੀ ਸਰਕਾਰ' ਕਹਾਉਣ ਵਾਲਿਆਂ ਨੇ, ਧਰਮ ਦੀ ਰੱਖਿਆ-ਹਿਤ ਸੀਸ ਦੇਣ ਲਈ ਮਜਬੂਰ ਕੀਤਾ। ਇਹ ਸਰਕਾਰ ਇਸ ਗੱਲ ਉੱਤੇ ਦ੍ਰਿੜ੍ਹ ਹੈ ਕਿ ਸਾਧ ਫ਼ਤਿਹ ਸਿੰਘ ਦਾ ਜੱਫਾ, ਸਿੱਖ ਪੰਥ, ਸਿੱਖ ਧਰਮ ਅਸਥਾਨਾਂ ਅਤੇ ਪੰਜਾਬ ਦੀ ਸਰਕਾਰ ਉੱਤੇ ਕਾਇਮ ਰੱਖਿਆ ਜਾਵੇ, ਜਿਵੇਂ ਕਿਵੇਂ ਵੀ ਹੋਵੇ। ਇਸ ਨੀਚ ਸਰਕਾਰ ਨੇ, ਸਰਦਾਰ ਦਰਸ਼ਨ ਸਿੰਘ ਨੂੰ, ਆਪਣੇ ਨਿਸਚਿਤ ਅਰਦਾਸੇ ਤੋਂ ਰੋਕਣ ਲਈ, ਉਨ੍ਹਾਂ ਨੂੰ ਬੰਦੀ ਵਿਚ ਪਾਇਆ ਤੇ ਫੇਰ ਅਨੇਕਾਂ ਜਤਨ ਕੀਤੇ ਕਿ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਵੀ, ਨੀਚ ਫ਼ਤਿਹ ਸਿੰਘ ਵਾਂਗਰ, ਆਪਣੀ ਅਰਦਾਸ ਭੰਗ ਕਰ ਦੇਣ ਤਾਂ ਜੁ ਸਾਰੇ ਪੰਥ ਵਿਚ, ਕੋਈ ਵੀ ਮਰਦ, ਗੁਰੂ ਕਾ ਸਿੱਖ, ਸਿਰ ਉੱਚਾ ਨਾ ਕਰ ਸਕੇ। ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੂੰ, ਸ੍ਰੀ ਦਰਬਾਰ ਸਾਹਿਬ ਵਿਚ, ਅੰਤਮ ਮੱਥਾ ਵੀ ਨਾ ਟੇਕਣ ਦਿੱਤਾ ਗਿਆ ਅਤੇ ਨਾ ਹੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਨ ਦਿੱਤੀ ਗਈ। (ਵਿਘਨ) ਇਹ ਹਰ ਸਿੱਖ ਦਾ ਜਨਮ ਸਿੱਧ ਅਧਿਕਾਰ, ਮੁਗ਼ਲ ਸਰਕਾਰ ਤੋਂ ਪਿੱਛੋਂ, ਪਹਿਲੀ ਵਾਰ, ਜਨਸੰਘ-ਅਕਾਲੀ ਸਰਕਾਰ ਨੇ ਖੋਹਿਆ। (ਵਿਘਨ) ਅੰਤ ਨੂੰ ਸ਼ਹੀਦ ਦੇ ਪਵਿੱਤਰ ਸਰੀਰ ਦਾ, ਪ੍ਰੋਜ ਕੇ ਅਪਮਾਨ ਕੀਤਾ ਗਿਆ। ਫੇਰ 28 ਅਕਤੂਬਰ ਨੂੰ, ਸ਼ਹੀਦ ਦਾ ਸ਼ਾਹੀ ਸਤਿਕਾਰ ਕਰਨ ਦੇ ਬਹਾਨੇ, ਉਸ ਦੇ ਸਰੀਰ ਨੂੰ ਅਪਮਾਨਤ ਕੀਤਾ ਗਿਆ ਅਤੇ ਕੀਰਤਨ ਸੋਹਿਲਾ ਪੜ੍ਹਨ ਤੋਂ ਪਹਿਲਾਂ ਹੀ ਮੱਲੋ-ਮੱਲੀ, ਅੰਗੀਠੇ ਨੂੰ, ਪੁਲਿਸ ਨੇ ਅੱਗ ਲਗਾ ਦਿੱਤੀ।

ਇਹ ਸਾਰੀ ਕਥਾ ਹੁਣ ਇਤਿਹਾਸ ਦਾ ਅੰਗ ਬਣ ਗਈ ਹੈ। ਕੋਈ ਚਲਾਕੀ, ਧੋਖਾ, ਫ਼ਰੇਬ, ਸਿਆਸੀ ਚਾਲਬਾਜ਼ੀ ਇਸ ਘੋਰ ਅਪਰਾਧ, ਸਿੱਖ ਧਰਮ ਵਿਚ ਮੁਦਾਖ਼ਲਤ ਤੇ ਜ਼ੁਲਮ ਨੂੰ ਛਿਪਾ ਨਹੀਂ ਸਕਦੀ:

ਕਰੀਬ ਹੈ ਯਾਰੋ ਰੂਜ਼ੇ ਮਹਿਸ਼ਰ,
ਛੁਪੇਗਾ ਕੁਸ਼ਤੋਂ ਕਾ ਖ਼ੂਨ ਕਿਉਂ ਕਰ,
ਜੋ ਚੁੱਪ ਰਹੇਗੀ ਜ਼ਬਾਨੇ ਖ਼ੰਜਰ,
ਲਹੂ ਪੁਕਾਰੇਗਾ ਆਸਤੀਂ ਕਾ। (ਪ੍ਰਸ਼ੰਸਾ)

ਪੰਜਾਬ ਦਾ ਬਟਵਾਰਾ ਤੇ ਸਿੱਖ ਨੇਤਾ

ਇਸ ਵਿਸ਼ੇ ਉੱਤੇ ਇਕ ਪ੍ਰੋਫ਼ੈਸਰ ਡਾਕਟਰ ਜੀ ਜੋ ਕਿ ਪਟਿਆਲੇ ਦੀ ਵਿਸ਼ਵ ਪ੍ਰਸਿੱਧ 'ਪੰਜਾਬੀ ਯੂਨੀਵਰਸਿਟੀ' ਦੇ ਜਗਤ-ਪ੍ਰਸਿੱਧ ਇਤਿਹਾਸ-ਵਿਭਾਗ ਵਿਚ 'ਰੀਡਰ' ਦੀ ਉੱਚ ਪਦਵੀ ਉੱਤੇ ਨਿਯੁਕਤ ਹਨ, ਨੇ ਇਕ ਲੇਖ 'ਸਚਿੱਤਰ ਕੌਮੀ ਏਕਤਾ' ਦੇ ਅਗਸਤ, 75 ਅੰਕ ਵਿਚ ਛਪਵਾਇਆ ਹੈ, ਜਿਸ ਵਿਚ ਨਿਹੋਰਾ ਦਿੱਤਾ ਗਿਆ ਹੈ ਕਿ 'ਸਿਰਦਾਰ ਕਪੂਰ ਸਿੰਘ (ਵੇਖੋ, *ਸਾਚੀ ਸਾਖੀ*) ਨੇ, ਪਿਛਲੇਰੇ ਦਿਨਾਂ ਵਿਚ ਇਕ ਨਿਰਮੂਲ ਜਿਹਾ ਭਰਮ ਸਿੱਖਾਂ ਵਿਚ ਪ੍ਰਚਾਰ ਦਿੱਤਾ ਹੈ ਕਿ ਜੇ ਕਿਤੇ 'ਸਿੱਖ ਨੇਤਾ' ਸਿਆਣਪ ਕਰਦੇ, ਤਦ ਸੰਨ 1947 ਵਿਚ ਸਿੱਖ ਸਟੇਟ ਸਹਿਜੇ ਹੀ ਸਥਾਪਤ ਹੋ ਜਾਣੀ ਸੀ।

'ਸਰਸੇ ਵਾਲੇ ਸ: ਗੁਰਮੀਤ ਸਿੰਘ' ਜੀ ਵੀ ਇਸ ਕੱਚੇ ਖ਼ਿਆਲ ਦੀ ਪੁਸ਼ਟੀ ਕਰਨ ਲੱਗ ਪਏ ਹਨ, (ਵੇਖੋ, *ਸਪੋਕਸਮੈਨ*)।

ਪ੍ਰੋਫ਼ੈਸਰ ਜੀ ਇਹ ਸਿੱਧ ਕਰਨਾ ਚਾਹੁੰਦੇ ਹਨ ਕਿ ਸਿੱਖ ਲੀਡਰਾਂ ਨੇ ਤਾਂ ਸਿੱਖ ਸਟੇਟ ਬਣਾਉਣ ਲਈ ਪੂੱਜ ਕੇ ਵਾਹ ਲਾਈ ਸੀ, ਪਰ ਸਿੱਖ ਸਟੇਟ ਬਣਨ ਦੀ ਕੋਈ ਪੱਕੀ ਸੰਭਾਵਨਾ ਹੀ ਨਹੀਂ ਸੀ, ਬਣਦੀ ਕਿਵੇਂ ?

ਸਿੱਖ ਲੀਡਰਸ਼ਿਪ ਦੀ ਨਿਸ਼ਕਲੰਕਤ ਆਭਾ ਨੂੰ ਛੁਟਿਆਉਣ ਦੇ ਦੋਸ਼ੀ 'ਸਿਰਦਾਰ ਕਪੂਰ ਸਿੰਘ (ਵੇਖੋ, *ਸਾਖੀ ਸਾਖੀ*) ਨੂੰ ਦਰੁਸਤ ਕਰਨ ਹਿਤ ਅਤੇ ਆਪਣੇ ਸਿਧਾਂਤ ਦੀ ਤਰਕ-ਸਿਧੀ ਪ੍ਰਕਾਸ਼ਨ ਲਈ ਪ੍ਰੋਫ਼ੈਸਰ ਜੀ ਨੇ ਜਿਹੜੀ ਵੱਡੀ ਦਲੀਲ ਅਤੇ ਜਿਹੜਾ ਸ਼੍ਰੋਮਣੀ ਤੱਥ ਦਿੱਤਾ ਹੈ, ਉਹ ਇਸ ਪ੍ਰਕਾਰ ਹੈ:

(ਸਿੱਖ ਸਟੇਟ ਸਥਾਪਤ ਕਰਨ ਬਾਰੇ) "ਮਿ: ਜਿਨਾਹ, ਲਿਆਕਤ ਅਲੀ ਖ਼ਾਨ, ਸ: ਬਲਦੇਵ ਸਿੰਘ, ਮਹਾਰਾਜਾ ਪਟਿਆਲਾ...ਵਿਚਕਾਰ ਕਈ ਮੀਟਿੰਗਾਂ ਹੋਈਆਂ...ਗੱਲਬਾਤ ਸਿੱਖ ਸਟੇਟ 'ਤੇ ਕੇਂਦ੍ਰਿਤ ਹੋਈ। ਮਿ: ਜਿਨਾਹ ਨਿਮਨ-ਲਿਖਤ ਗੱਲਾਂ ਮੰਨ ਗਿਆ:

1. ਸਿੱਖਾਂ ਦੀ ਵੱਖਰੀ ਸਟੇਟ ਬਣਾ ਦਿੱਤੀ ਜਾਵੇਗੀ।

2. ਇਸ ਦੀ ਸੈਨਾ ਸਿੱਖ ਹੋਵੇ ਅਤੇ ਪਾਕਿਸਤਾਨ ਦੀ ਸੈਨਾ ਵਿਚ ਸਿੱਖ ਸੈਨਾ ਦਾ ਹਿੱਸਾ ਨਿਯੁਕਤ ਹੋਵੇਗਾ।

3. ਇਹ ਸਿੱਖ ਸਟੇਟ ਪਾਕਿਸਤਾਨ ਵਿਚ ਬਣੇ ਤੇ ਇਸ ਦੀ ਸੁਰੱਖਿਆ, ਆਵਾਜਾਈ ਦੇ ਸਾਧਨ ਤੇ ਵਿਦੇਸ਼ੀ ਮਾਮਲੇ ਪਾਕਿਸਤਾਨ ਅਧੀਨ ਹੋਣ।

4. ਇਹ ਸਭ ਕੁਝ ਇਸ ਸ਼ਰਤ 'ਤੇ ਹੋਵੇਗਾ ਕਿ ਸਿੱਖ ਪੰਜਾਬ ਦੀ ਵੰਡ ਕਰਨ ਦਾ ਨਾਅਰਾ ਛੱਡ ਦੇਣ।

...ਇਸ ਮਾਮਲੇ 'ਤੇ ਮਾਸਟਰ ਤਾਰਾ ਸਿੰਘ ਨੇ ਲੇਖਕ (ਪ੍ਰੋਫ਼ੈਸਰ ਸਾਹਿਬ) ਨੂੰ ਦੱਸਿਆ ਕਿ ਉਨ੍ਹਾਂ ਨੇ ਇਕ ਸਵਾਲ ਮਿ: ਜਿਨਾਹ ਅੱਗੇ ਕੀਤਾ ਕਿ ਕੀ ਇਹ ਸਿੱਖ ਸਟੇਟ, ਜੇਕਰ ਕਦੀ ਚਾਹੇ, ਪਾਕਿਸਤਾਨ ਵਿੱਚੋਂ ਬਾਹਰ ਆ ਸਕਦੀ ਹੈ ਕਿ ਨਹੀਂ। ਇਸ ਦਾ ਉੱਤਰ 'ਨਹੀਂ' ਵਿਚ ਸੀ।...ਇਸ ਗੱਲ 'ਤੇ ਆ ਕੇ ਸਾਰੀ ਗੱਲਬਾਤ ਟੁੱਟ ਗਈ।"

ਇਹ ਤਾਂ ਤੱਥ ਹਨ, ਜਿਨ੍ਹਾਂ ਬਾਬਤ 'ਸਿਰਦਾਰ ਕਪੂਰ ਸਿੰਘ (ਵੇਖੋ, *ਸਾਚੀ ਸਾਖੀ*) ਅਤੇ ਪ੍ਰੋਫ਼ੈਸਰ ਸਾਹਿਬ ਵਿਚਕਾਰ ਕੋਈ ਝਗੜਾ ਨਹੀਂ। ਪਰ ਪ੍ਰੋਫ਼ੈਸਰ ਜੀ ਇਨ੍ਹਾਂ ਤੱਥਾਂ ਦੇ ਜੋ ਗੁਹਜ-ਅਰਥ ਕੱਢਦੇ ਹਨ, ਉਨ੍ਹਾਂ ਅਰਥਾਂ ਦੀ ਉਹ ਪਹਿਲਾਂ ਭੂਮਿਕਾ, ਇਉਂ ਬੰਨ੍ਹਦੇ ਹਨ।

"ਪ੍ਰਸਿੱਧ ਇਤਿਹਾਸਕਾਰ ਐਕਟਨ ਕਿਹਾ ਕਰਦਾ ਸੀ ਕਿ ਜਦੋਂ ਸਮੇਂ ਦੀ ਚਾਲ ਨਾਲ ਕਿਸੇ ਘਟਨਾ ਸੰਬੰਧੀ ਮੱਚੀ ਧੂੜ (Sic) ਬਹਿ ਜਾਵੇ, ਕੇਵਲ ਤਾਂ ਹੀ ਉਸ ਘਟਨਾ ਦਾ ਇਤਿਹਾਸਕ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ।"

ਪ੍ਰੋਫ਼ੈਸਰ ਜੀ ਦੁਬਾਰਾ ਆਪਣੀ ਯਾਦਾਸ਼ਤ ਉੱਤੇ ਜ਼ੋਰ ਪਾਉਣ, ਤਦ ਉਨ੍ਹਾਂ ਨੂੰ ਚੇਤੇ ਆ ਜਾਵੇਗਾ ਕਿ ਕੋਈ ਪ੍ਰਸਿੱਧ ਜਾਂ ਅਪ੍ਰਸਿੱਧ 'ਇਤਿਹਾਸਕਾਰ' ਐਕਟਨ ਨਾਮ ਦਾ ਹੋਇਆ ਹੀ ਨਹੀਂ। ਇਸ ਲਈ ਜੇ ਕਦੇ ਕੋਈ ਐਕਟਨ ਨਾਮ ਦਾ ਫ਼ਿਰੰਗੀ, ਕਿਸੇ ਵੇਲੇ ਕੁਛ ਕਿਹਾ ਕਰਦਾ ਸੀ, ਤਾਂ ਇਹ ਐਵੇਂ ਅਪ੍ਰਸੰਗਕ ਜਬਲੀ ਹੈ। ਹਾਂ, ਇਕ ਪ੍ਰਸਿੱਧ ਨੀਤੀਵੇਤਾ ਲਾਰਡ ਐਕਟਨ (1834-1903) ਜੋ ਕਿ ਬ੍ਰਿਟਿਸ਼ ਪਾਰਲੀਮੈਂਟ ਦਾ ਮੈਂਬਰ ਵੀ ਸੀ ਅਤੇ ਕੈਂਮਬ੍ਰਿਜ ਵਿਚ ਹਿਸਟਰੀ ਦਾ ਪ੍ਰੋਫ਼ੈਸਰ ਵੀ ਹੋਇਆ ਹੈ। ਪਰ ਉਹ 'ਇਤਿਹਾਸਕਾਰ' ਨਹੀਂ ਸੀ ਅਤੇ ਨਾ ਹੀ ਉਸ ਨੇ ਕੋਈ ਤਵਾਰੀਖ਼ ਦਾ ਗ੍ਰੰਥ ਲਿਖਿਆ ਹੈ। ਉਹ ਬੜਾ ਵਿਦਵਾਨ ਸੀ ਅਤੇ ਰਸਾਲਿਆਂ ਵਿਚ ਉਸ ਨੇ ਅਨੇਕਾਂ, ਬਹੁਮੁੱਲੇ ਲੇਖ, ਇਤਿਹਾਸ ਬਾਰੇ, ਧਰਮ ਬਾਰੇ ਅਤੇ ਸਾਹਿਤ ਬਾਰੇ ਲਿਖੇ ਹਨ। ਉਹ ਇਕ ਗ੍ਰੰਥ, History of Liberty ਲਿਖਣਾ ਚਾਹੁੰਦਾ ਸੀ, ਪਰ ਇਹ ਸੱਧਰ ਉਸ ਦੀ, ਆਪਣੇ ਜੀਵਨ ਵਿਚ ਪੂਰੀ ਨਾ ਹੋ ਸਕੀ। **"ਮਨ ਕੀ ਮਨ ਹੀ ਮਾਹਿ ਰਹੀ॥"** ਉਸ ਲਾਰਡ ਐਕਟਨ ਨੂੰ, ਸੰਨ 1947 ਦੀ ਅਕਾਲੀ ਲੀਡਰਸ਼ਿਪ ਦਾ ਚਿਹਰਾ ਚਮਕਾਉਣ ਲਈ, ਜਿਸ ਅੰਦਾਜ਼ ਤੇ ਢੰਗ ਨਾਲ ਪ੍ਰੋਫ਼ੈਸਰ ਜੀ ਨੇ ਇਸ ਬਹਿਸ ਵਿਚ ਘੁਸੇੜਿਆ ਹੈ, ਉਹ ਤਰਨ ਤਾਰਨ ਦੀ ਮੱਸਿਆ ਦੇ ਦੀਵਾਨ ਵਿਚ 'ਵਾਹ ਵਾਹ' ਲੈ ਜਾਏ ਤਾਂ ਅਸੰਭਵ ਨਹੀਂ ਪਰ ਸਿੱਖ ਵਿਦਵਤਾ ਦੀ ਪ੍ਰਸਿੱਧੀ ਨੂੰ, ਜੇਹੋ ਜੇਹੀ ਇਹ ਹੈ, ਚਾਰ ਚੰਨ ਕਦਾਚਿਤ ਨਹੀਂ ਲਾ ਸਕਦੀ। ਸਿੱਖ ਯੂਨੀਵਰਸਿਟੀ ਵਿਚ ਪੜ੍ਹਾਉਣ ਵਾਲਿਆਂ ਦੀ ਇਹ ਗਤੀ ਹੈ, ਤਾਂ ਪੜ੍ਹਨ ਵਾਲਿਆਂ ਦੀ ਸਹਿਜੇ ਹੀ ਕਿਆਸ ਕੀਤੀ ਜਾ ਸਕਦੀ ਹੈ।

ਖ਼ੈਰ, ਇਸ 'ਪ੍ਰਸਿੱਧ ਇਤਿਹਾਸਕਾਰ ਐਕਟਨ' ਦੇ ਪ੍ਰਵਚਨਾਂ ਦੀ ਟੇਕ ਲੈ ਕੇ ਪ੍ਰੋਫ਼ੈਸਰ ਜੀ ਸੰਨ 1947 ਦੇ ਸਿੱਖ ਲੀਡਰਾਂ ਦੀ ਹਮਾਇਤ ਇਹ ਕਹਿ ਕੇ ਕਰਦੇ ਹਨ

ਕਿ ਅਕਾਲੀ ਲੀਡਰ ਵਿਚਾਰੇ ਕੀ ਕਰਦੇ, ਮਿ: ਜਿਨਾਹ ਸਿੱਖ ਸਟੇਟ ਨੂੰ ਪਾਕਿਸਤਾਨ ਵਿੱਚੋਂ, ਜਦੋਂ ਜੀਅ ਆਏ, ਨਿਕਲ ਜਾਣ ਦੇ ਅਧਿਕਾਰ ਦੇਣ ਨੂੰ ਤਿਆਰ ਹੀ ਨਹੀਂ ਸੀ। ਪ੍ਰੋਫ਼ੈਸਰ ਸਾਹਿਬ ਦੀ ਟੀਕਾ-ਟਿੱਪਣੀ ਇਸ ਪ੍ਰਕਾਰ ਹੈ:

'(ਮਿ: ਜਿਨਾਹ ਦੀ) ਇਹ ਗੱਲ ਵੀ ਬਹੁਤ ਨਿਰਾਸ਼ਾ-ਜਨਕ ਸੀ।'

ਮੈਂ ਇਹ ਨਹੀਂ ਕਹਿੰਦਾ ਅਤੇ ਨਾ ਹੀ ਇਹ ਮੇਰੀ ਰਚਿਤ ਪੁਸਤਕ, *ਸਾਚੀ ਸਾਖੀ* ਵਿਚ ਕਿਹਾ ਗਿਆ ਹੈ, ਕਿ ਮੁਸਲਮਾਨਾਂ ਦਾ ਕਸੂਰ ਕੋਈ ਨਹੀਂ ਸੀ, ਪਰ ਇਸ ਵਿਚ ਹੁਣ ਕੋਈ ਸੰਸਾ ਨਹੀਂ ਰਹਿ ਗਿਆ ਕਿ ਪਾਕਿਸਤਾਨ ਫ਼ੈਡਰੇਸ਼ਨ ਅੰਦਰ ਖ਼ੁਦਮੁਖ਼ਤਾਰ ਸਿੱਖ ਸਟੇਟ ਬਣ ਸਕਦੀ ਸੀ, ਜੋ ਕਿ ਸਿੱਖਾਂ ਲਈ ਅਤੇ ਹਿੰਦੁਸਤਾਨ ਤੇ ਪਾਕਿਸਤਾਨ ਸਾਰਿਆਂ ਲਈ ਬੜੀ ਲਾਹੇਵੰਦ ਤੇ ਸ਼ੁਭ ਹੁੰਦੀ, ਪਰ ਅਕਾਲੀ ਲੀਡਰਾਂ ਨੇ ਸਿੱਖ ਪੰਥ ਨੂੰ ਟਾਟਾ ਨਗਰ ਵਾਲੇ ਸਰਦਾਰ ਬਲਦੇਵ ਸਿੰਘ ਕੋਲ ਆਡ ਰਹਿਣ ਰੱਖਿਆ ਹੋਇਆ ਸੀ ਅਤੇ ਬਲਦੇਵ ਸਿੰਘ ਜੀ, ਤਿੰਨ ਕਾਲ ਸਿੱਖ ਸਟੇਟ ਦੀ ਯੋਜਨਾ ਨੂੰ ਸਿਰੇ ਨਹੀਂ ਸੀ ਚੜ੍ਹਨ ਦੇਣਾ ਚਾਹੁੰਦੇ ਅਤੇ ਉਨ੍ਹਾਂ ਨੇ ਦ੍ਰਿੜ੍ਹ ਨਿਸ਼ਚਾ ਕੀਤਾ ਹੋਇਆ ਸੀ, ਕਿ ਉਨ੍ਹਾਂ ਦੇ ਬਿਹਾਰ ਵਿਚ ਕਾਰਖ਼ਾਨੇ ਸੁਰੱਖਿਅਤ ਰਹਿਣ ਅਤੇ ਉਹ ਆਪ ਦਿੱਲੀ ਵਿਚ ਸਿੱਖਾਂ ਦੀਆਂ ਲਾਸ਼ਾਂ ਉੱਤੇ ਬੈਠ ਕੇ ਆਪਣੀ ਚੌਧਰ ਬਣਾਈ ਰੱਖਣ। ਇਸ ਕਾਰਨ, ਅਕਾਲੀ ਲੀਡਰਾਂ ਨੇ ਸਿੱਖ ਸਟੇਟ ਆਦਿ ਦੀ ਕੋਈ ਗੱਲ ਸਿਰੇ ਨਹੀਂ ਸੀ ਚੜ੍ਹਨ ਦੇਣੀ ਅਤੇ ਇਸ ਨੂੰ ਮੂਰਤੀਮਾਨ ਨਾ ਹੋਣ ਦੇਣ ਲਈ, ਕੋਈ ਨਾ ਕੋਈ ਢੁੱਚਰ ਡਾਹੀ ਜਾਣੀ ਸੀ, ਜਿਵੇਂ ਕਿ ਮਾਸਟਰ ਤਾਰਾ ਸਿੰਘ ਜੀ ਨੇ ਮਿ: ਜਿਨਾਹ ਕੋਲ ਡਾਹ ਦਿੱਤੀ, ਜਦੋਂ ਕਿ ਮਿ: ਜਿਨਾਹ, ਸਿੱਖਾਂ ਨੂੰ ਉਹ ਸਭ ਕੁਝ ਦੇਣਾ ਮੰਨ ਗਿਆ ਸੀ, ਜੋ ਕਿ ਦਿੱਤਾ ਜਾਣਾ ਸੰਭਵ ਸੀ। ਇਸ ਤੋਂ ਵੱਧ ਮੰਗਣਾ ਲੁੱਚਪੁਣਾ ਸੀ ਤੇ ਦੇਣਾ ਪਾਗਲਪਨ।

(1) ਮਾਸਟਰ ਤਾਰਾ ਸਿੰਘ ਜੀ ਨੇ ਆਪ ਲਿਖਤੀ ਇਕਬਾਲ ਕੀਤਾ ਹੋਇਆ ਹੈ ਕਿ ਉਨ੍ਹਾਂ ਨੇ ਕੋਈ ਨਾ ਕੋਈ ਬਹਾਨਾ ਬਣਾਈ ਰੱਖਣਾ ਸੀ ਅਤੇ ਕੋਈ ਨਾ ਕੋਈ ਢੁੱਚਰ ਡਾਹੀ ਜਾਣੀ ਸੀ, ਤਾਂ ਜੁ ਸਿੱਖਾਂ ਤੇ ਮੁਸਲਮਾਨਾਂ ਦਾ ਆਪਸੀ ਮੇਲ-ਜੋਲ ਹੋ ਹੀ ਨਾ ਸਕੇ, ਅਤੇ ਹਿੰਦੂ ਭਰਾ ਕਦੇ ਨਰਾਜ਼ ਨਾ ਹੋਣ, ਜਿਸ ਦਾ ਸਿੱਟਾ ਸਪੱਸ਼ਟ ਸੀ ਕਿ ਸਿੱਖਾਂ ਦਾ ਕੁਛ ਵੀ ਨਾ ਬਣੇ ਅਤੇ ਉਹ ਹਿੰਦੁਸਤਾਨ ਵਿਚ ਬੰਦੀਵਾਨ ਬਣ ਕੇ, ਹਿੰਦੁਤਵ ਤੇ ਸਾਗਰ ਵਿਚ ਲੂਣ ਦੀ ਡਲੀ ਵਾਂਗ ਖੁਰ ਜਾਣ। ਸੋ, ਉਹੋ ਪਰਿਸਥਿਤੀ ਕਾਇਮ ਕਰ ਲਈ ਗਈ ਹੈ। ਅੱਗੇ "ਜੋ ਅਨੁਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ॥" ਮਾਸਟਰ ਤਾਰਾ ਸਿੰਘ ਜੀ ਨੇ ਆਪਣੇ ਅਖ਼ਬਾਰ ਰੋਜ਼ਾਨਾ *ਜਥੇਦਾਰ* ਦੇ 11 ਅਕਤੂਬਰ, ਸੰਨ 1962 ਦੇ ਅੰਕ ਵਿਚ ਇਕ ਐਡੀਟੋਰੀਅਲ ਲਿਖਿਆ ਹੈ, ਜਿਸ ਦਾ ਸਿਰਲੇਖ ਹੈ, 'ਪੰਜਾਬੀ ਸੂਬਾ ਜ਼ਰੂਰ ਬਣੇਗਾ'। ਉਸ ਵਿਚ ਮਾਸਟਰ ਜੀ ਸਪੱਸ਼ਟ ਪ੍ਰਗਟ ਕਰਦੇ ਹਨ:

"ਸੰਨ 1947 ਵਿਚ, ਜਦੋਂ ਅੰਗਰੇਜ਼ ਤੇ ਮੁਸਲਿਮ ਲੀਗ ਦੀ ਇਹ ਕੋਸ਼ਿਸ਼ ਸੀ ਕਿ ਸਿੱਖਾਂ ਤੇ ਮੁਸਲਮ ਲੀਗ ਦਾ ਸਮਝੌਤਾ ਹੋ ਜਾਵੇ, ਤਾਂ ਉਸ ਵਿਚ ਸਭ ਤੋਂ ਵੱਡੀ ਰੁਕਾਵਟ ਮੈਂ ਹੀ ਸਾਂ।" (ਸਫ਼ਾ 2)

ਜਾਦੂ ਉਹ ਜੋ ਸਿਰ ਚੜ੍ਹ ਕੇ ਬੋਲੇ!

(2) ਪ੍ਰੋਫ਼ੈਸਰ ਜੀ ਉਨ੍ਹਾਂ ਪ੍ਰਮਾਣੀਕ ਸਿੱਖ ਬੁੱਧੀਜੀਵੀਆਂ ਵਿੱਚੋਂ ਹਨ ਜੋ ਨਵੀਆਂ ਬਣੀਆਂ ਸਿੱਖ ਯੂਨੀਵਰਸਿਟੀਆਂ ਦੇ ਕਿਲ੍ਹਿਆਂ ਵਿਚ, ਬੁੱਧੀ ਤੇ ਸਿੱਖੀ, ਦੋਹਾਂ ਤੋਂ ਆਕੀ ਹੋਏ ਬੈਠੇ ਹਨ। ਉਹ ਆਪ ਹੀ ਕੋਈ ਇਕ ਮਿਸਾਲ, ਸਾਰੇ ਸੰਸਾਰ ਦੇ ਇਤਿਹਾਸ ਵਿੱਚੋਂ ਲੱਭ ਕੇ, ਦੱਸਣ (ਸਿਵਾਏ ਸਿੱਖਾਂ ਦੇ, ਜਿਨ੍ਹਾਂ ਨੇ ਆਪਣੇ ਹੱਥੀਂ ਆਪ ਆਪਣੇ ਮੌਤ ਦੇ ਵਰੰਟਾਂ ਉੱਤੇ ਸੱਜਾ ਅੰਗੂਠਾ ਲਾ ਕੇ, 'ਸਰਕਾਰ ਖਾਲਸਾ' ਡੋਗਰਿਆਂ ਦੇ ਹਵਾਲੇ ਕਰ ਦਿੱਤੀ ਸੀ), ਜਦੋਂ ਕਿ ਕਿਸੇ ਦੇਸ ਜਾਂ ਰਾਜਯ (State) ਨੇ ਆਪਣੀ ਸੀਮਾ ਅੰਦਰ ਕੋਈ ਅਜਿਹੀ ਰਾਜ-ਸ਼ਕਤੀ ਸਥਾਪਤ ਹੋਣ ਜਾਂ ਉਭਰਨ ਦਿੱਤੀ ਹੋਵੇ, ਜੋ ਕਿ ਖੁੱਲ੍ਹੇ ਘੁੰਡ ਕਹਿੰਦੀ ਹੋਵੇ ਕਿ ਅਸਾਂ ਇਸ ਦੇਸ਼ ਤੇ ਰਾਜ ਨੂੰ ਖੇਰੂੰ-ਖੇਰੂੰ ਕਰ ਦੇਣਾ ਹੈ। ਮਾਸਟਰ ਤਾਰਾ ਸਿੰਘ ਜੀ ਦੀ ਮੰਗ, ਮਿ: ਜਿਨਾਹ ਕੋਲੋਂ ਸਪੱਸ਼ਟ ਇਹ ਸੀ ਕਿ ਮੁਸਲਮਾਨ ਇਕ ਚੰਗੇ ਇਸਪਾਤ ਦੀ ਛੁਰੀ, ਤਿੱਖੀ ਕਰ ਕੇ, ਉਸ ਨੂੰ ਮੁਸਲਮਾਨਾਂ ਅਤੇ ਪਾਕਿਸਤਾਨ ਦੀ ਸ਼ਾਹ-ਰਗ ਉੱਤੇ ਰੱਖ ਦੇਣ ਅਤੇ ਉਸ ਛੁਰੀ ਦਾ ਦਸਤਾ, ਮਾਸਟਰ ਤਾਰਾ ਸਿੰਘ ਜੀ ਦੇ ਹੱਥ ਫੜਾ ਦੇਂਣ, ਤਾਂ ਜੁ ਜਦੋਂ 15 ਅਗਸਤ, ਸੰਨ 1947 ਨੂੰ ਪਾਕਿਸਤਾਨ ਵਜੂਦ ਵਿਚ ਆਵੇ, ਉਸ ਤੋਂ ਅਗਲੇ ਦਿਨ, ਦਿੱਲੀਓਂ, ਸ: ਬਲਦੇਵ ਸਿੰਘ ਦਾ ਟੈਲੀਫ਼ੋਨ ਪੁੱਜਣ ਸਾਰ, ਸਿੱਖ ਪਾਕਿਸਤਾਨ ਨੂੰ ਖੇਰੂੰ ਖੇਰੂੰ ਕਰ ਦੇਣ। ਮਾਸਟਰ ਤਾਰਾ ਸਿੰਘ ਦੀ ਇਸ ਕਰੂਰ, ਕੁਚੇਸ਼ਟਾ-ਪੂਰਤ ਮੰਗ ਬਾਬਤ, ਪ੍ਰੋਫ਼ੈਸਰ ਜੀ, ਸਿੱਖ ਸੰਗਤਾਂ ਤੇ ਆਉਣ ਵਾਲੀਆਂ ਸਿੱਖ ਨਸਲਾਂ (ਜੇ ਕੋਈ ਬਚ ਰਹੀਆਂ) ਨੂੰ ਗੁੰਮਰਾਹ ਕਰਨ ਲਈ ਕਹਿੰਦੇ ਹਨ ਕਿ ਮੁਸਲਮਾਨਾਂ ਦਾ ਇਹ ਮੰਗ ਨਾ ਮੰਨਣਾ ਬੜਾ 'ਨਿਰਾਸ਼ਾਜਨਕ' ਸੀ।

ਜੇ ਅਕਾਲੀ ਲੀਡਰ ਸੱਚੇ ਦਿੱਲੋਂ ਸਿੱਖ ਸਟੇਟ ਦੇ ਮੁੱਦਈ ਸਨ ਅਤੇ ਐਵੇਂ ਭੋਲੇ ਸਿੱਖਾਂ ਦੀਆਂ ਅੱਖਾਂ ਵਿਚ ਘੱਟਾ ਨਹੀਂ ਸੀ ਪਾ ਰਹੇ, ਤਦ ਜਦੋਂ ਮਿ: ਜਿਨਾਹ ਨੇ ਮਾਸਟਰ ਤਾਰਾ ਸਿੰਘ ਦੀ ਗੱਲ ਨਹੀਂ ਸੀ ਮੰਨੀ, ਤਦ ਅਕਾਲੀ ਲੀਡਰਾਂ ਨੇ ਸ: ਬਲਦੇਵ ਸਿੰਘ ਅਤੇ ਕਾਂਗਰਸੀ ਲੀਡਰਾਂ ਨੂੰ ਕਿਉਂ ਨਾ ਕਿਹਾ ਕਿ ਜਾਂ ਤਾਂ ਸਿੱਖਾਂ ਨੂੰ ਹਿੰਦੁਸਤਾਨ ਵਿਚ ਉਹੀ ਸਿੱਖ ਸਟੇਟ ਬਣਾ ਦੇਣ ਜਿਹੜੀ ਕਿ ਮਾਸਟਰ ਜੀ ਨੇ ਮਿ: ਜਿਨਾਹ ਕੋਲੋਂ ਮੰਗੀ ਹੈ, ਨਹੀਂ ਤਾਂ ਸਿੱਖ ਮੁਸਲਮਾਨਾਂ ਨਾਲ ਹੀ, ਘੱਟ ਵੱਧ ਕਰ ਕੇ, ਸਿੱਖਾਂ ਦੇ ਹਿੱਤ ਵਿਚ ਸਮਝੌਤਾ ਕਰਨ ਲਈ ਮਜਬੂਰ ਹਨ। ਇਉਂ ਕਹਿਣ ਨਾਲ ਸਭ ਕੁਛ ਨਿੱਤਰ ਕੇ ਸਾਹਮਣੇ ਆ ਜਾਣਾ ਸੀ। ਪਰ ਅਕਾਲੀ ਲੀਡਰਾਂ ਦਾ ਤਾਂ ਇਹ ਰਵੱਈਆ ਸੀ :

ਸਿਖਨ ਸਿਉਂ ਮੇਰਾ ਠਾਠਾ ਬਾਗਾ, ਅੰਤਰ ਅਵਰ ਬਿਉਹਾਰਾ।

ਸੰਨ 1947, ਮਈ-ਜੂਨ ਦਾ ਮਹੀਨਾ ਹੋਵੇਗਾ, ਮੈਂ ਲਾਹੌਰ ਵਿਚ ਮਿ: ਜਿਨਾਹ ਨੂੰ ਬੇਨਤੀ ਕੀਤੀ ਕਿ ਸਿੱਖ ਮੁਸਲਮਾਨ ਬਹੁ-ਗਿਣਤੀ ਹੇਠਾਂ ਆਉਣ ਤੋਂ ਬਹੁਤ ਤ੍ਰਭਕਦੇ ਹਨ, ਕਿਉਂ ਜੁ ਇਸ ਬਾਰੇ, ਸਿੱਖਾਂ ਦਾ ਪਿਛਲਾ ਤਜਰਬਾ ਕੋਈ ਬਹੁਤਾ ਸੁਖਾਵਾਂ ਨਹੀਂ। ਮਿ: ਜਿਨਾਹ ਮੁਸਕਰਾ ਕੇ ਕਹਿਣ ਲੱਗੇ, 'ਤ੍ਰਭਕਣਾ ਤਾਂ ਮੁਸਲਮਾਨਾਂ ਨੂੰ ਚਾਹੀਦਾ ਹੈ, ਕਿਉਂ ਜੁ ਪਾਕਿਸਤਾਨ ਬਣਦੇ ਸਾਰ, ਪਹਿਲਾ ਕਾਨੂੰਨ ਇਹ ਲਾਗੂ ਹੋਣਾ ਹੈ ਕਿ ਪਾਕਿਸਤਾਨ ਵਿਚ, ਸਿੱਖਾਂ ਦਾ ਧਰਮ, ਗੁਰਦੁਆਰੇ, ਸਿੱਖਾਂ ਦੀ ਜਾਨ,

ਮਾਲ ਤੇ ਜਾਇਦਾਦ ਵਿਸ਼ੇਸ਼ ਸੁਰੱਖਿਆ ਦੇ ਅਧਿਕਾਰੀ ਹਨ ਅਤੇ ਫੇਰ ਛੇ ਮਹੀਨੇ ਦੇ ਅੰਦਰ-ਅੰਦਰ, ਪਾਕਿਸਤਾਨ ਵਿਚ ਵੱਸਦੇ, ਸਭ ਹਿੰਦੂਆਂ ਨੇ ਆਪਣੇ ਆਪ ਨੂੰ ਸਹਿਜਧਾਰੀ ਸਿੱਖ ਲਿਖਾ ਦੇਣਾ ਹੈ, ਜਿਸ ਨਾਲ ਪਾਕਿਸਤਾਨ ਵਿਚ ਸਿੱਖ ਬਹੁ-ਗਿਣਤੀ ਵਿਚ ਹੋ ਜਾਣਗੇ ਅਤੇ ਮੁਸਲਮਾਨ ਘੱਟ-ਗਿਣਤੀ ਵਿਚ ਅਤੇ ਪਾਕਿਸਤਾਨ, ਖ਼ਾਲਿਸਤਾਨ ਬਣ ਜਾਵੇਗਾ।' ਮੈਂ ਮਿ: ਜਿਨਾਹ ਦੀ ਇਸ ਵਿਚਕਸ਼ਨ-ਬੁੱਧੀ ਉੱਤੇ ਚਕ੍ਰਿਤ ਰਹਿ ਗਿਆ।

ਮੈਂ ਇਹ ਗੱਲ ਦੋ ਅਕਾਲੀ ਲੀਡਰਾਂ ਕੋਲ ਕੀਤੀ, ਤਾਂ ਉੱਤਰ ਮਿਲਿਆ : "ਹੀਂ, ਹੀਂ, ਹੀਂ, ਹਾ, ਹਾ, ਹਾ, ਹਾ।"

ਸੰਨ 1966 ਵਿਚ, ਜਦੋਂ ਸ਼੍ਰੋਮਣੀ ਅਕਾਲੀ ਦਲ ਦੇ 'ਸਿੱਖ ਹੋਮਲੈਂਡ' ਦੇ ਮੁਤਾਲਬੇ ਦਾ ਮਤਾ ਪਾਸ ਕੀਤਾ, ਤਦ ਉਸ ਦਾ ਮੁੱਢਲਾ ਰੈਜ਼ੋਲਿਊਸ਼ਨ ਮੈਂ ਬਣਾਇਆ ਸੀ, ਜਿਸ ਵਿਚ ਅੰਕਿਤ ਹੈ ਕਿ 'ਸਿੱਖ ਹੋਮਲੈਂਡ' ਭਾਰਤ ਦੇ ਵਿਧਾਨ ਤੇ ਸੀਮਾ ਦੇ ਅੰਦਰ ਸਥਾਪਤ ਹੋਵੇ ਅਤੇ ਹਿੰਦੁਸਤਾਨ ਦਾ ਇਕ ਅਖੰਡ ਅੰਗ ਹੋਵੇ। ਇਸ ਉੱਤੇ ਮਾਸਟਰ ਤਾਰਾ ਸਿੰਘ ਜੀ ਭੜਕ ਉੱਠੇ ਤੇ ਕਹਿਣ ਲੱਗੇ ਕਿ ਮਤੇ ਵਿਚ ਇਹ ਜ਼ਰੂਰ ਲਿਖਿਆ ਜਾਵੇ ਕਿ 'ਸਿੱਖ ਹੋਮਲੈਂਡ' ਜਦੋਂ ਚਾਹਵੇ ਹਿੰਦੁਸਤਾਨ ਨਾਲੋਂ ਵੱਖਰਾ ਹੋ ਸਕਦਾ ਹੈ। ਮੈਂ ਕਿਹਾ, "ਖ਼ਾਲਸਾ ਜੀ, ਕੁਝ ਹੋਸ਼ ਦੀ ਗੱਲ ਕਰੋ। ਕੀ ਤੁਸੀਂ ਹਿੰਦੂਆਂ ਨੂੰ ਇਤਨਾ ਵੱਡਾ ਗਧਾ ਸਮਝਦੇ ਹੋ, ਜਿਤਨਾ ਕਿ ਬਾਕੀ ਸੰਸਾਰ ਆਮ ਤੌਰ 'ਤੇ ਅਤੇ ਹਿੰਦੂ ਵਿਸ਼ੇਸ਼ ਕਰਕੇ, ਅਸਾਨੂੰ, ਸਿੱਖਾਂ ਨੂੰ ਸਮਝਦੇ ਹਨ ? ਉਹ ਜਾਣ-ਬੁਝ ਕੇ ਸਿੱਖਾਂ ਦੇ ਹੱਕ ਐਸਾ ਕੁਹਾੜਾ ਕਿਵੇਂ ਫੜਾ ਦੇਣਗੇ, ਜਿਸ ਨਾਲ ਸਿੱਖਾਂ ਦੇ ਬੁਰਛੇ ਲੀਡਰ, ਜਦੋਂ ਚਾਹੁਣ ਹਿੰਦੁਸਤਾਨ ਨੂੰ ਟੁੱਕੜੇ-ਟੁੱਕੜੇ ਕਰ ਸਕਣ ? ਸਿਆਣਪ ਤਾਂ ਹੁਣ ਇਹ ਹੈ ਕਿ ਅਸੀਂ ਹਿੰਦੂਆਂ ਨੂੰ ਇਹ ਪੱਕਾ ਵਿਸ਼ਵਾਸ ਦਿਵਾਈਏ ਕਿ ਭਾਵੇਂ ਬਾਕੀ ਸਭ ਦੇਸ਼-ਵਾਸੀ ਭਾਰਤ ਨੂੰ ਖੰਡ-ਖੰਡ ਕਰਨ ਉੱਤੇ ਤੁੱਲ ਜਾਣ, ਅਸੀਂ ਸਿੱਖ, ਇਸ ਦੀ ਅਖੰਡਤਾ ਲਈ, ਆਖ਼ਰੀ ਦਮ ਤਕ ਲੜਦੇ ਰਹਾਂਗੇ। ਤਦ, ਸ਼ਾਇਦ ਕੋਈ ਭਲਾ ਮਾਣਸ ਅਸਾਡੀ ਬੇਨਤੀ ਸੁਣਨ ਨੂੰ ਤਿਆਰ ਹੋ ਜਾਵੇ। ਹੋਮਲੈਂਡ ਮਿਲਣਾ ਤਾਂ ਦੂਰ ਦੀ ਗੱਲ ਹੈ। ਭਰਾਵੋ ਆਓ, ਕਿਸੇ ਵੇਲੇ ਤਾਂ ਅਕਲ ਦੀ ਗੱਲ ਕਰੀਏ। ਹੋਰ, ਕੁਝ ਚਿਰ ਹੀ ਹੋਇਆ ਹੈ ਕਿ ਭਾਰਤ ਦੇ ਵਿਧਾਨ ਵਿਚ ਸੰਸ਼ੋਧਨ ਹੋ ਚੁੱਕਾ ਹੈ ਕਿ ਜੋ ਕੋਈ ਦੇਸ਼ ਦੇ ਟੁੱਕੜੇ-ਟੁੱਕੜੇ ਕਰਨ ਦੀ ਸੰਭਾਵਨਾ ਦੀ ਗੱਲ ਵੀ ਕਰੇਗਾ, ਉਹ ਦਸ ਵਰ੍ਹੇ ਦੀ ਸਖ਼ਤ ਕੈਦ ਦਾ ਭਾਗੀ ਹੈ। ਕੇਵਲ ਇਕ ਮਤਾ ਪਾਸ ਕਰ ਕੇ, ਸਾਰੀ ਵਰਕਿੰਗ ਕਮੇਟੀ (ਜਿਸ ਦਾ ਕਿ ਹੁਣ ਨਵਾਂ ਨਾਮ-ਸੰਸਕਰਣ 'ਬਰਕਣ' ਹੋ ਚੁੱਕਾ ਹੈ) ਦਸਾਂ ਵਰ੍ਹਿਆਂ ਦੀ ਜੇਲ੍ਹ-ਯਾਤਰਾ ਲਈ ਕਮਰਕੱਸੇ ਕਰ ਲਵੇ, ਇਹ ਮੇਰੀ ਸਮਝ ਤੇ ਸਮਰਥਾ ਦੋਹਾਂ ਤੋਂ ਪਰ੍ਹੇ ਹੈ। ਦਾਸ ਖਿਮਾ ਕਾ ਜਾਚਕ ਹੈ, ਪਰ ਪੰਥ ਸਰਬ-ਸਮਰੱਥ ਹੈ।" ਮੇਰੀ ਬੇਨਤੀ ਸੁਣ ਕੇ ਮਾਸਟਰ ਜੀ ਕਹਿਣ ਲੱਗੇ, "ਰੂਸ ਵਿਚ, ਸਾਰੀਆਂ ਰਿਆਸਤਾਂ ਨੂੰ ਵੱਖਰੇ ਹੋਣ ਦੇ ਅਧਿਕਾਰ ਵਿਧਾਨਿਕ ਤੌਰ 'ਤੇ ਮਿਲੇ ਹੋਏ ਹਨ।" ਮੈਂ ਆਪਣੇ ਸਿਰ ਉੱਤੇ ਦੁਹੱਥੜ ਮਾਰ ਕੇ ਕਿਹਾ, "ਓਏ ਭੋਲਿਓ, ਇਹ ਤਾਂ ਰੂਸ ਵਿਚ ਐਵੇਂ ਕਾਗ਼ਜ਼ੀ ਕਾਰਵਾਈ ਹੈ, ਜਿਸ ਦੁਆਰਾ ਯੂ.ਐਨ.ਓ. ਵਿਚ ਰੂਸ ਦੀਆਂ ਬਹੁਤ

ਵੋਟਾਂ ਵੱਧ ਗਈਆਂ ਹਨ। ਉਂਜ ਕੋਈ ਰਿਆਸਤ ਜਾਂ ਵਿਅਕਤੀ ਰੂਸ ਵਿੱਚੋਂ ਬਾਹਰ ਨਿਕਲਣ ਦਾ ਸੁਪਨਾ ਲੈ ਕੇ ਤਾਂ ਦੇਖੇ, ਜੇ ਸਣ-ਬੱਚਾ ਘਾਣੀ ਨਾ ਪੀੜਿਆ ਜਾਵੇ! ਅਸੀਂ ਸਿੱਖ ਕਿਹੜੀ ਦੁਨੀਆ ਵਿਚ ਵੱਸੇ ਰਹੇ ਹਾਂ ?"

ਮੈਂ ਬੜਾ ਹੱਠ ਕੀਤਾ ਅਤੇ ਗਿਆਨੀ ਭੁਪਿੰਦਰ ਸਿੰਘ, ਜਿਹੜੇ ਉਸ ਵੇਲੇ ਅਕਾਲੀ ਦਲ ਦੇ ਪ੍ਰਧਾਨ ਸਨ, ਉਨ੍ਹਾਂ ਨੇ ਵੀ ਮੇਰੀ ਹਾਮੀ ਭਰੀ, ਤਾਂ ਕਿਤੇ ਜਾ ਕੇ ਮੇਰਾ ਉਲੀਕਿਆ ਹੋਇਆ ਮਤਾ ਪ੍ਰਵਾਨ ਹੋਇਆ, ਪਰ ਸਾਰੀ 'ਬਰਕਣ' ਬੜ-ਬੜ ਕਰਦੀ ਰਹੀ, 'ਇਹ ਸਿਰਦਾਰ ਕਪੂਰ ਸਿੰਘ ਬੜੇ ਤੱਤੇ ਸੁਭਾ ਦਾ ਜ਼ਿੱਦੀ ਬੰਦਾ ਹੈ। ਇਸ ਦੀ ਕਿਸੇ ਨਾਲ ਨਿਭ ਨਹੀਂ ਸਕਦੀ।'

ਸੰਨ 1947 ਵਿਚ ਜੋ ਭਾਣਾ ਵਰਤਣਾ ਸੀ, ਵਰਤ ਗਿਆ, ਪਰ ਹੁਣ, ਆਉਣ ਵਾਲੀਆਂ ਨਸਲਾਂ ਕੋਲੋਂ ਸੱਚ ਨੂੰ ਲੁਕਾਉਣਾ ਅਤੇ ਨਵੀਂ ਸਿੱਖ ਪਨੀਰੀ ਨੂੰ ਭੁਲੇਖਿਆਂ ਵਿਚ ਪਾਉਣਾ, ਤਾਂ ਜੁ ਸਿੱਖ-ਰਾਜਨੀਤੀ ਨੂੰ ਕਦੇ ਵੀ ਸਹੀ ਸੇਧ ਨਾ ਮਿਲ ਸਕੇ, 1947 ਦੇ ਉਸ ਪਾਪ ਨਾਲੋਂ ਵੀ ਵਧੇਰੇ ਉੱਗਰ ਪਾਪ ਹੈ, ਜਿਸ ਦੁਆਰਾ, ਸਿੱਖਾਂ ਦਾ ਹਿੰਦੁਸਤਾਨ ਦੀ ਪ੍ਰਭੁਸੱਤਾ ਵਿਚ ਵਿਰਾਸਤ ਦਾ ਹੱਕ ਕੌਡੀਆਂ ਦੇ ਭਾਅ ਵੇਚ ਦਿੱਤਾ ਗਿਆ। ਪੰਜ ਲੱਖ ਸਿੱਖ ਅਜਾਈਂ ਮਰਵਾ ਦਿੱਤੇ ਗਏ, ਇਕ ਲੱਖ ਦੇਵੀਆਂ ਦੇ ਸਤ ਭੰਗ ਕਰਵਾਏ ਗਏ, ਦੋ ਅਰਬ ਦੀ ਸਿੱਖਾਂ ਦੀ ਜਾਇਦਾਦ ਖੁਹਾਈ ਗਈ ਅਤੇ ਦੋ ਸੌ ਪਵਿੱਤਰ ਗੁਰਦੁਆਰੇ ਹੱਥੋਂ ਗੁਆ ਲਏ ਗਏ, ਤਾਂ ਜੁ 'ਅਕਾਲੀ ਪਾਰਟੀ' ਦੀ ਲੀਡਰੀ ਅਤੇ ਸ: ਬਲਦੇਵ ਸਿੰਘ ਦੀ ਚੌਧਰ ਨੂੰ ਆਂਚ ਨਾ ਆਵੇ।

ਜਿਹੜੇ ਅਸਾਡੇ 'ਪ੍ਰੋਫ਼ੈਸਰ', 'ਪੀ-ਐਚ.ਡੀ.', ਬੁੱਧੀਜੀਵੀ, ਅਸਾਡੀਆਂ ਸਿੱਖ ਯੂਨੀਵਰਸਿਟੀਆਂ ਵਿਚ ਬੁੱਧੀ ਤੇ ਸਿੱਖੀ ਦੋਹਾਂ ਤੋਂ ਆਕੀ ਤੇ ਕਿਲ੍ਹਾਬੰਦ ਹੋਏ ਬੈਠੇ ਹਨ, ਉਨ੍ਹਾਂ ਕੋਲੋਂ ਇਹ ਆਸ ਰੱਖਣੀ ਦਿਨ-ਬਦਿਨ ਕਠਿਨ ਭਾਸ ਰਹੀ ਹੈ ਕਿ ਉਹ ਆਪਣੇ ਨਿੱਜੀ ਸਵਾਰਥ ਤਿਆਗ ਕੇ, ਗੁਰੂ ਦਾ ਭਉ ਤੇ ਰੱਬ ਦਾ ਡਰ ਗ੍ਰਹਿਣ ਕਰਨਗੇ ਅਤੇ ਸਿੱਖੀ ਸਿੱਧਾਂਤਾਂ, ਸਿੱਖ-ਇਤਿਹਾਸ, ਗੁਰਬਾਣੀ ਨੂੰ ਗੰਧਲਾਉਣ ਦੇ ਯਤਨ ਤਿਆਗ ਦੇਣਗੇ ਕਿਉਂਕਿ ਅਗਿਆਨੀ ਨੂੰ ਤਾਂ ਸਮਝਿਆ ਜਾ ਸਕਦਾ ਹੈ ਪਰ ਨਸ਼ਟਾਤਮਾ ਗਿਆਨੀ ਨੂੰ ਸਿੱਖਾਂ ਅਤੇ ਸਿੱਖੀ ਉੱਤੇ ਤਰਸ ਕਰਨ ਲਈ ਕਿਵੇਂ ਪ੍ਰੇਰਿਆ ਜਾ ਸਕਦਾ ਹੈ ? ਸੱਚ ਅਤੇ ਸਿੱਖੀ ਦੀ ਪਕੜ ਜਿਨ੍ਹਾਂ ਨੇ ਤਿਆਗ ਦਿੱਤੀ ਹੈ ਅਤੇ ਉਨ੍ਹਾਂ ਦੀਆਂ ਅੱਖਾਂ ਉਸ ਪਾਸੇ ਲੱਗੀਆਂ ਹੋਈਆਂ ਹਨ, ਜਿਥੋਂ ਉਨ੍ਹਾਂ ਨੂੰ ਵਧੇਰੇ ਵਿੱਤ ਅਤੇ ਉਚੇਰੇ ਪਦ ਪ੍ਰਾਪਤ ਹੋਣ ਦੀ ਸੰਭਾਵਨਾ ਹੈ, ਉਨ੍ਹਾਂ ਬਾਬਤ ਭਰਤਰਿ ਹਰਿ ਨੇ 'ਨੀਤਿਸ਼ਤਕਮ' ਵਿਚ ਕਿਹਾ ਹੈ : **'ਗਯਾਨਲਵ ਦੁਰਵਿਦ ਘਦਮ ਬ੍ਰਹਮਾ ਅਪਿਤਮ ਨਰੰ ਨ ਰੰਜਯਤਿ।'** ਅਰਥਾਤ, ਗਿਆਨ ਕੇ ਲੇਸ਼ਮਾਤ੍ਰ ਸੇ ਪੰਡਿਤ ਬਨੇ ਹੂਏ ਮਨੁਸ਼ਯ ਕੋ ਪ੍ਰਸੰਨ ਕਰਨੇ ਕੇ ਲੀਏ ਸ੍ਵੈਮ ਬ੍ਰਹਮਾ ਜੀ ਭੀ ਅਸਮਰਥ ਹੈਂ।

ਅਸਾਡੀਆਂ ਸਿੱਖ ਯੂਨੀਵਰਸਿਟੀਆਂ ਦੇ ਕਈ ਬੁੱਧੀਜੀਵੀਆਂ ਦਾ ਮੁੱਖ ਪ੍ਰੋਗਰਾਮ ਇਹੋ ਹੀ ਦਿੱਸਦਾ ਹੈ ਕਿ ਸਿੱਖੀ, ਸਿੱਖ ਇਤਿਹਾਸ ਤੇ ਸਿੱਖ ਪੰਥ ਦੀਆਂ ਜੜ੍ਹਾਂ ਹਿਲਾਈ ਜਾਉ, ਹਿਲਾਈ ਜਾਉ, 'ਜਬ ਲਗ ਘਟ ਮੇਂ ਪ੍ਰਾਣ'। ਇਹ ਕਲਪ ਬਿਰਖ ਆਪੇ ਜਰਜਰਾ ਹੋ ਕੇ ਡਿੱਗ ਪਵੇਗਾ ਅਤੇ ਹੋਰ ਲੋਕ ਇਸ ਦਾ ਬਾਲਣ ਤੇ

ਸ਼ਤੀਗੀਆਂ ਬਣਾ ਕੇ ਵਰਤ ਲੈਣਗੇ ਅਤੇ ਤਦ ਇਨ੍ਹਾਂ ਬੁੱਧੀਜੀਵੀਆਂ ਦੀ ਘਾਲ ਥਾਇ ਪਵੇਗੀ।

ਭਾਈ ਚੌਪਾ ਸਿੰਘ ਦੇ ਰਹਿਤਨਾਮੇ ਵਿਚ ਦਰਜ ਹੈ : 'ਖ਼ਾਲਸਾ ਸੋ ਜਿਸ ਆਪਣਾ ਤਨ, ਮਨ, ਧਨ ਅਕਾਲ ਪੁਰਖ ਨੂੰ ਸੌਂਪਿਆ'। ਭਾਈ ਪ੍ਰਹਲਾਦ ਸਿੰਘ ਦੇ ਰਹਿਤਨਾਮੇ ਵਿਚ ਇਸ ਦੀ ਵਿਆਖਿਆ ਹੈ (ਮੈਂ ਮੂੰਹ ਜ਼ਬਾਨੀ ਲਿਖ ਰਿਹਾ ਹਾਂ):

ਨਿਮਕ ਹਲਾਲ ਨਾਥ ਕਾ ਕਰੀਏ, ਮਰਨ ਜੀਵਣ ਅਸਧੁਜ ਪੈ ਧਰੀਏ।

ਅਸਾਡੇ ਨਵੇਂ ਸਥਾਪਤ ਹੋਏ 'ਬੁੱਧੀਜੀਵੀਆਂ' ਦੇ ਸੋਧੇ ਹੋਏ, ਆਪਣੇ ਰਹਿਤਨਾਮੇ ਵਿਚ 'ਨਾਥ' ਅਤੇ 'ਅਕਾਲ ਪੁਰਖ' ਦਾ ਭਾਵ ਹੈ, ਉਹ ਸ਼ਕਤੀ ਜਾਂ ਵਿਅਕਤੀ ਜਿਹੜੀ ਇਨ੍ਹਾਂ ਦੀ ਤਨਖ਼ਾਹ ਤੇ ਪਦਵੀ ਨੂੰ ਵਧਾਉਣ ਦੇ ਸਮਰੱਥ ਹੋਵੇ ਅਤੇ ਰਹਿਤਨਾਮੇ ਦੀ ਟੂਕ ਹੁਣ ਇਸ ਪ੍ਰਕਾਰ ਹੈ :

ਨਿਮਕ ਹਲਾਲ ਨਾਥ ਕਾ ਕਰੀਏ, ਗੁਰੂ, ਰੱਬ ਤੋਂ ਕਦੇ ਨਾ ਡਰੀਏ।

ਬਿਖੁ ਮਹਿ ਅੰਮ੍ਰਿਤੁ

ਕੁਝ ਦਿਨ ਹੋਏ, ਅਸੰਬਲੀ ਦੀਆਂ ਚੋਣਾਂ ਵਿਚ 'ਪੰਥਿਕ' ਉਮੀਦਵਾਰਾਂ ਦੀ ਭਾਰੀ ਹਾਰ ਤੋਂ ਛਿੱਥੇ ਪੈ ਕੇ ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੇ ਬਿਆਨ ਦਿੱਤਾ ਸੀ ਕਿ 'ਹੁਣ ਅਸੀਂ ਪੂਰੀ ਖ਼ੁਦਮੁਖ਼ਤਾਰੀ ਵਾਲਾ ਸੂਬਾ ਲੈਣਾ ਹੈ।' 'ਸੂਬਾ' ਕੀ ਹੁੰਦਾ ਹੈ ਤੇ ਹਿੰਦ ਦੇ ਪ੍ਰਚੱਲਤ ਵਿਧਾਨ ਦੀ ਸ਼ਬਦਾਵਲੀ ਅਨੁਸਾਰ 'ਸੂਬਾ' ਤੇ ਪ੍ਰਦੇਸ਼ ਅਥਵਾ 'ਸਟੇਟ' ਵਿਚ ਕੀ ਅੰਤਰ ਹੈ ਅਤੇ 'ਪੂਰੀ ਖ਼ੁਦਮੁਖ਼ਤਾਰੀ' ਦੇ ਕੀ ਅਰਥ ਹਨ ਅਤੇ ਇਹ ਭਾਰਤ ਦੇ ਵਿਧਾਨ ਅਨੁਸਾਰ ਮੰਗੀ ਵੀ ਜਾ ਸਕਦੀ ਹੈ ਕਿ ਨਹੀਂ, ਇਹ ਬਹਿਸ ਮੈਂ ਸਿੱਖਾਂ ਦੇ ਬੱਚੇ ਸਕਿਆਂ ਨਾਲ ਛੇੜਨ ਦਾ ਕੋਈ ਲਾਭ ਨਹੀਂ ਸਮਝਦਾ, ਪਰ ਪੰਥ ਦੇ ਹਿਤੂ ਅਤੇ ਧਰਮ ਦਾ ਝੰਡਾ ਚੁੱਕਣ ਦੀ ਇੱਛਾ ਵਾਲੇ, ਜਿਹੜੇ ਸਿੱਖ ਦਬਕੇ ਹੋਏ ਯਾ ਦੜ-ਵੱਟੀ ਆਪਣੇ ਘਰਾਂ ਵਿਚ, ਚੰਗੇ ਸਮੇਂ ਦੀ ਉਡੀਕ ਕਰ ਰਹੇ ਹਨ, ਉਨ੍ਹਾਂ ਨਾਲ 'ਸੂਬਾਈ ਖ਼ੁਦਮੁਖ਼ਤਾਰੀ' ਯਾ 'ਪੂਰੀ ਸੂਬਾਈ ਖ਼ੁਦਮੁਖ਼ਤਾਰੀ' ਬਾਬਤ ਵਿਚਾਰਾਂ ਦੀ ਸਾਂਝ ਕਰਨਾ ਚਾਹੁੰਦਾ ਹਾਂ, ਤਾਂ ਜੁ ਜਿਸ ਵੇਲੇ ਤਕ ਬੁਰਛਾਗਰਦੀ ਤੇ ਮਹਿਖੇਸੁਰ ਰੁਚੀਆਂ ਦੀ ਪੰਥ ਦੀ ਸਿਆਸਤ ਵਿਚ ਪ੍ਰਧਾਨਤਾ ਹੈ, ਉਸ ਸਮੇਂ ਦੇ ਅੰਦਰ-ਅੰਦਰ ਹੀ, ਕਿਤੇ ਸਾਡੇ ਜਰਨੈਲ ਜਥੇਦਾਰ ਖ਼ਾਲਸਾ ਪੰਥ ਦੀ ਅਜੀਤ ਸ਼ਕਤੀ ਨੂੰ ਮੂੜ-ਮੱਤ ਤੇ ਮੰਦ-ਭਾਵਨਾ ਦੇ ਦਰਿਆ ਵਿਚ ਨਾ ਰੁੜ੍ਹਵਾ ਦੇਣ, ਜਿਵੇਂ ਜਰਨੈਲ ਤੇਜਾ ਸਿੰਘ ਤੇ ਲਾਲ ਸਿੰਘ ਨੇ ਚੋਣਵੀਆਂ ਸਿੱਖ ਰਜਮੈਂਟਾਂ ਨੂੰ ਸੰਨ 1845 ਵਿਚ, ਸਤਲੁਜ ਵਿਚ ਡੋਬ ਕੇ ਮਾਰ ਮੁਕਾਇਆ ਸੀ।

ਹੁਣ ਅਪ੍ਰੈਲ ਦੇ ਦੂਜੇ ਹਫ਼ਤੇ ਸ੍ਰੀ ਫ਼ਤਿਹ ਸਿੰਘ (ਸੰਤ) ਦੇ ਲੈ-ਪਾਲਿਕ ਫ਼ਰਜ਼ੰਦ, ਜਥੇਦਾਰ ਮੋਹਣ ਸਿੰਘ 'ਤੁੜ' ਦਾ ਬਿਆਨ ਛਪਿਆ ਹੈ ਕਿ "ਪੰਜਾਬੀ ਸੂਬਾ ਜੋ ਹੁਣ ਪ੍ਰਾਪਤ ਹੋ ਚੁੱਕਾ ਹੈ, ਇਹੋ ਪੰਥ ਦੀ ਆਖ਼ਰੀ ਮੰਗ ਹੈ, ਹੋਰ ਕੋਈ ਸਿਆਸੀ ਨਿਸ਼ਾਨਾ ਅਸਾਡਾ ਨਹੀਂ ਹੈ।"

ਜੇ ਅੰਤਮ ਸਿਆਸੀ ਨਿਸ਼ਾਨੇ ਦੀ ਪ੍ਰਾਪਤੀ 'ਪੰਥ' ਕਰ ਚੁੱਕਾ ਹੈ ਤਾਂ 'ਸੰਤ ਬਾਬਾ' ਜੀ, ਆਪਣੀ ਭੈਰਵ-ਮੰਡਲੀ ਸਮੇਤ, ਸ਼੍ਰੋਮਣੀ ਅਕਾਲੀ ਦਲ ਦੀ ਲਾਸ਼ ਉੱਤੇ ਕਿਸ ਆਸ਼ੇ ਦੀ ਪੂਰਤੀ ਲਈ, ਪਿਛਲੇ ਦਸਾਂ ਸਾਲਾਂ ਤੋਂ ਮੁਖ਼ਾਲਫ਼ਾਨਾ ਕਬਜ਼ਾ ਕਰੀ ਬੈਠੇ ਰਹੇ ਹਨ ?

'ਅਕਾਲੀ ਦਲ' 'ਪੰਥ ਦੀ ਸਿਆਸਤ' ਸ੍ਰੀ ਅਕਾਲ ਤਖ਼ਤ ਰੂ-ਬ-ਰੂ 'ਅਰਦਾਸੇ'। 'ਸਿੱਖਾਂ ਦੇ ਹੱਕ ਹਕੂਕ', 'ਸ਼ਹੀਦੀ ਮੋਰਚੇ' ਇਨ੍ਹਾਂ ਨਾਅਰਿਆਂ ਤੇ ਅਡੰਬਰਾਂ ਦੇ ਪਰਦਿਆਂ ਪਿੱਛੇ, ਬੇ-ਸਮਝੀ, ਮਨਮੁੱਖਤਾ, ਨਿੱਜੀ ਲਾਭ, ਧੜੇ ਦੀ ਪ੍ਰਧਾਨਤਾ, ਭਰਾ-ਮਾਰੂ ਧੋਖੇ,

ਵਿਸ਼ਵਾਸਘਾਤ, ਅਲਪ-ਬੁੱਧੀ ਨੀਤੀਆਂ ਤੇ ਨਿਗੂਣੇ ਸੁਆਰਥਾਂ ਦੀ ਸਿੱਧੀ ਲਈ ਸਾਜ਼ਿਸ਼ਾਂ ਤੇ ਖੜਯੰਤ੍ਰ, ਬਸ ਇਹੋ ਰਾਜਨੀਤੀ ਤੇ ਕੂਟਲਨੀਤੀ ਅਸਾਂ, ਪਿਛਲੇ ਦਸਾਂ-ਬਾਰਾਂ ਸਾਲਾਂ ਤੋਂ ਖ਼ਾਸ ਕਰਕੇ ਅਪਣਾ ਰੱਖੀ ਹੈ ਅਤੇ ਗੁਰੂ ਦੇ ਇਸ ਮਹਾਂਵਾਕ ਨੂੰ ਅਸਾਂ ਭੁਲਾ ਛੱਡਿਆ ਹੈ ਕਿ ਜ਼ਹਿਰ ਵਿਚ ਅੰਮ੍ਰਿਤ ਘੋਲਣ ਨਾਲ ਬਿਖ ਸੁਧਾ ਨਹੀਂ ਬਣ ਜਾਂਦਾ :

ਬਿਖੁ ਮਹਿ ਅੰਮ੍ਰਿਤੁ ਸਿੰਚੀਐ ਬਿਖੁ ਕਾ ਫਲੁ ਪਾਇਆ ॥

(ਸਾਰੰਗ ਕੀ ਵਾਰ ਮ: ੪, ਪੰਨਾ 1244)

ਆਓ, (1) ਪੰਥ ਦਾ ਸਿਆਸੀ ਨਿਸ਼ਾਨਾ ਕੀ ਮਿਥਿਆ ਜਾ ਚੁੱਕਾ ਹੈ ਅਤੇ ਕੀ ਹੋਣਾ ਚਾਹੀਏ ? (2) ਪੰਜਾਬੀ ਸੂਬਾ ਜਾਂ ਸੂਬਾਈ ਖ਼ੁਦਮੁਖ਼ਤਾਰੀ ਦੀ ਪ੍ਰਾਪਤੀ ਨਾਲ ਇਹ ਨਿਸ਼ਾਨਾ ਪੂਰਾ ਹੁੰਦਾ ਹੈ ਕਿ ਨਹੀਂ ? (3) ਸ਼੍ਰੋਮਣੀ ਅਕਾਲੀ ਦਲ ਅਤੇ ਸੰਤ ਅਕਾਲੀ ਦਲ ਵਿਚ ਕੀ ਭੇਦ ਹੈ ? ਇਨ੍ਹਾਂ ਤਿੰਨਾਂ ਮੁੱਢਲੇ ਸੁਆਲਾਂ ਉੱਤੇ ਪਕਸ਼ੀ-ਦ੍ਰਿਸ਼ਟੀ ਅਥਵਾ ਉੱਡਦੀ ਨਜ਼ਰ ਮਾਰੀਏ ਤਾਂ ਜੁ ਸਿੱਖਾਂ ਦੀ ਸਹੀ ਸਿਆਸ਼ੀ ਹਾਲਤ ਦਾ ਕੁਝ ਅਨੁਮਾਨ ਹੋ ਸਕੇ।

ਪੰਥ ਦੇ ਅੰਤਮ ਸਿਆਸੀ ਨਿਸ਼ਾਨੇ ਬਾਬਤ ਸਾਹਿਬ ਦਸਮ ਪਾਤਿਸ਼ਾਹ ਆਪ ਸਪੱਸ਼ਟ ਨਿਰਣਾ ਕਰ ਗਏ ਹਨ, ਜਿਸ ਦੀ ਤਸਦੀਕ ਭਾਈ ਨੰਦ ਲਾਲ ਜੀ ਨੇ, ਜੋ ਕਿ ਸਾਹਿਬਾਂ ਦੇ ਜੋਤੀ ਜੋਤਿ ਸਮਾਉਣ ਵੇਲੇ, ਨਾਂਦੇੜ ਵਿਚ ਗੁਰੂ ਜੀ ਦੀ ਹਜ਼ੂਰੀ ਵਿਚ ਸਨ, ਆਪਣੇ ਰਹਿਤਨਾਮੇ ਵਿਚ ਕੀਤੀ ਹੈ ਅਤੇ ਜਿਸ ਰਾਜਸੀ ਨਿਸ਼ਾਨੇ ਨੂੰ, ਸਿਦਕੀ ਤੇ ਨਿਰਭੈ ਸਿੱਖ, ਸ਼ਰ੍ਹੇਆਮ, ਦਿਨ ਰਾਤ, ਉੱਚੀ ਧੁਨੀ ਵਿਚ ਦੁਹਰਾਉਂਦੇ ਹਨ ਕਿ :

ਰਾਜ ਕਰੇਗਾ ਖ਼ਾਲਸਾ ਆਕੀ ਰਹੇ ਨਾ ਕੋਇ।

ਅਜੋਕੇ ਪ੍ਰਜਾਤੰਤ੍ਰ ਦੇ ਯੁੱਗ ਵਿਚ, ਹੁਣ ਜਦੋਂ ਕਿ ਸਿੱਖਾਂ ਦੀ ਪਿਤ੍ਰੀ-ਭੂਮੀ ਦੇ ਖੰਡ, ਸਿੱਖ ਹੋਮਲੈਂਡ ਅਤੇ ਸਿੱਖਾਂ ਦੀ ਮਾਤ੍ਰੀ ਭੂਮੀ ਤੇ ਪੁੰਨ ਭੂਮੀ, ਭਾਰਤ ਦੇਸ਼ ਅਤੇ ਹਿੰਦ ਉਪ ਮਹਾਂਦੀਪ ਸਵਤੰਤ੍ਰ ਹੋ ਚੁੱਕੇ ਹਨ, ਇਹ ਵਿਚਾਰ ਨਿਸ਼ਚਾ ਤਾਂ ਅਵੱਸ਼ ਕਰਨਾ ਚਾਹੀਏ ਕਿ ਭਾਰਤ ਖੰਡ ਦੇ ਦੇਸ਼ਾਂ ਪ੍ਰਦੇਸ਼ਾਂ ਦੀ ਰਾਜ ਬਣਤਰ ਅਤੇ ਵਿਧਾਨ ਪੱਧਤੀ ਕਿਸ ਪ੍ਰਕਾਰ ਦੀ ਤੇ ਕਿਹੜੇ ਰੰਗ-ਢੰਗ ਦੀ ਹੋਵੇ, ਜਿਸ ਵਿਚ ਸਿੱਖ ਜਾਤੀ ਅਤੇ ਖ਼ਾਲਸਾ ਪੰਥ ਰਾਜ ਕਰਨ ਵਾਲਿਆਂ ਦੇ ਨਾਲ ਖਹਿ ਕੇ ਕੁਰਸੀ ਡਾਹ ਕੇ ਬੈਠੇ, ਪਰ ਇਹ ਫ਼ੈਸਲਾ ਯਾ ਵਿਚਾਰ ਪ੍ਰਧਾਨੀ ਨਹੀਂ ਮੰਨਿਆ ਜਾ ਸਕਦਾ ਕਿ ਸਿੱਖ ਜਾਤੀ ਤੇ ਖ਼ਾਲਸਾ ਪੰਥ ਨੂੰ ਸਿਆਸੀ ਸਤਹ ਉੱਤੇ ਵਿਧਾਨਕ ਤੇ ਵਾਸਤਵਿਕ ਰੂਪ ਵਿਚ, ਮਾਨਤਾ ਹੀ ਨਾ ਦਿੱਤੀ ਜਾਵੇ ਅਤੇ 'ਸੈਕੂਲਰਿਜ਼ਮ', 'ਸੋਸ਼ਲਿਜ਼ਮ', 'ਪੰਚਾਇਤਵਾਦ' ਆਦਿ ਭੰਬਲ-ਭੂਸਿਆਂ ਵਿਚ ਪਾ ਕੇ, ਸਾਹਿਬ ਦਸਮ ਪਾਤਿਸ਼ਾਹ ਦੇ ਅਕਾਲ ਪੁਰਖ ਦੇ ਹੁਕਮ ਨਾਲ ਚਲਾਏ ਹੋਏ ਖ਼ਾਲਸਾ ਪੰਥ ਨੂੰ, ਇਕ ਰਾਜਸੀ ਵਿਅਕਤੀ ਤੇ ਸਿਆਸੀ ਇਕਾਈ ਦੇ ਰੂਪ ਵਿਚ, ਲਾਵਾਰਸ ਤੇ ਬੇਦਖ਼ਲ ਕਰ ਦਿੱਤਾ ਜਾਵੇ।

ਜਿਹੜੀ ਸ਼ਕਤੀ ਤੇ ਜਿਹੜਾ ਵਿਅਕਤੀ ਅਜਿਹਾ ਖੜਯੰਤ੍ਰ ਰਚਦੀ ਹੈ, ਯਾ

ਅਜਿਹਾ ਦਾਅਵਾ ਕਰਦੀ ਹੈ ਯਾ ਅਜਿਹੇ ਦਾਅਵਿਆਂ ਦੇ ਖੜਯੰਤ੍ਰਾਂ ਨੂੰ ਮਾਨਤਾ ਯਾ ਸ਼ਹਿ ਦਿੰਦੀ ਹੈ, ਉਹ ਪੰਥ ਲਈ ਸ਼ਤਰੂ-ਭਾਵ ਹੀ ਰੱਖਦੀ ਕਹਿਣੀ ਚਾਹੀਏ, ਸਿੱਖਾਂ ਅਤੇ ਪੰਥ ਦੀ ਮਿਤ੍ਰ ਕਦਾਚਿਤ ਨਹੀਂ।

ਇਹੋ ਮੁੱਢਲੀ ਅਤੇ ਸਿਧਾਂਤਕ ਸਮੱਸਿਆ ਸਿੱਖ ਸਿਆਸਤ ਦੀ ਹੈ ਜਿਹੜੀ, ਉੱਗਰ ਰੂਪ ਵਿਚ ਸੰਨ 1930 ਤੋਂ ਲੈ ਕੇ, ਜਦੋਂ ਕਾਂਗਰਸ ਨੇ ਲਾਹੌਰ ਵਿਚ, ਪੂਰਨ ਪ੍ਰਭੂ-ਸਤਾ ਪ੍ਰਾਪਤ ਸਵਤੰਤ੍ਰਤਾ ਦਾ ਮਤਾ ਪਾਸ ਕੀਤਾ ਸੀ, ਅੱਜ ਤਕ ਚਲੀ ਆਉਂਦੀ ਹੈ ਅਤੇ ਜਿਸ ਸਮੱਸਿਆ ਨੂੰ ਬੇਸਮਝੀ ਕਾਰਨ, ਕੂਟਲਨੀਤੀ ਦੇ ਆਧਾਰ ਉੱਤੇ ਦ੍ਵੈਸ਼-ਰੁਚੀਆਂ ਤੋਂ ਪ੍ਰੇਰਿਤ ਹੋ ਕੇ ਯਾ ਕਾਇਰਤਾ ਤੇ ਪੰਥ ਨਾਲ ਗ਼ੈਰਸਾਲੀ ਦੀ ਵਜ੍ਹਾ ਕਰਕੇ ਅਸਿੱਖ ਸਿਆਸਤਦਾਨ ਤੇ ਰਾਜਸੀ ਨੇਤਾ ਅਤੇ ਸਿੱਖ, ਆਪ-ਹੁਦਰੇ, ਲੀਡਰ ਕਿਸਮ ਦੇ ਲੋਕ, ਭੁਚਲਾਉਣ ਯਾ ਭ੍ਰਿਸ਼ਟ ਕਰਨ ਦਾ ਕੁਕਰਮ ਕਰ ਰਹੇ ਹਨ।

ਸਹੀ ਸੁਆਲ ਇਹ ਨਹੀਂ ਕਿ ਕਿਵੇਂ ਸਿੱਖਾਂ ਨੂੰ ਗੁਮਰਾਹ ਕਰ ਕੇ, ਭੰਬਲ-ਭੂਸਿਆਂ ਵਿਚ ਪਾ ਕੇ, ਡਰਾ ਧਮਕਾ ਕੇ, ਲਾਲਚ ਦੇ ਕੇ, ਸਰਕਾਰੀ ਬਖ਼ਸ਼ਿਸ਼ਾਂ ਕਰ ਕੇ ਯਾ ਬੇ-ਇਨਸਾਫ਼ੀਆਂ ਤੇ ਅਨਿਆਂ ਹਿੱਕ ਦੇ ਧੱਕੇ ਨਾਲ ਕਰਕੇ, ਪੰਥ ਦੇ ਨਿਸਚਿਤ ਸਿਆਸੀ ਨਿਸ਼ਾਨੇ ਤੋਂ ਬੇਦਾਵਾ ਦਿਵਾਇਆ ਜਾਵੇ, ਸਗੋਂ ਠੀਕ ਮਸਲਾ ਇਹ ਹੈ ਕਿ ਕਿਵੇਂ ਦੇਸ਼ ਦੀ ਰਾਜ-ਬਣਤਰ ਅਤੇ ਵਿਧਾਨਕ ਪੱਧਤੀ ਦਾ ਰੂਪਾਕਾਰ ਅਜਿਹਾ ਉਲੀਕਿਆ ਜਾਵੇ, ਜਿਸ ਦੁਆਰਾ 'ਪੰਥ ਆਜ਼ਾਦ' ਭੀ ਰਹੇ ਅਤੇ ਦੇਸ਼ ਦੀ ਅਖੰਡਤਾ ਤੇ ਇਕ ਕੌਮੀਅਤ, ਪ੍ਰਜਾਤੰਤ੍ਰ, ਸਮਾਜੀ ਨਿਆਂ ਤੇ ਖ਼ੁਸ਼ਹਾਲੀ, ਧਰਮ ਨਿਰਪੱਖਤਾ ਆਦਿ ਪ੍ਰੇਰਿਕ ਭਾਵਨਾਵਾਂ ਭੀ ਸੁਰੱਖਿਅਤ ਰਹਿਣ।

ਸਿੱਖ ਹੋਮਲੈਂਡ ਦੀ ਮੰਗ ਇਸੇ ਠੀਕ ਮਸਲੇ ਦੇ ਯੋਗ 'ਤੇ ਸੁਚੱਜਾ ਹੱਲ ਹੈ, ਜਿਸ ਦੀ ਮੁਖ਼ਾਲਫ਼ਤ ਬੇਗਾਨੇ ਤਾਂ ਇਸ ਕਾਰਨ ਕਰ ਰਹੇ ਹਨ ਕਿ ਉਹ ਪੰਥ ਦੀ ਸਿਆਸੀ ਇਕਾਈ ਅਤੇ ਸਿੱਖ ਕੌਮ ਦੀ ਆਤਮਿਕ ਵਿਅਕਤੀ ਵੱਲ ਸ਼ਤਰੂ ਭਾਵਨਾ ਰੱਖਦੇ ਹਨ ਅਤੇ ਆਪਣੇ ਇਸ ਕਾਰਨ ਕਿ ਜੇ ਅਸੀਂ ਹੂੜ੍ਹ-ਮੱਤ ਤੇ ਬੁਰਛਾ-ਗਰਦੀ ਵਿਚ ਪਹਿਲ ਨਾ ਕੀਤੀ ਤਾਂ ਕੋਈ ਸਾਡਾ ਭਰਾ ਹੋਰ ਕਰ ਜਾਵੇਗਾ। ਇਉਂ ਸਿੱਖ ਆਪਣੇ ਪੈਰਾਂ ਉੱਤੇ ਆਪ ਕੁਹਾੜਾ ਮਾਰ ਰਹੇ ਹਨ, ਜਿਨ੍ਹਾਂ ਸਿੱਖਾਂ ਨੂੰ, ਗੁਰੂ ਗਰੀਬ ਨਿਵਾਜ ਨੇ, ਪਾਤਿਸ਼ਾਹੀ ਦਾ ਵਰ ਦਿੱਤਾ ਹੋਇਆ ਹੈ। ਇਸੇ ਕਾਰਨ, ਸ਼ਾਇਦ 'ਸਿੰਘ-ਸਤੋਤ੍ਰ' ਨਾਮੀ ਕੰਠਾਗਰ ਗ੍ਰੰਥ ਵਿਚ, ਜਿਸ ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਨੂੰ ਮੰਨਿਆ ਜਾਂਦਾ ਹੈ। ਕਥਨ ਹੈ:

ਧੰਨ ਗੁਰੂ ਕੇ ਸਿੱਖ, ਅਕਲ ਕੇ ਪੱਕੇ ਬੈਗੀ।
ਧੰਨ ਗੁਰੂ ਸਮ੍ਰੱਥ, ਬੱਸ ਜਿਨ ਕੀਨੇ ਜਹਿਗੀ।
ਧੰਨ ਗੁਰੂ ਕੇ ਸਿੱਖ, ਬੁੱਧਿ ਕੇ ਨਿਕਟ ਨ ਆਇ ਹੈਂ।
ਧੰਨ ਗੁਰੂ ਸਮ੍ਰੱਥ, ਬੈਠ ਇਨਹੂੰ ਸਮਝਾਇ ਹੈਂ।
ਧੰਨ ਗੁਰੂ ਕੇ ਸਿੱਖ, ਮਹਿਖਸਮ ਖੌਰੂ ਪਾਵੈਂ।
ਧੰਨ ਗੁਰੂ ਸਮ੍ਰੱਥ, ਨੱਥਿ ਇਨਿ ਤਖਤ ਬਹਾਵੈ। *(ਇਤਿਆਦਿ)*

ਇਸ ਕਥਿਤ 'ਸਿੰਘ-ਸਤੋਤ੍ਰ' ਦੇ ਅਪ੍ਰਿਯ ਤੇ ਓਪਰੇ ਰੂਪ ਵਿਚ ਸਿੱਖਾਂ ਦਾ ਠਠੋਲ ਕਰਨ ਵਾਲੇ, ਸ਼ਬਦਾਂ ਵਿਚ ਗੂੜ੍ਹ ਰਹੱਸਯ ਹੈ। ਉਹ ਇਹ ਕਿ ਸਿੱਖਾਂ ਦੀ ਉੱਨਤੀ,

ਵਡਿਆਈ ਅਤੇ ਗੌਰਵ ਤਦ ਹੀ ਸੰਭਵ ਹੋ ਸਕਦਾ ਹੈ ਜਦੋਂ ਉਹ ਗੁਰੂ ਦੀ ਸਿੱਖਿਆ ਅਤੇ ਗੁਰੂ ਦੀ ਦਰਸਾਈ ਹੋਈ ਰਹੁ-ਰੀਤ ਨੂੰ ਦ੍ਰਿੜ੍ਹਤਾ ਨਾਲ ਅਪਨਾਉਣ। ਜੇ ਉਹ ਆਪਣੇ ਮਨ ਦੀ ਮੱਤ ਅਤੇ ਸਵਾਰਥ ਅਧੀਨ ਰੁਚੀਆਂ ਦਾ ਆਸਰਾ ਲੈ ਕੇ ਆਪਣੀ ਨੀਤੀ ਉਲੀਕਣਗੇ ਅਤੇ 'ਪਾਲਿਟਿਕਸ' ਚਲਾਉਣਗੇ, ਤਦ ਉਹ ਪਤਨ ਵੱਲ ਜਾਣਗੇ ਤੇ ਖ਼ੁਆਰ ਹੋਣਗੇ।

ਸਾਵਧਾਨ ਹੋ ਕੇ ਵਿਚਾਰ ਕਰ ਦੇਖੋ, ਇਸੇ ਕਾਰਨ ਅਤੇ ਇਸੇ ਪ੍ਰਕਾਰ ਅਸਾਡੀ ਦੁਰਦਸ਼ਾ ਤੇ ਪਤਨ ਹੋਇਆ ਹੈ ਅਤੇ ਹੋ ਰਿਹਾ ਹੈ ਅਤੇ ਅਸੀਂ ਆਪਣਿਆਂ, ਬਿਗਾਨਿਆਂ ਸਾਹਮਣੇ ਠੱਠੇ-ਮਖ਼ੌਲ ਦਾ ਵਿਸ਼ਾ ਬਣ ਰਹੇ ਹਾਂ ਅਤੇ ਆਪਣੇ ਘਰ ਵਿਚ ਹੀ ਜ਼ਲੀਲ ਹੋ ਰਹੇ ਹਾਂ।

ਬਾਬਾ ਰਾਮ ਸਿੰਘ ਕੂਕੇ ਨੇ ਵੀ ਆਪਣੀ ਨਾਮ-ਪਰਾਇਣ ਬੁੱਧੀ ਦੁਆਰਾ, ਅੱਜ ਤੋਂ ਪੂਰੀ ਸ਼ਤਾਬਦੀ ਪਹਿਲਾਂ, ਇਹੋ ਅਨੁਭਵ ਕਰ ਕੇ, ਸਿੰਘਾਂ ਨੂੰ ਕੂਕਾਂ ਮਾਰ-ਮਾਰ ਸਮਝਾਉਣ ਦਾ ਯਤਨ ਕੀਤਾ ਸੀ:

'ਗੁਰੂ ਗ੍ਰੰਥ ਮੇਂ ਜੋ ਕੁਝ ਲਿਖਿਆ, ਸੋਈ ਧਾਰੋਂ ਮਨ ਮਹਿੰ ਸਿਖਿਆ।
ਦਸਮ ਗੁਰੂ ਕੀ ਰੀਤ ਸੰਭਾਰੋ, ਲੋਕ ਦੋਹਿਨ ਕੇ ਜੋ ਰਖਵਾਰੋ।'

ਕੀ ਅਕਾਲੀ ਤੇ ਕੀ ਨਾਮਧਾਰੀ, ਕੀ ਸਿੰਘ ਸਭੀਏ ਅਤੇ ਕੀ ਸਿਆਸੀ ਸਿੱਖ, ਕੀ ਗੁਰੂ-ਗੋਲਕ ਵਿਜਈ ਅਤੇ ਕੀ ਮਹਾ ਮਾਨਨੀਯ 'ਸੰਤ ਬਾਬੇ', ਸਿੱਖਾਂ ਦੇ ਨੇਤਾ ਕਹਾਉਣ ਦੇ ਚਾਹਵਾਨ, ਸਾਰੇ ਹੀ ਗੁਰੂ ਗ੍ਰੰਥ ਦੀ ਸਿੱਖਿਆ ਤੇ ਦਸਮ ਗੁਰੂ ਦੀ ਰੀਤ ਨੂੰ ਗਏ ਬੀਤੇ ਯੁੱਗ ਦੀਆਂ ਕਥਾ-ਕਹਾਣੀਆਂ ਸਮਝ ਕੇ, ਆਪਣੀ ਅਲਪ ਬੁੱਧੀ, ਮੰਦ ਮਤਿ, ਅਗਿਆਨ-ਆਧਾਰਤ ਰੁਚੀਆਂ, ਸਵਾਰਥ-ਪ੍ਰਾਬੀਨ ਸੰਸਕਾਰਾਂ ਅਤੇ ਅੰਨ੍ਹੇ ਹੱਠ ਨੂੰ ਪੰਥਕ ਰਾਜਨੀਤੀ ਤੇ ਸਿੱਖ ਸਿਆਸਤ ਦਾ ਆਧਾਰ ਬਣਾਉਣਾ ਚਾਹੁੰਦੇ ਹਨ ਅਤੇ ਜਿਹੜਾ ਕੋਈ ਸਿੱਖੀ ਤੇ ਪੰਥ ਦੀ ਗੱਲ ਸ਼ੁੱਧ ਹਿਰਦੇ ਨਾਲ ਕਰੇ, ਉਸ ਨੂੰ 'ਨੀਤੀ-ਹੀਣ' 'ਸਿਆਸਤ ਤੋਂ ਕੋਰਾ', 'ਪਾਲਿਟਿਕਸ ਦੀ ਸਮਝ ਨਾ ਰੱਖਣ ਵਾਲਾ' ਅਤੇ 'ਪੜ੍ਹਿਆ ਲਿਖਿਆ ਮੂਰਖ' ਕਹਿ ਕਹਿ ਕੇ ਭੰਡਦੇ ਹਨ ਅਤੇ ਦੁਰਕਾਰਦੇ ਹਨ, ਜਿਸ ਦਾ ਸਿੱਟਾ ਪਿਛਲੇ ਦਸਾਂ ਸਾਲਾਂ ਵਿਚ ਹੀ ਇਹ ਨਿਕਲਿਆ ਹੈ ਕਿ:

(1) ਸਿੱਖ ਪੰਥ ਲਈ ਸਵਤੰਤਰ ਭਾਰਤ ਵਿਚ ਯੋਗ ਤੇ ਨਿਆਇ ਪੂਰਤ ਸਥਾਨ ਦੀ ਪ੍ਰਾਪਤੀ ਦੀ ਮੰਗ ਛੱਡ ਕੇ ਪੰਜਾਬੀ ਸੂਬੇ ਦਾ ਠੂਠਾ ਹੱਥ ਵਿਚ, ਉਦਰ-ਪੂਰਨਾ ਲਈ ਅਸਾਂ ਫੜਿਆ ਤੇ ਹੁਣ ਪੰਜਾਬੀ ਸੂਬੀ ਦੀ ਕੁਰਾਟੀਨ ਵਿਚ ਕੈਦ ਹੋਏ ਹੋਏ, ਮੈਕਸੀਕਨ ਕਣਕ ਦੇ ਭਾਅ ਬਹੱਤਰ ਰੁਪਏ ਕੁਇੰਟਲ ਤੋਂ ਘਟਾ ਕੇ, ਬਾਹਠ ਰੁਪਏ ਕੁਇੰਟਲ ਕੀਤੇ ਜਾਣ ਦੀ ਤਜਵੀਜ਼ ਵਿਰੁੱਧ, ਮਾਰਕਸੀ ਕੌਮਨਿਸਟਾਂ ਦੀ ਚੁੱਕ ਤੇ ਅਗਵਾਈ ਹੇਠਾਂ, ਰਾਮ-ਰੌਲਾ ਪਾਉਣ ਉੱਤੇ ਮਜਬੂਰ ਹੋ ਗਏ ਹਾਂ।

(2) ਸਿੱਖੀ ਤੇ ਪੰਜਾਬੀ ਬੋਲੀ ਦੀ ਰੱਖਿਆ ਦੀ ਆਸ ਵਿਚ, ਅਸਾਂ ਸਾਹਿਬ ਦਸਮ ਪਾਤਿਸ਼ਾਹ ਦੇ ਉਲੀਕੇ ਹੋਏ ਪੰਥਕ ਸਿਆਸੀ ਨਿਸ਼ਾਨੇ ਨੂੰ ਛੱਡਿਆ ਅਤੇ ਸੈਕੂਲਰ, ਧਰਮ ਨਿਰਪੇਖਤਾ ਦਾ ਕਲਮਾ ਪੜ੍ਹਿਆ ਅਤੇ ਸਿੱਟੇ ਵਜੋਂ ਹੁਣ ਸਿੱਖੀ ਦੀ ਗੱਲ ਕਰਨੀ ਮਾਨੋ ਜੁਰਮ ਤੇ ਗਾਲ੍ਹ ਬਣ ਗਈ ਹੈ ਅਤੇ ਪੰਜਾਬੀ ਬੋਲੀ 'ਪੰਜਾਬੀ

ਸੂਬੀ' ਦੇ ਕੁਝ ਜ਼ਿਲ੍ਹਿਆਂ ਵਿਚ ਹੀ ਸੀਮਤ ਹੋ ਕੇ, 'ਰਾਸ਼ਟਰੀ ਭਾਸ਼ਾ' ਅਤੇ ਸ਼ਹਿਰੀ ਹਿੰਦੂਆਂ ਦੇ ਹਮਲਿਆਂ ਤੋਂ ਆਤੁਰ ਹੋ ਕੇ, ਸਹਿਮੀ ਹੋਈ ਤੇ ਕਿਲ੍ਹਾ-ਬੰਦ ਹੋਈ ਬੈਠੀ ਹੈ ਅਤੇ ਹੋ ਸਕਦਾ ਹੈ ਕਿ ਇਸ ਨੂੰ ਛੇਤੀ ਹੀ ਹਥਿਆਰ ਸਿੱਟਣੇ ਪੈ ਜਾਣ।

(3) ਅਸਾਂ ਹਿੰਦੂ ਸਿੱਖ ਏਕਤਾ ਦਾ ਝੰਡਾ ਹਿੰਦੂ ਫ਼ਿਰਕੂਆਂ ਤੋਂ ਭੈ-ਭੀਤ ਹੋ ਕੇ, ਕਾਇਰਾਂ ਵਾਂਗ, ਪੰਥਕ ਝੰਡੇ ਨੂੰ ਤਿਆਗ ਕੇ, ਫੜਿਆ ਅਤੇ ਨਤੀਜਾ ਇਹ ਹੈ ਕਿ ਅੱਜ ਇਕ ਹਿੰਦੂ ਕਿਸੇ ਪੰਥਕ ਸਿੱਖ ਨੂੰ ਵੋਟ ਪਾਉਣ ਲਈ ਤਿਆਰ ਨਹੀਂ, ਕਾਲੇ ਚੋਰ ਨੂੰ ਭਾਵੇਂ ਪਾ ਦੇਵੇ।

(4) ਅਸਾਂ ਅਖੌਤੀ ਨੀਚ ਜਾਤੀਆਂ ਨੂੰ ਗੁਰਸਿੱਖੀ ਦੀ ਟੇਕ ਦੇ ਕੇ ਬਰਾਬਰ ਕਰਨ ਦੀ ਗੁਰੂ ਆਗਿਆ ਨੂੰ ਪਿੱਠ ਦੇ ਕੇ 'ਹਰੀਜਨ-ਕਲਿਆਣ', 'ਅਛੂਤਾਂ ਦੀ ਸਹਾਇਤਾ' ਆਦਿ ਕੂਟਲਨੀਤੀ ਦੀ ਉਪਜ ਯੋਜਨਾਵਾਂ ਦੀ ਹਮਾਇਤ ਕੀਤੀ ਅਤੇ ਅੱਜ ਇਕ 'ਹਰੀਜਨ' ਭੀ ਪੰਥ ਨਾਲ ਸਿਆਸੀ ਕਿਸਮਤ ਸਾਂਝੀ ਕਰਨ ਲਈ ਤਿਆਰ ਨਹੀਂ।

ਇਹ ਅਤੇ ਹੋਰ ਅਨੇਕ ਏਹੋ ਜਿਹੀਆਂ 'ਪ੍ਰਾਪਤੀਆਂ' ਸਿੱਖਾਂ ਦੇ ਨਸ਼ਟ-ਆਤਮਾ ਆਗੂਆਂ ਨੇ ਪਿਛਲੇ ਦਸਾਂ ਬਾਰਾਂ ਸਾਲਾਂ ਵਿਚ ਹੀ ਹਾਸਲ ਕਰ ਲਈਆਂ ਹਨ, ਜਿਨ੍ਹਾਂ ਬਾਬਤ ਕਿ 'ਮਹਾਨ ਆਗੂ', 'ਅਦੁੱਤੀ ਤਪੱਸਵੀ', 'ਜੀਵਨ ਮੁਕਤਾ', 'ਸੰਤ ਬਾਬਾ' ਫ਼ਤਿਹ ਸਿੰਘ ਜੀ ਆਪਣੀਆਂ ਨਿੱਜੀ 'ਸਫਲਤਾਵਾਂ' ਹੋਣ ਦੇ ਦਾਹਵੇ ਬਾਰ-ਬਾਰ ਕਰ ਚੁੱਕੇ ਹਨ।

ਅਜਿਹੇ ਸੱਜਣਾਂ ਦੀ ਬਾਬਤ ਹੀ ਭਰਤਰੀ ਹਰੀ ਨੇ 'ਨੀਤੀ-ਸ਼ੱਤਕ' ਗ੍ਰੰਥ ਵਿਚ ਕਿਹਾ ਹੈ:

ਨ ਮੂਰਖਜਨ ਸੰਪ੍ਰਕਹ ਸੁਰੇਂਦ੍ਰ ਭਵਨੇਸ਼ਵ ਪਿ।

(ਜੇ ਇੰਦ੍ਰ ਦੇਵਤਾ ਵੀ ਆਪਣੇ ਸ਼ਾਹੀ ਮਹਿਲ ਵਿਚ ਬੁਲਾ ਕੇ ਤੁਹਾਨੂੰ ਮੂਰਖ ਜਨ ਨਾਲ ਪ੍ਰੀਚੈ ਕਰਵਾਵੇ, ਤਦ ਵੀ ਉਸ ਨਾਲ ਹੱਥ ਮਿਲਾਉਣ ਤੋਂ ਸੰਕੋਚ ਕਰੋ।)

ਪਰ ਭੋਲੇ ਤੇ ਲਾਈਲਗ ਸਿੱਖ ਅਜਿਹੇ 'ਲੀਡਰਾਂ' ਦੀ ਸਰਪ੍ਰਸਤੀ ਵਿਚ, ਨਿਸਚਿੰਤ ਹੋ ਕੇ ਤੁਰੀ ਜਾ ਰਹੇ ਹਨ, ਇਸ ਦਾ ਕੋਈ ਕੀ ਇਲਾਜ ਕਰੇ ? ਡੂਢ ਸਾਲ ਹੋਇਆ, ਇਨ੍ਹਾਂ ਸਤਰਾਂ ਦੇ ਲਿਖਾਰੀ ਨੇ ਪਟਿਆਲੇ ਵਿਚ ਕਿਹਾ ਸੀ ਜੋ ਕਿ ਅਖ਼ਬਾਰਾਂ ਵਿਚ ਵੀ ਛਪਿਆ ਕਿ:

> **"ਭੇਡਾਂ ਬੱਕਰੀਆਂ ਦੇ ਇੱਜੜ ਭੀ, ਜਦੋਂ ਉਨ੍ਹਾਂ ਨੂੰ ਬੁਚੜਖ਼ਾਨੇ ਵੱਲ ਹਿੱਕ ਕੇ ਲਿਜਾਇਆ ਜਾਂਦਾ ਹੈ, ਤਾਂ ਉਹ ਬੁਚੜਖ਼ਾਨੇ ਤੋਂ ਕੁਝ ਦੂਰ ਉਰਾਂ ਹੀ, ਅਨੁਭਵ ਕਰ ਲੈਂਦੇ ਹਨ ਕਿ ਉਨ੍ਹਾਂ ਨੂੰ ਕਤਲ ਕਰਵਾਉਣ ਦੀ ਯੋਜਨਾ ਬਣ ਚੁੱਕੀ ਹੈ ਅਤੇ ਉਹ ਚੀਕ-ਚਿਹਾੜਾ ਪਾਉਂਦੇ, ਐਧਰ ਓਧਰ ਬਚ ਕੇ ਭੱਜ ਨਿਕਲਣ ਦਾ ਯਤਨ ਕਰਦੇ, ਮੈਂ ਆਪ ਦੇਖੇ ਹਨ, ਪਰ ਧੰਨ ਹਨ ਸਿੱਖ ਜਿਨ੍ਹਾਂ ਨੂੰ ਤਬਾਹੀ ਤੇ ਮੌਤ ਵੱਲ ਮੂਰਖ ਟੋਲਾ, ਬੁਰਛੇ ਅਤੇ ਸਵਾਰਥੀ ਕਿਸਮ ਦੇ ਲੀਡਰ ਲਈ ਜਾ ਰਹੇ ਹਨ ਅਤੇ ਸਿੱਖ, 'ਫਲਾਨਾ-ਫਲਾਨਾ ਜ਼ਿੰਦਾਬਾਦ', 'ਬੋਲੇ ਸੋ ਨਿਹਾਲ' ਦੇ ਨਾਅਰੇ ਲਾਉਂਦੇ ਹੋਏ, ਜਥੇਬੰਦ ਹੋ ਕੇ ਮਗਰ-ਮਗਰ ਤੁਰੀ ਜਾ ਰਹੇ ਹਨ!"**

ਇਹ ਗੱਲ ਜਦੋਂ ਕਹੀ ਗਈ ਸੀ ਤਾਂ ਅਜੇ ਲੋਕ-ਸਭਾ ਤੇ ਰਾਜ-ਸਭਾ ਵਿੱਚੋਂ ਪੰਥਕ ਨੁਮਾਇੰਦਗੀ ਦਾ ਲਗਪਗ ਸਫ਼ਾਇਆ ਨਹੀਂ ਸੀ ਹੋਇਆ ਅਤੇ ਪੰਜਾਬ ਦੀਆਂ ਸੌ ਤੋਂ ਵੱਧ ਅਸੰਬਲੀ ਦੇ 80 ਹਲਕਿਆਂ ਵਿੱਚੋਂ, ਜਿਥੇ ਸਿੱਖਾਂ ਦੀ ਬਹੁਗਿਣਤੀ ਹੈ, ਕੇਵਲ 24 ਅਕਾਲੀ 'ਪੰਥ' ਦੇ ਨਾਮ ਉੱਤੇ ਚੁਣੇ ਨਹੀਂ ਗਏ ਸਨ।

ਸੰਨ 1947 ਵਿਚ ਜਦੋਂ ਪੇਂਡੂ ਕੁੜੀਆਂ ਦੇ ਲੋਕ ਗੀਤ ਅਨੁਸਾਰ, "ਹਿੰਦੂਆਂ ਨੇ ਰਾਜ ਲੈ ਲਿਆ, ਸਿੱਖ ਰਹਿ ਗਏ ਕਛਹਿਰਿਆਂ ਜੋਗੇ," ਤਾਂ ਸਵਾਲ ਪੈਦਾ ਹੋਇਆ ਕਿ ਹੁਣ ਪੰਥ ਕਿਸ ਮੁਹਿੰਮ ਨੂੰ ਅਪਣਾਏ ਅਤੇ ਕਿਸ ਸਿਆਸੀ ਨਿਸ਼ਾਨੇ ਦੀ ਪ੍ਰਾਪਤੀ ਵੱਲ ਕਦਮ ਚੁੱਕੇ। ਉਸ ਸਮੇਂ ਮਾਸਟਰ ਤਾਰਾ ਸਿੰਘ ਅਤੇ ਕੁਝ ਹੋਰ ਉਂਗਲੀਆਂ 'ਤੇ ਗਿਣਨ ਜੋਗੇ ਪੰਥ ਹਿਤੈਸ਼ੀਆਂ ਦੀ ਤਾਂ ਇਹ ਰਾਏ ਸੀ ਕਿ ਅਸਾਨੂੰ ਬਹੁ-ਗਿਣਤੀ ਦੇ ਨਵ-ਜਨਮੇ ਤੇਜ ਦੀ ਪਰਵਾਹ ਨਾ ਕਰਕੇ ਗੁਰੂ ਦਾ ਆਸਰਾ ਲੈ ਕੇ, 'ਆਜ਼ਾਦ ਦੇਸ਼' ਵਿਚ 'ਆਜ਼ਾਦ ਪੰਥ' ਦਾ ਨਾਅਰਾ ਦੇਣਾ ਚਾਹੀਦਾ ਹੈ ਅਤੇ ਆਪਣੇ ਬਜ਼ੁਰਗਾਂ ਦੀ ਰਹੁ-ਰੀਤ ਅਤੇ ਦਸਮ ਪਾਤਿਸ਼ਾਹ ਦੇ ਹੁਕਮਾਂ ਨੂੰ ਸਨਮੁਖ ਰੱਖ ਕੇ, ਅਸਾਨੂੰ ਨਿਰਭੈ ਹੋ ਕੇ ਅੱਗੇ ਵਧਣਾ ਚਾਹੀਦਾ ਹੈ ਅਤੇ ਉਦੋਂ ਤਕ ਕਮਰਕੱਸੇ ਨਹੀਂ ਖੋਲ੍ਹਣੇ ਚਾਹੀਦੇ ਜਦੋਂ ਤਕ ਬਹੁ-ਗਿਣਤੀ ਦੀ ਫ਼ਿਰਕੂ ਕੂਟਨੀਤੀ, ਜਿਹੜੀ ਕਿ 'ਡੈਮੋਕ੍ਰੇਸੀ' 'ਸੈਕੂਲਰਿਜ਼ਮ' ਆਦਿ ਗਊਆਂ ਦੇ ਵੱਗ ਨੂੰ ਮੂਹਰੇ ਲਾ ਕੇ ਹੁਣ ਪੰਥ ਦੇ ਸੰਮਿਲਤ ਵਿਅਕਤਿਤਵ ਅਤੇ ਸਿੱਖਾਂ ਦੇ ਆਤਮ-ਸਨਮਾਨ ਉੱਤੇ ਹਮਲਾਵਰ ਹੋਣ ਲਈ ਯੋਜਨਾਬੰਦੀ ਕਰ ਰਹੀ ਹੈ, ਤਾਂ ਜੁ ਪੰਥ ਤੇ ਸਿੱਖੀ-ਸ੍ਵੈਮਾਨ ਇਕ ਭੁੱਲੀ ਵਿਸਰੀ ਕਥਾ-ਕਹਾਣੀ ਬਣ ਕੇ ਰਹਿ ਜਾਵੇ, ਪਛਾੜ ਨਹੀਂ ਦਿੱਤੀ ਜਾਂਦੀ। ਪਰ ਸਿੱਖ 'ਆਗੂਆਂ' ਦੀ ਬਹੁ-ਗਿਣਤੀ ਇਸ ਵਿਚਾਰ ਦੀ ਸੀ ਕਿ ਬਦਲੇ ਹੋਏ ਹਾਲਾਤ ਵਿਚ, ਅਸੀਂ ਸਿੱਖਾਂ ਤੇ ਸਿੱਖੀ ਦੇ ਨਾਮ ਉੱਤੇ ਕੋਈ ਮੰਗ ਪ੍ਰਵਾਣ ਨਹੀਂ ਕਰਵਾ ਸਕਾਂਗੇ। ਇਸ ਲਈ ਅਸਾਨੂੰ ਆਪਣਾ ਬਚਾਅ ਹੁਣ ਅਫ਼ਿਰਕੂ ਤੇ 'ਸੈਕੂਲਰ' ਵਰਦੀ ਪਹਿਨ ਕੇ ਹੀ ਕਰਨਾ ਉਚਿਤ ਹੈ। ਇਉਂ ਪੰਜਾਬੀ ਸੂਬੇ ਦੀ ਮੰਗ ਦਾ ਜਨਮ ਹੋਇਆ।

ਇਨ੍ਹਾਂ ਸਤਰਾਂ ਦਾ ਲਿਖਾਰੀ ਜਿਹੜਾ ਕਿ ਉਸ ਸਮੇਂ ਸਿੱਖ ਸਿਆਸਤ ਵਿਚ ਸਿੱਧਾ ਪ੍ਰਵੇਸ਼ ਨਹੀਂ ਸੀ ਹੋਇਆ, ਉਦੋਂ ਵੀ ਇਹ ਵਿਚਾਰ ਸਪੱਸ਼ਟ ਪ੍ਰਗਟ ਕਰਦਾ ਰਿਹਾ ਕਿ ਮਾਸਟਰ ਤਾਰਾ ਸਿੰਘ ਜੀ ਦਾ ਅਨੁਭਵ ਤੇ ਵਿਚਾਰ ਠੀਕ ਤੇ ਨਿੱਗਰ ਹੈ ਅਤੇ ਉਨ੍ਹਾਂ ਦੇ ਵਿਰੋਧੀਆਂ ਦੀ ਵਿਚਾਰਧਾਰਾ ਥੋਥੀ ਅਤੇ ਲਘੂ-ਦ੍ਰਿਸ਼ਟੀ ਦੀ ਉਪਜ ਹੈ।

ਉਸ ਸਮੇਂ ਇਸ ਲੇਖ ਦੇ ਲਿਖਾਰੀ ਵੱਲੋਂ ਇਹ ਦਲੀਲਾਂ ਦਿੱਤੀਆਂ ਗਈਆਂ ਸਨ, ਜਿਨ੍ਹਾਂ ਉੱਤੇ ਉਹ ਅੱਜ ਵੀ ਚੌਥਾਈ ਸਦੀ ਬੀਤ ਜਾਣ ਉਪਰੰਤ ਅਤੇ ਆਪਣੀ ਵਿਚਾਰ-ਪ੍ਰਣਾਲੀ ਦੇ ਫਲਸਰੂਪ, ਕਈ ਊਚ-ਨੀਚ ਸਹਿਣ ਪਿੱਛੋਂ ਵੀ, ਦ੍ਰਿੜ੍ਹ ਸਗੋਂ ਵਧੇਰੇ ਦ੍ਰਿੜ੍ਹ ਹੈ।

ਉਹ ਦਲੀਲਾਂ ਅਜੋਕੇ ਯਥਾਰਥ ਰੂਪ ਵਿਚ ਇਹ ਹਨ :

(1) ਕੁਝ ਸਿੱਖ ਆਗੂਆਂ ਦਾ ਇਹ ਮੱਤ ਕਿ ਉਹ 'ਅਫ਼ਿਰਕੂ' ਬੁਰਕਾ ਪਾ ਕੇ ਬਹੁ-ਗਿਣਤੀ ਦੇ ਘਾਗ ਤੇ ਛੱਟੇ ਹੋਏ ਲੀਡਰਾਂ ਨੂੰ ਭਰਮਾ ਜਾਂ ਪਸਮਾ ਲੈਣਗੇ, ਉੱਕਾ

ਨਿਰਾਧਾਰ ਤੇ ਸਿੱਖਾਂ ਦੇ ਸਿਆਸੀ ਅਨੁਭਵ ਤੋਂ ਕੋਰੇ ਅਤੇ ਨਿਪਟ ਲੋਹਲੇ ਹੋਣ ਦਾ ਸੂਚਿਕ ਹੈ। ਰਾਜਨੀਤਕ ਦੰਭ ਤੇ ਸਿਆਸੀ ਨਕਾਬਪੋਸ਼ੀ ਸੱਤਾ-ਪ੍ਰਸਤ ਅਤੇ ਸੱਤਾ-ਆਰੂਢ ਹਿੰਦੂਆਂ ਦੇ ਮਨਾਂ ਵਿਚ, ਸਿੱਖਾਂ ਬਾਰੇ ਸ਼ੱਕ ਵਧਾਏਗੀ, ਘਟਾਏਗੀ ਨਹੀਂ ਅਤੇ ਇਉਂ ਸਿੱਖਾਂ ਦੀ ਜਦੋ-ਜਹਿਦ ਲੰਮੇਰੀ ਹੋ ਜਾਵੇਗੀ ਅਤੇ ਵਧੇਰੇ ਬਿਖਮ ਭੀ ਹੋ ਜਾਵੇਗੀ। ਹਿੰਦੂਆਂ ਵਿਚ ਦੋ ਰੁਚੀਆਂ ਪੰਥ ਦੀ ਸਿਆਸੀ ਅਹਿਮੀਅਤ ਨੂੰ ਖ਼ਤਮ ਕਰਨਾ ਚਾਹੁੰਦੀਆਂ ਹਨ। ਇਕ ਉਹ ਜੋ ਸਿੱਖ ਧਰਮ ਅਤੇ ਸਿੱਖ ਪੰਥ ਦੀਆਂ ਇਤਿਹਾਸਕ ਪ੍ਰਾਪਤੀਆਂ ਨੂੰ ਹਿੰਦੂ ਹਿੱਤਾਂ ਅਤੇ ਹਿੰਦੂ ਆਤਮ-ਗੌਰਵ ਦਾ ਨਿਰੋਧ ਸਮਝਦੀਆਂ ਹਨ ਅਤੇ ਦੂਜੀਆਂ ਉਹ ਜਿਨ੍ਹਾਂ ਦੇ ਮਨ ਵਿਚ ਇਹ ਸੰਦੇਹ ਤੇ ਸੰਸਾ ਘਰ ਕਰ ਚੁੱਕਾ ਹੈ ਕਿ ਸਿੱਖ ਸਿਆਸੀ ਸੱਤਾ ਪ੍ਰਾਪਤ ਕਰਕੇ ਪਾਕਿਸਤਾਨ ਵਰਗਾ ਵੱਖਰਾ ਮੁਲਕ ਕਾਇਮ ਕਰਨਾ ਲੋਚਦੇ ਹਨ, ਜਿਹੜਾ ਮੁਲਕ ਕਿ ਭਾਰਤ ਦੀ ਸਲਾਮਤੀ ਲਈ ਭੀ ਖ਼ਤਰਾ ਹੈ ਅਤੇ ਸਮਾਂ ਪਾ ਕੇ ਪਾਕਿਸਤਾਨ ਨਾਲ ਪੱਕਾ ਤਾਲ-ਮੇਲ ਵੀ ਸਥਾਪਤ ਕਰ ਸਕਦਾ ਹੈ। ਸਿੱਖਾਂ ਲਈ ਸਹੀ ਨੀਤੀ ਇਹ ਹੈ ਕਿ ਉਹ ਆਪਣੀਆਂ ਕੁਰਬਾਨੀਆਂ ਤੇ ਦ੍ਰਿੜ੍ਹਤਾ ਦੁਆਰਾ ਪਹਿਲੀ ਸ਼੍ਰੇਣੀ ਦੇ ਲੋਕਾਂ ਨੂੰ ਇਹ ਨਿਸ਼ਚੇ ਕਰਵਾ ਦੇਣ ਕਿ ਸਿੱਖ ਨਾ ਤਾਂ ਮਰਨਾ ਚਾਹੁੰਦੇ ਹਨ ਅਤੇ ਨਾ ਹੀ ਮਾਰੇ ਮੁਕਾਏ ਜਾ ਸਕਦੇ ਹਨ। ਇਹੋ ਨੀਤੀ ਅਸਾਨੂੰ ਦਸਮ ਪਾਤਿਸ਼ਾਹ ਨੇ ਸਿਖਾਈ ਹੈ ਅਤੇ ਇਸੇ ਨੀਤੀ ਉੱਤੇ ਚੱਲ ਕੇ ਅਸਾਡੇ ਬਜ਼ੁਰਗਾਂ ਨੇ ਫ਼ਰੁਖ਼ਸੀਅਰ, ਜ਼ਕਰੀਆ ਖ਼ਾਂ, ਅਬਦੁੱਸ ਸਮੱਦ ਸੂਬੇ ਵਰਗੇ ਜਾਬਰਾਂ ਨੂੰ ਸਣੇ ਅਹਿਮਦਸ਼ਾਹ ਅਬਦਾਲੀ ਤੇ ਸ਼ਾਹ ਜਮਾਨ ਦੇ, ਸਿੱਖਾਂ ਬਾਰੇ ਆਪਣੀ ਕੁਚੇਸ਼ਟਾ ਤਿਆਗਣ ਉੱਤੇ ਮਜਬੂਰ ਕੀਤਾ ਸੀ। ਦੂਜੀ ਸ਼੍ਰੇਣੀ ਦੇ ਹਿੰਦੂ ਲੀਡਰ ਜਿਨ੍ਹਾਂ ਵਿਚ ਕਿ ਮੈਂ ਜਵਾਹਰ ਲਾਲ ਨਹਿਰੂ ਅਤੇ ਉਨ੍ਹਾਂ ਦੀ ਸਪੁੱਤਰੀ ਨੂੰ ਗਿਣਦਾ ਰਿਹਾ ਹਾਂ ਅਤੇ ਜਿਨ੍ਹਾਂ ਵਰਗੇ ਅਨੇਕਾਂ ਸੱਜਣ ਪੁਰਸ਼ ਅੱਜ ਵੀ ਬਹੁਗਿਣਤੀ ਦੇ ਆਗੂਆਂ ਵਿਚ ਮੌਜੂਦ ਹਨ, ਅਸਾਡੇ ਪੱਕੇ ਸ਼ੱਤਰੂ ਅਤੇ ਅਮਿੱਤਰ ਨਹੀਂ, ਸਗੋਂ ਅਸੀਂ ਉਨ੍ਹਾਂ ਨੂੰ ਯੋਗ ਨੀਤੀ ਅਪਣਾ ਕੇ ਪੰਥ ਦੇ ਹਿਮਾਇਤੀ ਤੇ ਸਖਾ-ਸਹਾਇਕ ਦੀਵਾਨ ਕੌੜਾ ਮੱਲ ਵਰਗੇ ਬਣਾ ਸਕਦੇ ਹਾਂ। ਲੋੜ ਇਸ ਗੱਲ ਦੀ ਹੈ ਕਿ ਅਸੀਂ ਉਨ੍ਹਾਂ ਨਾਲ ਸੰਜੀਦਗੀ ਨਾਲ ਸੰਪਰਕ ਪੈਦਾ ਕਰੀਏ ਤਾਂ ਜੁ ਉਨ੍ਹਾਂ ਨੂੰ ਵਿਸ਼ਵਾਸ ਹੋ ਜਾਵੇ ਕਿ ਸਿੱਖ ਜੋ ਭਾਰਤ ਦੇ ਉੱਤਰ-ਪੱਛਮ ਖੇਤਰ ਵਿਚ, ਸਿੱਖ ਪੰਥ ਦੇ ਵਿਅਕਤੀਤਵ ਦੀ ਵਿਧਾਨਕ ਰੱਖਿਆ ਲਈ ਲੜਦੇ ਹਨ ਅਤੇ ਸਿੱਖੀ ਕੀਮਤਾਂ ਨੂੰ ਸੁਰੱਖਿਅਤ ਕਰਨਾ ਲੋਚਦੇ ਹਨ ਤਾਂ ਉਨ੍ਹਾਂ ਦੀ ਸ਼ੁਧ ਮਨੋਕਾਮਨਾ ਇਹੋ ਹੈ ਕਿ ਦੇਸ਼ ਦੀ ਅੰਖਡਤਾ ਕਾਇਮ ਰਹੇ, ਇਸ ਦੀਆਂ ਸਾਂਸਕ੍ਰਿਤਿਕ ਨੀਹਾਂ ਪੱਕੀਆਂ ਰਹਿਣ, ਇਸ ਦੇਸ਼ ਦੀ ਭਾਰਤੀ ਕੌਮ ਸਬਲ ਹੋਵੇ ਅਤੇ ਦੇਸ਼ ਵਿਚ ਪ੍ਰਜਾਤੰਤਰ, ਧਰਮ-ਨਿਰਪੇਖਤਾ, ਦ੍ਰਿਦਰ-ਨਿਰੋਧ, ਜਿਸ ਨੂੰ ਕਿ 'ਸੈਕੂਲਰਿਜ਼ਮ' ਤੇ 'ਗ਼ਰੀਬੀ-ਹਟਾਓ' ਵੀ ਕਿਹਾ ਜਾਂਦਾ ਹੈ, ਦੇਸ਼ ਦੀ ਰਾਜ-ਬਣਤਰ ਤੇ ਵਿਕਾਸ ਦਾ ਆਧਾਰ ਬਣੇ ਰਹਿਣ। ਸਿੱਖ ਇਨ੍ਹਾਂ ਮਨੋਰਥਾਂ ਦੀ ਪੂਰਤੀ ਲਈ ਭਰਪੂਰ ਤੇ ਮਹੱਤਵਪੂਰਨ ਸਹਿਯੋਗ ਦੇਣਾ ਲੋਚਦੇ ਹਨ, ਰੁਕਾਵਟ ਨਹੀਂ ਬਣਨਾ ਚਾਹੁੰਦੇ। ਹਿੰਦੂ ਲੀਡਰਾਂ ਦਾ ਇਉਂ ਭਰੋਸਾ ਜਿੱਤਣ ਨਾਲ ਹੀ ਬਦਲੇ ਹੋਏ ਹਾਲਾਤ ਵਿਚ ਸਿੱਖ ਕਾਮਯਾਬ ਹੋ ਸਕਦੇ ਹਨ, ਨਹੀਂ ਤਾਂ ਆਪਣੇ ਲਈ ਨਵੀਆਂ

ਔਕੜਾਂ ਪੈਦਾ ਕਰ ਲੈਣਗੇ ਅਤੇ ਕਰਦੇ ਰਹਿਣਗੇ, ਪ੍ਰਾਪਤੀ ਕੋਈ ਨਹੀਂ ਹੋਣੀ। ਜਿਹੜੇ ਗ੍ਰਾਮੀਨ ਬੁੱਧੀ ਵਾਲੇ ਸਿੱਖ ਇਸ ਭੁਲੇਖੇ ਵਿਚ ਹਨ ਕਿ ਉਹ ਚਲਾਕੀ ਨਾਲ ਬਹੁ-ਗਿਣਤੀ ਦੇ ਸੱਤਾਧਾਰੀ ਆਗੂਆਂ ਕੋਲੋਂ ਕੁਝ ਪ੍ਰਾਪਤ ਕਰ ਲੈਣਗੇ, ਉਨ੍ਹਾਂ ਨੂੰ ਇਹੋ ਕਿਹਾ ਜਾ ਸਕਦਾ ਹੈ ਕਿ 'ਉਹ ਦਿਨ ਡੁੱਬਾ, ਜਦੋਂ ਘੋੜੀ ਚੜ੍ਹਿਆ ਕੁੱਬਾ'।

(2) ਕਿਸੇ ਜਾਤੀ ਜਾਂ ਕੌਮ ਦੀ ਸਿਆਸੀ ਅਕਾਂਕਸ਼ਾ ਅਤੇ ਰਾਜਨੀਤਕ ਮੰਜ਼ਲ, ਕਿਸੇ ਸੰਤ ਬਾਬੇ ਨੂੰ 'ਧਿਕਾਰ' ਦੇ ਕੇ ਜਾਂ ਕਿਸੇ ਧੜੇ ਜਾਂ ਜੁੰਡਲੀ ਦੇ ਆਪੋ ਵਿਚ ਘੁਸਰ-ਮੁਸਰ ਕਰ ਕੇ, ਮਿੱਥੀ ਨਹੀਂ ਜਾ ਸਕਦੀ ਅਤੇ ਨਾ ਹੀ ਮਿੱਥਣੀ ਚਾਹੀਏ। ਰਾਜਨੀਤਕ ਨਿਸ਼ਾਨਿਆਂ ਦੇ ਧੁਰਵੇ ਅਤੇ ਰੂਪਾਕਾਰ ਹਮੇਸ਼ਾ ਉਹ ਜਾਤੀ ਜਾਂ ਕੌਮ ਦੇ ਜੀਵਨ-ਸਿਧਾਂਤਾਂ, ਤਾਰੀਖ਼ੀ ਵਿਕਾਸ ਅਤੇ ਵਰਤਮਾਨ ਵਾਤਾਵਰਣ ਨੂੰ ਅਧਾਰ ਬਣਾ ਕੇ ਹੀ ਉਲੀਕੇ ਜਾ ਸਕਦੇ ਹਨ। ਇਸ ਲਈ ਇਹ ਨਿਸ਼ਾਨਾ ਕਿ :

(ੳ) ਖ਼ਾਲਸਾ ਇਕ ਸਿਆਸੀ ਇਕਾਈ ਹੈ ਅਤੇ ਇਸ ਨੂੰ ਫਰਦਨ-ਫਰਦਨ ਵੋਟਰਾਂ ਵਿਚ, ਰਾਜਨੀਤਕ ਕਾਰਜ-ਕ੍ਰਮ ਲਈ, ਨਿਖੇੜਿਆ ਨਹੀਂ ਜਾ ਸਕਦਾ ਅਤੇ ਦੇਸ਼ ਦਾ ਵਿਧਾਨ ਜੇ ਅਜਿਹਾ ਕਰੇ ਤਾਂ ਉਹ ਸਿੱਖਾਂ ਨਾਲ ਬੁਨਿਆਦੀ ਅਨਿਆਂ ਹੈ।

(ਅ) ਰਾਜ ਬਣਤਰ ਤੇ ਵਿਧਾਨ ਦੀ ਕੋਈ ਰੂਪ-ਰੇਖਾ ਹੋਵੇ, ਉਸ ਵਿਚ ਇਹ ਸਪੱਸ਼ਟ ਪ੍ਰਵਾਣ ਹੋਣਾ ਚਾਹੀਏ ਕਿ ਸਿੱਖੀ ਤੇ ਸਿੱਖ ਪੰਥ ਦੇ ਕੁਝ ਵਿਸ਼ੇਸ਼ ਤੇ ਵਿਕੋਲਿਤਰੇ ਅਧਿਕਾਰ ਅਤੇ ਲੋੜਾਂ ਹਨ ਜਿਨ੍ਹਾਂ ਦਾ ਸਮਰਥਨ ਅਵੱਸ਼ ਹੋਣਾ ਚਾਹੀਏ।

(ੲ) ਕਿਵੇਂ ਤੇ ਕਿਸੇ ਰੂਪ ਵਿਚ ਭੀ ਸਿੱਖਾਂ ਨੂੰ, ਬਤੌਰ ਜਥੇਬੰਦ ਜ਼ਾਤੀ ਦੇ, ਉਨ੍ਹਾਂ ਦੇ ਹਮਸਾਇਆਂ ਨਾਲੋਂ ਹੀਣਾ ਸਥਾਨ ਤੇ ਦਰਜਾ ਨਹੀਂ ਦਿੱਤਾ ਜਾ ਸਕਦਾ।

(ਸ) ਕਾਂਗਰਸ ਤੇ ਹਿੰਦੂ ਨੇਤਾ, ਵਿਧਾਨ ਨਿਰਮਤ ਕਰਨ ਸਮੇਂ ਸਿੱਖ ਕੌਮ ਦੀ ਸਹਿਮਤੀ ਤੇ ਸੱਚੀ ਪ੍ਰਸ਼ੰਸਾ ਲੈਣ ਲਈ ਵਚਨਬੱਧ ਸਨ ਤੇ ਹਨ; ਅਤੇ

(ਹ) ਜਮੁਨਾ ਤੇ ਘੱਗਰ ਤੋਂ ਲੈ ਕੇ ਵਾਹਗੇ ਤਕ ਸੀਮਤ ਹੋ ਕੇ ਭਾਰਤ ਵਿਚ ਰਹਿ ਚੁੱਕਾ ਪੰਜਾਬ ਸਿੱਖਾਂ ਦੀ ਬਚੀ-ਖੁਚੀ ਇਤਿਹਾਸਕ ਪ੍ਰਿਤੀ-ਭੂਮੀ ਅਥਵਾ ਸਿੱਖ ਹੋਮਲੈਂਡ ਹੈ, ਜਿਸ ਨਾਲ ਕਿ ਸਿੱਖਾਂ ਦਾ ਤਾਰੀਖ਼ੀ ਗੌਰਵ ਸੰਬੰਧਿਤ ਹੈ ਅਤੇ ਇਸ ਤੱਥ ਦੇ ਆਧਾਰ ਉੱਤੇ ਹੀ, ਅੰਗਰੇਜ਼ਾਂ ਨੇ ਹਿੰਦੁਸਤਾਨ ਅਜ਼ਾਦੀ ਪ੍ਰਦਾਨ ਕਰਨ ਵੇਲੇ ਸਿੱਖਾਂ ਨੂੰ ਦੇਸ਼ ਦੀ ਸੰਪੂਰਣ ਸੰਪਨ ਪ੍ਰਭੂ-ਸੱਤਾ ਦਾ ਤੀਜਾ ਵਾਰਸ ਹਿੰਦੂ-ਮੁਸਲਮਾਨਾਂ ਦੇ ਨਾਲ ਪ੍ਰਵਾਣ ਕੀਤਾ ਸੀ, ਜਿਹੜਾ ਹੱਕ ਕਿ ਕਿਸੇ ਕੁਟਲਨੀਤੀ ਯਾ ਰੌਲ-ਘਚੌਲ ਮਚਾ ਕੇ, ਵਿਨਾਸ਼ ਨਹੀਂ ਕੀਤਾ ਜਾ ਸਕਦਾ। ਸਿੱਖਾਂ ਦਾ ਸਿਆਸੀ ਨਿਸ਼ਾਨਾ ਇਨ੍ਹਾਂ ਪੰਜਾਂ ਤੱਥਾਂ ਨੂੰ ਮੂਹਰੇ ਰੱਖ ਕੇ ਅਤੇ ਪ੍ਰਵਾਣ ਕਰਕੇ ਹੀ ਮਿੱਥਣਾ ਯੋਗ ਹੈ। ਐਵੇਂ ਹੂੜ-ਮੱਤ ਦੁਆਰਾ ਮਿੱਥਿਆ ਹੋਇਆ ਨਿਸ਼ਾਨਾ ਪੰਥ ਦੀ ਬਹੁਤ ਹਾਨੀ ਕਰੇਗਾ ਅਤੇ ਦੇਸ਼ ਲਈ ਭੀ ਲਾਹੇਵੰਦ ਨਹੀਂ।

(3) ਪੰਥ ਦਾ ਝੰਡਾ ਛੱਡ ਕੇ ਜਿਹਾ ਕਿ 'ਪੰਜਾਬੀਅਤ' ਆਦਿ ਦੇ ਝੰਡੇ ਹੇਠਾਂ, ਜੇ ਅਸੀਂ ਕੁਝ ਜੂਠੀਆਂ ਹੱਡੀਆਂ, ਸੱਤਾ-ਆਰੂਢ ਜਾਤੀ ਕੋਲੋਂ ਪ੍ਰਾਪਤ ਕਰ ਭੀ ਲਈਆਂ

ਤਾਂ ਉਹ ਲਾਭ ਦੀ ਬਜਾਏ ਹਾਨੀਕਾਰਕ ਹੀ ਸਿੱਧ ਹੋਣਗੀਆਂ। ਉਸ ਦਾ ਸਿੱਖੀ ਤੇ ਪੰਥ ਨੂੰ ਕੋਈ ਲਾਭ ਨਹੀਂ ਹੋਵੇਗਾ। ਜਦੋਂ ਅਸਾਂ ਸਿੱਖੀ ਤੇ ਪੰਥ ਦਾ ਅਬਚਲ ਝੰਡਾ ਆਪ ਹੀ ਛੱਡ ਦਿੱਤਾ ਤਾਂ ਜੋ ਪ੍ਰਾਪਤੀ ਭੀ ਕੀਤੀ, ਉਹ ਸਿੱਖਾਂ ਤੇ ਪੰਥ ਲਈ ਨਾ ਗੌਰਵ ਦਾ ਕਾਰਨ ਹੀ ਹੋ ਸਕੇਗੀ ਅਤੇ ਨਾ ਹੀ ਸਿੱਖੀ ਦੇ ਸੁਆਸਥ ਲਈ ਗੁਣਕਾਰੀ। 1845-46 ਵਿਚ ਫ਼ਰੰਗੀ ਨਾਲ ਲੜਾਈਆਂ ਲੜਨ ਪਿੱਛੋਂ, ਸਿੰਘਾਂ ਨੇ, ਯੂਨੀਅਨ ਜੈਕ ਦੇ ਝੰਡੇ ਹੇਠਾਂ ਕਿਤਨੇ ਯੁੱਧ ਦੇਸ਼ ਤੇ ਮੁਲਕ ਪ੍ਰਾਜਯ ਕੀਤੇ ਹਨ, ਬਰ੍ਹਮਾ, ਚੀਨ, ਅਫ਼ਰੀਕਾ, ਸਿੰਘਾਪੁਰ, ਫ਼ਲੈਂਡਰਸ ਆਦਿ, ਪਰ ਸਿੱਖੀ ਜਾਂ ਸਿੱਖ-ਪੰਥ ਦੇ ਹੱਥ ਇਨ੍ਹਾਂ ਫ਼ਤਹ-ਯਾਬੀਆਂ ਨਾਲ ਕੀ ਆਇਆ ਹੈ ? ਨੱਬੇ ਫ਼ੀਸਦੀ ਤੋਂ ਵੱਧ ਸਿੱਖ, ਹਿੰਦੁਸਤਾਨ ਦੇ ਅਜ਼ਾਦੀ ਸੰਗ੍ਰਾਮ ਵਿਚ ਫਾਂਸੀਆਂ 'ਤੇ ਚੜ੍ਹੇ ਤੇ ਕੁਰਬਾਨ ਹੋਏ ਹਨ, ਕੀ ਇਸ ਦਾ ਇਵਜ਼ਾਨਾ ਸਿੱਖਾਂ ਤੇ ਪੰਥ ਨੂੰ ਮਿਲਿਆ ਹੈ ? ਸੰਨ 1965 ਤੇ ਸੰਨ 1971 ਦੀਆਂ ਪਾਕਿਸਤਾਨ ਨਾਲ ਜੰਗਾਂ ਵਿਚ ਸਿੱਖਾਂ ਨੇ ਬੇਦਰੇਗ ਅਤੇ ਅਦੁੱਤੀ ਸੂਰਮਗਤੀ ਨਾਲ ਆਪਣਾ ਖ਼ੂਨ ਡੋਲ੍ਹਿਆ ਹੈ। ਉਹ ਅਸਾਂ ਦੇਸ਼ ਦੀ ਰੱਖਿਆ ਲਈ ਡੋਲ੍ਹਿਆ, ਦੇਸ਼ ਦੀ ਰੱਖਿਆ ਹੋ ਗਈ। ਇਸ ਵਿੱਚੋਂ ਜੇ ਅਸੀਂ ਸਿੱਖੀ ਦੀ ਰੱਖਿਆ ਅਤੇ ਪੰਥ ਦਾ ਗੌਰਵ ਭਾਲੀਏ ਤਾਂ ਅਸਾਡੀ ਮੂਰਖ-ਮੱਤ ਹੈ। ਜਿਸ ਝੰਡੇ ਹੇਠਾਂ ਯੁੱਧ ਹੋਇਆ ਤੇ ਜਿੱਤਿਆ ਗਿਆ, ਫ਼ਤਹਿ ਉਸ ਝੰਡੇ ਦੀ ਅਤੇ ਉਨ੍ਹਾਂ ਯੁੱਧ-ਮਨੋਰਥਾਂ ਦੀ ਹੈ, ਜਿਨ੍ਹਾਂ ਦਾ ਉਹ ਝੰਡਾ ਪ੍ਰਤੀਕ ਹੈ, ਲੜਨ ਮਰਨ ਵਾਲੇ ਵਿਅਕਤੀਗਤ ਸੂਰਮਿਆਂ ਦਾ ਨਹੀਂ। ਸਿੱਖਾਂ ਨੂੰ ਇਤਨੀ ਸਿਆਸੀ ਸੂਝ-ਬੂਝ ਤਾਂ ਹੋਣੀ ਚਾਹੀਦੀ ਹੈ ਕਿ ਜਿਤਨਾ ਚਿਰ ਉਹ ਕੋਈ ਪ੍ਰਾਪਤੀ ਖ਼ਾਲਸਈ ਪੰਥਕ ਝੰਡੇ ਹੇਠਾਂ ਅਤੇ ਸਿੱਖਾਂ ਦੇ ਯੁੱਧ-ਮਨੋਰਥਾਂ ਦਾ ਐਲਾਨ ਕਰ ਕੇ ਨਹੀਂ ਕਰਦੇ, ਉਤਨਾ ਚਿਰ ਉਹ ਸਾਰੀ ਤ੍ਰਿਲੋਕੀ ਨੂੰ ਵੀ ਵਿਜੈ ਕਿਉਂ ਨਾ ਕਰ ਲੈਣ, ਉਹ ਸਿੱਖਾਂ ਲਈ ਤੇ ਪੰਥ ਲਈ ਹੋਈ ਫ਼ਤਹਿ ਨਹੀਂ ਕਹਾਏਗੀ ਅਤੇ ਨਾ ਹੀ ਇਸ ਮਤਲਬ ਲਈ ਵਰਤੀ ਜਾ ਸਕੇਗੀ। 'ਪੰਜਾਬੀਅਤ' ਦੇ ਨਾਮ ਉੱਤੇ ਪੰਜਾਬੀ ਸੂਬੀ ਤਾਂ ਇਕ ਪਾਸੇ ਰਹੀ, ਗੋਦਾਵਰੀ ਤਕ ਦਾ ਇਲਾਕਾ ਵੀ ਲੈ ਲਵੋ, ਉਸ ਵਿਚ ਰਾਜ ਸੱਤਾ ਅਤੇ ਰਾਜਗੌਰਵ ਉਨ੍ਹਾਂ ਕੋਲ ਹੀ ਜਾਵੇਗਾ ਜਿਨ੍ਹਾਂ ਦੀ ਸਿੱਖੀ ਜਾਂ ਸਿੱਖ ਪੰਥ ਨਾਲ ਨਾ ਕੋਈ ਪਕੜ ਹੈ, ਨਾ ਸਾਂਝ। ਇਸ ਲਈ, ਸਿੱਖ ਕਿਉਂ ਭੰਬਲ-ਭੂਸਿਆਂ ਵਿਚ ਪੈ ਕੇ ਆਪ ਭੀ ਖ਼ੁਆਰ ਹੋ ਰਹੇ ਹਨ ਅਤੇ ਆਪਣੇ ਦੇਸ਼ ਵਾਸੀਆਂ ਨੂੰ ਵੀ ਔਖਾ ਕਰ ਰਹੇ ਹਨ ?

ਇਹ ਸਤਰਾਂ ਲਿਖਦੇ ਸਮੇਂ ਇਕ ਯੂਨੀਵਰਸਿਟੀ ਦੇ ਵਿਦਵਾਨ ਤੇ ਸੂਝਵਾਨ ਪ੍ਰੋਫ਼ੈਸਰ ਮਿਲਣ ਆ ਗਏ ਹਨ ਅਤੇ ਉਨ੍ਹਾਂ ਨੂੰ ਲੇਖ ਦਾ ਉਪ੍ਰੋਕਤ ਭਾਗ ਸੁਣਾਇਆ ਗਿਆ ਹੈ। ਉਹ ਕਹਿੰਦੇ ਹਨ : "ਬੜਾ ਮਨ, ਬੁੱਧੀ ਨੂੰ ਟੁੰਬਣ ਵਾਲਾ ਵਿਸ਼ਲੇਸ਼ਣ ਤੁਸਾਂ ਸਿੱਖ ਰਾਜਸੀ ਸਥਿਤੀ ਦਾ ਕੀਤਾ ਹੈ। ਮੈਂ ਇਸ ਨਾਲ ਅਸਹਿਮਤ ਹੋ ਨਹੀਂ ਸਕਦਾ। ਇਸ ਲੇਖ ਦੇ ਵਡੇਰੇ ਭਾਗ ਨੂੰ ਸਿੱਖ ਸੰਗਤਾਂ ਸਮਝ ਭੀ ਲੈਣਗੀਆਂ ਤੇ ਮੰਨ ਭੀ ਲੈਣਗੀਆਂ ਪਰ ਇਹ ਜਿਹੜੇ ਪੰਜ ਬੁਨਿਆਦੀ ਤੱਥ ਤੇ ਸਿਧਾਂਤ ਤੁਸਾਂ ਸਿੱਖ ਸਿਆਸਤ ਦੇ ਨਿਸ਼ਾਨੇ ਦੀ ਰੂਪ-ਰੇਖਾ ਮਿਥਣ ਬਾਬਤ ਕਹੇ ਹਨ, ਇਨ੍ਹਾਂ ਨੂੰ ਕੋਈ ਵਿਰਲਾ ਹੀ ਸਮਝ ਸਕੇਗਾ, ਅਕਾਲੀ ਦਲ ਦੇ ਜਥੇਦਾਰਾਂ ਤੇ 'ਸੰਤਾਂ ਬਾਬਿਆਂ' ਨੂੰ ਇਹ ਮਨਾਓਗੇ ਕਿਵੇਂ ?"

ਇਸ ਦਾ ਉੱਤਰ ਇਹ ਹੈ ਕਿ ਯੁੱਧ ਦਾ ਨਿਸ਼ਾਨਾ ਕਿਸੇ ਦੇਸ਼ ਜਾਂ ਜਾਤੀ ਵਿਚ

ਉਸ ਦੀ ਸੈਨਾ ਦੇ ਕਪਤਾਨ, ਕਰਨੈਲ ਕਦੇ ਨਹੀਂ ਉਲੀਕਦੇ। ਇਹ ਨਿਸ਼ਾਨੇ ਸਦਾ ਸਿਵਲ ਸਰਕਾਰ ਤੇ ਕੌਮ ਦੇ ਉੱਚ ਬੁੱਧੀਵਾਨ ਹੀ ਨਿਸਚਿਤ ਕਰਦੇ ਹਨ। ਸੈਨਾ ਦਾ ਕੰਮ ਕੇਵਲ ਯੁੱਧ-ਯੋਜਨਾ ਬਣਾ ਕੇ, ਨਿਸਚਿਤ ਨਿਸ਼ਾਨੇ ਦੀ ਪ੍ਰਾਪਤੀ ਹੀ ਹੁੰਦਾ ਹੈ ਤੇ ਹੋਣਾ ਚਾਹੀਏ। ਯੁੱਧ ਯੋਜਨਾ ਭੀ ਕਪਤਾਨ, ਕਰਨੈਲ ਨਹੀਂ ਬਣਾਉਂਦੇ। ਉਸ ਨੂੰ ਬਣਾਉਣ ਵਾਲੇ ਭੀ ਯੁੱਧ-ਵਿੱਦਿਆ ਵਿਚ ਨਿਪੁੰਨ, ਮਹਾਨ ਸੈਨਿਕ ਸੋਝੀ ਦੇ ਮਾਲਕ, ਤਜਰਬੇਕਾਰ ਜਰਨੈਲ ਹੀ ਹੁੰਦੇ ਹਨ। ਇਹੋ ਘਾਟਾ ਅਸਾਡੇ ਵਿਚ ਸੀ ਤਾਂ ਅਸੀਂ ਸੰਨ 1844-45 ਦੇ ਯੁੱਧਾਂ ਵਿਚ ਫ਼ਿਰੰਗੀ ਨੂੰ ਜਿੱਤ ਕੇ ਭੀ ਹਾਰ ਗਏ ਸੀ ਤੇ ਜਮੁਨਾ ਤੋਂ ਜਮਰੌਦ ਤਕ ਦਾ ਖ਼ਾਲਸਾ ਰਾਜ ਖੁਹਾ ਬੈਠੇ ਸੀ :

ਸ਼ਾਹਮੁਹੰਮਦਾ ਇਕ ਸਰਦਾਰ ਬਾਝੋਂ, ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੇ।

ਅਤੇ ਇਸੇ ਕਾਰਨ ਅਸੀਂ 1947 ਵਿਚ ਕੁਛ ਪ੍ਰਾਪਤ ਨਹੀਂ ਕਰ ਸਕੇ, ਔਰ ਪਿਛਲੇ ਪੰਝੀ ਵਰ੍ਹਿਆਂ ਵਿਚ ਕਈ ਮੋਰਚੇ ਜਿੱਤਣ ਦੇ ਬਾਵਜੂਦ ਨਾਕਾਮ ਤੇ ਨਾਮੁਰਾਦ ਰਹੇ ਹਾਂ। ਯਾ ਤਾਂ ਅਕਾਲੀ ਦਲ ਦੇ ਜਥੇਦਾਰ ਤੇ 'ਸੰਤ ਬਾਬੇ' ਅਤੇ ਇਨ੍ਹਾਂ ਦੀ ਰਹਿੰਦ-ਖੂੰਹਦ ਸਿੱਖ ਸਿਆਸਤ ਦੇ ਨਿਸ਼ਾਨੇ ਮਿੱਥਣ ਦਾ ਕੰਮ ਤੇ ਰਾਜਨੀਤੀ ਚਲਾਉਣ ਦੀ ਵਾਗਡੋਰ, ਅਜੋਕੇ ਸਮੇਂ ਦੀ ਸਿਆਸੀ ਸਥਿਤੀ ਨੂੰ ਸਮਝ ਸਕਣ ਵਾਲੇ, ਰਾਜਨੀਤੀ ਦੇ ਖੇਲ ਦੇ ਗੁਰ, ਅਸੂਲਾਂ ਦੇ ਪਛਾਣੂ, ਆਧੁਨਿਕ ਉੱਚ-ਵਿੱਦਿਆ ਦੇ ਪਿਛੋਕੜ ਵਾਲੇ ਅਤੇ ਸਿੱਖ ਸਿਧਾਂਤਾਂ ਤੇ ਤਵਾਰੀਖ਼ ਦੇ ਵਿਗਿਆਨੀਆਂ ਨੂੰ ਸੌਂਪ ਦੇਣ ਅਤੇ ਆਪ ਸਿੱਖ ਸਿਆਸਤ ਦੇ ਨਿਸ਼ਾਨਿਆਂ ਦੀ ਪ੍ਰਾਪਤੀ ਦੀ ਜਦੋ-ਜਹਿਦ ਲਈ ਹੀ ਤਤਪਰ ਰਹਿਣ ਅਤੇ ਯਾ ਸਿੱਖ ਆਪਣੇ ਭਵਿੱਖ ਵੱਲੋਂ ਬਿਲਕੁਲ ਨਿਰਾਸ਼ ਹੋ ਕੇ ਅਰਦਾਸ ਕਰਨ ਕਿ ਗੁਰੂ ਭਾਣਾ ਮੰਨਣ ਦਾ ਬਲ ਬਖ਼ਸ਼ੇ। **'ਲੋੜੈ ਦਾਖ ਬਿਜੋਰਿਆਂ ਕਿਕਰਿ ਬੀਜੈ ਜਟੁ'** ਵਾਲੀ ਅੰਧਨੀਤੀ ਵਿੱਚੋਂ ਤਿੰਨਕਾਲ ਕਿਸੇ ਭਲੇ ਦੀ ਆਸ਼ਾ ਨਹੀਂ ਰੱਖਣੀ ਚਾਹੀਦੀ।

ਸੰਨ 1963 ਵਿਚ ਜਦੋਂ ਮਾਸਟਰ ਤਾਰਾ ਸਿੰਘ ਦੇ ਮਰਨ ਵਰਤ ਨੂੰ ਤਿਆਗਣ ਕਾਰਨ ਸਿੱਖ ਸੰਗਤਾਂ ਉਨ੍ਹਾਂ ਤੋਂ ਉਪਰਾਮ ਹੋ ਗਈਆਂ ਸਨ, ਤਦ ਭਾਈ ਫ਼ਤਿਹ ਸਿੰਘ (ਸੰਤ) ਨੂੰ ਅਕਾਲੀ ਦਲ ਦੇ ਕੁਛ ਜਥੇਦਾਰਾਂ ਨੇ ਚੁੱਕ ਕੇ, ਦਿੱਲੀ ਵਾਲੀ ਸਰਕਾਰ ਦੀ ਖੁੱਲ੍ਹੀ ਸ਼ਹਿ ਨਾਲ, ਵਿਧਾਨ ਦੇ ਖ਼ਿਲਾਫ਼ ਤੇ ਹਿੱਕ ਦੇ ਧੱਕੇ ਨਾਲ, ਸਿੱਧੀ ਬੁਰਛਾਗਰਦੀ ਕਰਕੇ, ਇਕ ਨਵਾਂ ਅਕਾਲੀ ਦਲ ਘੜ ਲਿਆ, ਜਿਸ ਨੂੰ ਸਿੱਖ ਸੰਗਤਾਂ ਨੇ ਸਹਿਯੋਗ ਦੇਣਾ ਸ਼ੁਰੂ ਕਰ ਦਿੱਤਾ।

ਸੰਨ 1966 ਵਿਚ ਜਦੋਂ ਦਿੱਲੀ ਦੀ ਸਰਕਾਰ ਨੇ ਹਿੰਦ-ਪਾਕਿਸਤਾਨ ਦੀ ਜੰਗ ਵਿਚ ਸਿੱਖਾਂ ਦੀ ਮਹੱਤਤਾ ਤੇ ਸ਼ਕਤੀ ਤੱਕ ਕੇ, ਪੰਜਾਬੀ ਸੂਬਾ ਦੇਣਾ ਪ੍ਰਵਾਨ ਕਰ ਲਿਆ, ਤਦ ਉਨ੍ਹਾਂ ਨੇ ਸਿੱਖਾਂ ਪ੍ਰਤੀ ਕੂਟਲਨੀਤੀ ਮਨ ਵਿਚ ਰੱਖਦਿਆਂ ਹੋਇਆਂ ਭਾਈ ਫ਼ਤਿਹ ਸਿੰਘ (ਸੰਤ) ਨੂੰ ਹੀ ਸਿੱਖਾਂ ਦਾ ਨੁਮਾਇੰਦਾ ਤਸਲੀਮ ਕੀਤਾ ਅਤੇ ਇਉਂ ਜਦੋਂ ਸਪੱਸ਼ਟ ਹੋ ਗਿਆ ਕਿ ਦਿੱਲੀ ਦੇ ਸੱਤਾਧਾਰੀ ਪੰਜਾਬੀ ਸੂਬਾ ਮੀਂਗਣਾਂ ਪਾ ਕੇ ਹੀ ਦੇਣਾ ਚਾਹੁੰਦੇ ਹਨ, ਤਦ ਸ਼੍ਰੋਮਣੀ ਅਕਾਲੀ ਦਲ ਨੇ ਜੁਲਾਈ ਸੰਨ 1966

ਵਿਚ, ਵਰਕਿੰਗ ਕਮੇਟੀ ਦੀ ਦਿੱਲੀ ਵਿਚ ਹੋਈ ਬੈਠਕ ਵਿਚ, 'ਸਿੱਖ ਹੋਮਲੈਂਡ' ਦੀ
ਪ੍ਰਾਪਤੀ ਪੰਥ ਦਾ ਰਾਜਸੀ ਨਿਸ਼ਾਨਾ, ਉਲੀਕਿਆ ਅਤੇ ਦਸੰਬਰ ਸੰਨ 1966 ਵਿਚ
ਲੁਧਿਆਣੇ ਆਲ ਇੰਡੀਆ ਅਕਾਲੀ ਕਾਨਫ਼ਰੰਸ ਦੇ ਖੁੱਲ੍ਹੇ ਜਲਸੇ ਵਿਚ ਸਿੱਖ ਹੋਮਲੈਂਡ
ਬਾਰੇ ਮਤਾ ਪ੍ਰਵਾਨ ਹੋਇਆ। ਇਨ੍ਹਾਂ ਦੋਹਾਂ ਸਮਿਆਂ ਉੱਤੇ ਅਗਵਾਈ ਤਾਂ ਮਾਸਟਰ
ਤਾਰਾ ਸਿੰਘ ਦੀ ਹੀ ਸੀ, ਪਰ ਪ੍ਰਧਾਨਗੀ ਗਿਆਨੀ ਭੁਪਿੰਦਰ ਸਿੰਘ, 'ਸਿੰਘ ਸਾਹਿਬ'
ਦੀ ਸੀ, ਜੋ ਕਿ ਮਾਸਟਰ ਤਾਰਾ ਸਿੰਘ ਜੀ ਦੇ ਦੇਹਾਂਤ ਪਿੱਛੋਂ, ਸਿੱਖ ਹੋਮਲੈਂਡ ਦੇ
ਸਮਰਥਕ ਹੋਣ ਦੀ ਥਾਂ, ਸਿੱਖ ਹੋਮਲੈਂਡ ਦੇ ਗੁਪਤ ਤੇ ਮਾਰੂ ਵਿਰੋਧ ਕਰਨ ਵਾਲਿਆਂ
ਦੇ ਸਰਦਾਰ ਬਣੇ ਰਹੇ ਹਨ।

ਸੰਨ 1967 ਦੀਆਂ ਚੋਣਾਂ ਵਿਚ, ਸੰਤ ਅਕਾਲੀ ਦਲ ਤੇ ਸ਼੍ਰੋਮਣੀ ਅਕਾਲੀ
ਦਲ ਇਕ ਦੂਜੇ ਦੇ ਵਿਰੋਧ ਵਿਚ, ਅਖਾੜੇ ਵਿਚ ਉਤਰੇ ਜਿਸ ਦਾ ਨਤੀਜਾ ਇਹ
ਨਿਕਲਿਆ ਕਿ ਸੰਤ ਦਲੀਏ 24 ਸੀਟਾਂ ਲੈ ਗਏ, ਪਰ 20 ਦੇ ਕਰੀਬ ਸੀਟਾਂ, ਕੇਵਲ
ਸ਼੍ਰੋਮਣੀ ਅਕਾਲੀ ਦਲ ਨਾਲ ਮੁਠਭੇੜ ਦੇ ਕਾਰਨ, ਹਾਰ ਗਏ।

ਜਦੋਂ ਸੰਨ 1969 ਦੀਆਂ ਮੱਧਕਾਲੀ ਚੋਣਾਂ ਫੇਰ ਸਿਰ ਉੱਤੇ ਆ ਗਈਆਂ ਤਦ
ਸਿੱਖ ਸੰਗਤਾਂ ਅਤੇ ਪੰਥ-ਹਿਤੈਸ਼ੀਆਂ ਵੱਲੋਂ ਜ਼ੋਰਦਾਰ ਅਵਾਜ਼ ਉੱਠੀ ਕਿ ਦੋਹਾਂ ਅਕਾਲੀ
ਦਲਾਂ ਦਾ ਏਕਾ ਹੋ ਜਾਣਾ ਚਾਹੀਏ। ਇਸ ਪਿਛੋਕੜ ਵਿਚ ਸ਼੍ਰੋਮਣੀ ਅਕਾਲੀ ਦਲ
ਦੀ ਵਰਕਿੰਗ ਕਮੇਟੀ ਨੇ, ਪੰਜਾਂ ਆਦਮੀਆਂ ਨੂੰ, ਜਿਨ੍ਹਾਂ ਵਿਚ ਇਨ੍ਹਾਂ ਸਤਰਾਂ ਦਾ
ਲਿਖਾਰੀ ਵੀ ਸ਼ਾਮਲ ਸੀ, ਇਹ ਕਤਈ ਅਧਿਕਾਰ ਸੌਂਪ ਦਿੱਤੇ ਕਿ ਜੇ ਭਾਈ ਫ਼ਤਿਹ
ਸਿੰਘ (ਸੰਤ) ਅਤੇ ਉਸ ਦੀ ਚਾਰਯਾਰੀ ਦਾ ਅਕਾਲੀ ਦਲ ਇਹ ਬੁਨਿਆਦੀ ਤੱਥ
ਕਿ (1) ਅਸਲੀ ਤੇ ਵਿਧਾਨਕ ਸ਼੍ਰੋਮਣੀ ਅਕਾਲੀ ਦਲ ਉਹੋ ਹੈ ਜੋ ਕਿ 45 ਸਾਲਾਂ
ਤੋਂ ਅਖੰਡ ਚਲਿਆ ਆਉਂਦਾ ਹੈ ਅਤੇ ਜਿਸ ਦਾ ਕੇਂਦਰੀ ਦਫ਼ਤਰ ਬਾਬਾ ਅਟੱਲ
ਵਾਲੀ ਬਿਲਡਿੰਗ ਵਿਚ ਹੈ। (2) ਪੰਥ ਦਾ ਸਹੀ ਤੇ ਸਪੱਸ਼ਟ ਸਿਆਸੀ ਨਿਸ਼ਾਨਾ,
ਅਜ਼ਾਦ ਦੇਸ਼ ਵਿਚ ਅਜ਼ਾਦ ਪੰਥ ਦੀ ਸਥਾਪਤੀ ਅਥਵਾ ਸਿੱਖ ਹੋਮਲੈਂਡ ਦੀ ਪ੍ਰਾਪਤੀ
ਹੈ, ਖੁੱਲ੍ਹੇ ਤੌਰ 'ਤੇ ਅਤੇ ਬਿਨਾਂ ਕਪਟ ਦੇ ਮੰਨ ਲਵੇ ਤਾਂ ਸ਼੍ਰੋਮਣੀ ਅਕਾਲੀ ਦਲ ਅਤੇ
ਸੰਤ ਅਕਾਲੀ ਦਲ ਦਾ ਏਕੀਕਰਣ ਬਿਨਾਂ ਕਿਸੇ ਹੋਰ ਸ਼ਰਤ ਦੇ ਕਰ ਲਿਆ ਜਾਵੇ।

ਇਸ ਗੁਰਮਤੇ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਤੇ ਸੰਤ ਅਕਾਲੀ ਦਲ ਦਾ
ਲਿਖਤੀ ਸਮਝੌਤਾ, ਅਕਤੂਬਰ, ਸੰਨ 1968 ਵਿਚ ਹੋਇਆ, ਜੋ ਕਿ ਸ਼੍ਰੋਮਣੀ
ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਰਾਜਕੀਜ 'ਗੁਰਦੁਆਰਾ ਗਜ਼ਟ' ਨਵੰਬਰ 1968 ਦੇ
ਸਫ਼ਾ 81-84 ਉੱਤੇ 'ਪੰਥਕ ਏਕਤਾ ਦਾ ਐਲਾਨ ਨਾਮਾ' ਦੇ ਸਿਰਲੇਖ ਹੇਠ ਦਰਜ ਹੈ।

ਇਸ ਐਲਾਨ ਨਾਮੇ ਉੱਤੇ ਹਸਤਾਖ਼ਰ ਦੋਹਾਂ ਧੜਿਆਂ ਦੇ ਨੁਮਾਇੰਦਿਆਂ ਨੇ
ਸ੍ਰੀ ਅਕਾਲ ਤਖ਼ਤ ਦੇ ਹਜ਼ੂਰ, ਅਰਦਾਸਾ ਕਰ ਕੇ ਕੀਤੇ।

ਇਸ ਪੰਥਕ ਏਕੀਕਰਣ ਦੇ ਤਿੰਨ ਸ਼ਿਲਾਧਰ ਸਪੱਸ਼ਟ ਕੀਤੇ ਹੋਏ ਹਨ:
(1) ਅਸਲੀ ਤੇ ਵਿਧਾਨਕ ਸ਼੍ਰੋਮਣੀ ਅਕਾਲੀ ਦਲ, ਪੰਜਾਹ ਸਾਲਾ ਪੁਰਾਣਾ ਅਕਾਲੀ
ਦਲ ਬਾਬਾ ਅਟੱਲ ਦੇ ਦਫ਼ਤਰ ਵਾਲਾ ਹੀ ਹੈ, (2) ਸੁਤੰਤਰ ਭਾਰਤ ਵਿਚ ਖੁਦਮੁਖਤਾਰ
ਪੰਥ ਦੇ ਸਿਆਸੀ ਦਰਜੇ ਦੀ ਪ੍ਰਾਪਤੀ ਹੀ ਸਹੀ ਤੇ ਇੱਕੋ ਇਕ ਰਾਜਸੀ ਨਿਸ਼ਾਨਾ

ਸਿੱਖ ਕੌਮ ਦਾ ਹੈ, ਜਿਸ ਨੂੰ ਕਿ ਸਾਹਿਬ ਦਸਮ ਪਾਤਿਸ਼ਾਹ ਅਤੇ ਤਵਾਰੀਖ਼ ਦੇ ਵਹਿਣ ਨੇ ਅਟੱਲ ਨਿਸਚਿਤ ਕੀਤਾ ਹੋਇਆ ਹੈ। (3) ਸਿਰ ਉੱਤੇ ਆਈਆਂ ਵਿਧਾਨ ਸਭਾ ਦੀਆਂ ਮੱਧਕਾਲੀ ਚੋਣਾਂ ਨੂੰ ਮੁੱਖ ਰੱਖ ਕੇ ਸ਼੍ਰੋਮਣੀ ਅਕਾਲੀ ਦਲ ਦੀ ਐਡਹਾਕ ਅਥਵਾ ਸੰਕਟ ਕਾਲੀਨ ਕੰਮ-ਚਲਾਊ ਵਰਕਿੰਗ ਕਮੇਟੀ ਅਤੇ ਪਾਰਲੀਮਾਨੀ ਬੋਰਡ ਆਦਿਕ ਸਥਾਪਤ ਕਰ ਦਿੱਤੇ ਗਏ, ਜਦ ਤਕ ਕਿ ਨਵੇਂ ਚੁਣਾਓ ਸ਼੍ਰੋਮਣੀ ਅਕਾਲੀ ਦਲ ਦੇ ਨਹੀਂ ਕਰ ਲਏ ਜਾਂਦੇ।

ਇਹ ਏਕੀਕਰਣ ਹੋਣ ਤੋਂ ਪਹਿਲਾਂ ਨਾ ਕੇਵਲ ਸਿੱਖ ਸੰਗਤਾਂ ਹੀ ਸੰਤ ਅਕਾਲੀ ਦਲ ਤੇ ਸ਼੍ਰੋਮਣੀ ਅਕਾਲੀ ਦਲ ਨੂੰ ਇਕ ਕਰਨ ਲਈ ਉਤਾਵਲੀਆਂ ਸਨ, ਸਗੋਂ ਦੋਹਾਂ ਦਲਾਂ ਦੇ ਸਿਰ-ਕੱਢਵੇਂ ਨੇਤਾ ਵੀ ਇਹੋ ਵਿਚਾਰ, ਨਿੱਜੀ ਤੌਰ 'ਤੇ ਪ੍ਰਗਟਾਉਂਦੇ ਸਨ। ਰਾਜ ਸਭਾ ਦੇ ਚੂੜਾ-ਮਣੀ, ਦੂਖ-ਨਿਵਾਰਣ ਦੇ ਜਾਗੀਰਦਾਰ, ਜਥੇਦਾਰ ਗੁਰਚਰਨ ਸਿੰਘ 'ਟੌਹੜਾ' ਨਾਲ ਵਿਚਾਰ-ਵਟਾਂਦਰੇ ਵੇਲੇ, ਉਨ੍ਹਾਂ ਨੇ ਬਾਰ-ਬਾਰ ਕਹਿਆ ਸੀ ਕਿ 'ਸਿੱਖ ਹੋਮਲੈਂਡ' ਦੀ ਪ੍ਰਾਪਤੀ ਦੇ ਪੰਥਕ ਨਿਸ਼ਾਨੇ ਨੂੰ ਅਸੀਂ ਦਿਲੋਂ ਮਨੋਂ ਮੰਨਦੇ ਹਾਂ, ਸਗੋਂ ਇਸ ਤੋਂ ਵੀ ਅੱਗੇ ਜਾਣਾ ਚਾਹੁੰਦੇ ਹਾਂ ਪਰ ਸੰਤ ਫ਼ਤਿਹ ਸਿੰਘ ਨੂੰ 'ਹੋਮਲੈਂਡ' ਸ਼ਬਦ ਨਾਲ ਇਸ ਲਈ ਚਿੜ੍ਹ ਹੈ ਕਿ ਮਾਸਟਰ ਤਾਰਾ ਸਿੰਘ ਨੇ ਇਹ ਨਾਅਰਾ ਲਾਇਆ ਸੀ, ਇਸ ਲਈ ਲਿਖਤੀ ਸਮਝੌਤੇ ਵਿਚ ਪੰਥ ਦੀ ਸਿਆਸੀ ਮੰਜ਼ਲ ਹੋਮਲੈਂਡ ਤੋਂ ਵੀ ਅਗੇਰੀ ਮਿੱਥੋ ਪਰ ਇਹ ਸ਼ਬਦ, 'ਸਿੱਖ ਹੋਮਲੈਂਡ' ਲਿਖਤ ਵਿਚ ਨਾ ਲਿਆਉ। ਅਸਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਉਸ ਵੇਲੇ ਹੀ ਸਪੱਸ਼ਟ ਕਰ ਦਿੱਤਾ ਸੀ ਕਿ 'ਹੋਮਲੈਂਡ ਤੋਂ ਭੀ ਅਗਾਂਹ' ਰੂਪੀ ਅੰਧਕੂਪ ਵੱਲ ਪੰਥ ਨੂੰ ਮਾਰਚ ਕਰਾਉਣ ਦਾ ਵਿਚਾਰ ਲਾਭਕਾਰੀ ਭੀ ਨਹੀਂ ਅਤੇ ਪ੍ਰਾਪਤੀ ਯੋਗ ਭੀ ਨਹੀਂ, ਇਸ ਲਈ ਨਿਸ਼ਾਨਾ ਤਾਂ ਸਿੱਖ ਹੋਮਲੈਂਡ ਦੀ ਪ੍ਰਾਪਤੀ ਹੀ ਹੈ, ਜਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਸੰਨ 1966 ਦੇ ਲੁਧਿਆਣੇ ਵਾਲੇ ਸਾਲਾਨਾ ਸਮਾਗਮ ਵਿਚ ਨਿਸਚੇ ਹੋਇਆ ਹੈ, ਪਰ ਪੰਥਕ ਏਕੇ ਦੇ ਐਲਾਨਨਾਮੇ ਦੀ ਸ਼ਬਦਾਵਲੀ ਦੀ ਰਚਨਾ ਵਧੇਰੇ ਨਿੱਗਰ ਤੇ ਕਾਬਲੇ-ਕਬੂਲ ਕੀਤੀ ਜਾ ਸਕਦੀ ਹੈ।

(ਸੰਤ) ਫ਼ਤਿਹ ਸਿੰਘ ਅਤੇ ਜਥੇਦਾਰ 'ਟੌਹੜਾ' ਦੀ ਪੂਰਨ ਰਜ਼ਾਮੰਦੀ ਨਾਲ ਇਉਂ ਹੀ ਕੀਤਾ ਗਿਆ, ਪਰ ਜਦੋਂ ਐਲਾਨਨਾਮੇ ਉੱਤੇ ਦਸਤਖ਼ਤ ਹੋ ਚੁੱਕੇ ਅਤੇ ਸੰਤ ਅਕਾਲੀ ਦਲ ਦੀ ਚਾਰ-ਯਾਰੀ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਦਫ਼ਤਰ ਵਿਚ ਵੜਨ ਦੇ ਖੁੱਲ੍ਹੇ ਅਧਿਕਾਰ ਮਿਲ ਗਏ, ਤਦ ਰਾਤੋ ਰਾਤ ਫ਼ਤਿਹ ਸਿੰਘ (ਸੰਤ) ਅਤੇ ਟੌਹੜਾ ਸਾਹਿਬ (ਜਥੇਦਾਰ), ਸਿੱਖ ਪੰਥ ਦੇ ਸਹੀ ਤੇ ਪ੍ਰਵਾਨ ਹੋਏ ਹੋਏ, ਸਿਆਸੀ ਨਿਸ਼ਾਨੇ 'ਸਿੱਖ ਹੋਮਲੈਂਡ' ਤੋਂ ਮੁਨਕਰ ਹੋ ਗਏ।

ਫ਼ਤਿਹ ਸਿੰਘ (ਸੰਤ) ਅਕਾਲ ਤਖ਼ਤ ਉੱਤੇ ਡੇਰੇ ਜਮਾ ਕੇ ਅਤੇ ਅਕਾਲ ਤਖ਼ਤ ਉੱਤੇ ਹੋਈ ਅਰਦਾਸ ਨੂੰ ਟਿੱਚ ਜਾਣ ਕੇ ਹਰ ਰੋਜ਼ ਸਵੇਰੇ ਸ਼ਾਮ, ਜਨਸੰਘੀਆਂ ਅਤੇ ਆਪਣੇ ਸਿਰਜਣਹਾਰੇ ਦਿੱਲੀ ਦੇ ਹਾਕਮਾਂ ਨੂੰ ਖ਼ੁਸ਼ ਕਰਨ ਹਿੱਤ ਇਹ 'ਸਪੱਸ਼ਟੀਕਰਨ', ਅਰੜਾ ਅਰੜਾ ਕੇ, ਦੇਣ ਲੱਗ ਪਿਆ:

> ਅਸਾਂ ਹੋਮ ਲੈਂਡ ਨਹੀਂ ਬਣਨ ਦੇਣਾ ਹੈ।

ਜਿਸ ਨੂੰ 'ਹੋਮਲੈਂਡ' ਦਾ ਸ਼ੁੱਧ ਉਚਾਰਨ ਕਰਨਾ ਵੀ ਨਹੀਂ ਆਉਂਦਾ, ਉਹ ਬਿਆਨ

ਉੱਤੇ ਬਿਆਨ ਦਈ ਜਾਵੇ, "ਅਸਾਂ 'ਹਓਮ ਲਿੰਡ' ਨਹੀਂ ਲੈਣਾ ਹੈ। ਸਾਰਾ ਮੁਲਕ ਹੀ ਅਸਾਡਾ 'ਹਓਮ ਲਿੰਡ' ਹੈ" ਅਤੇ ਐਡਹਾਕ ਅਕਾਲੀ ਦਲ ਦੇ ਉਹ ਸੱਜਣ ਜਿਹੜੇ ਅਸਲੀ ਤੇ ਵਿਧਾਨਕ ਦਲ ਵਿੱਚੋਂ ਆਏ ਸਨ, ਮੂੰਹ ਵਿਚ ਘੁੰਗਣੀਆਂ ਪਾ ਕੇ ਬੈਠੇ ਰਹੇ ਅਤੇ ਸੰਤ-ਦਲੀਏ ਗੱਜ ਗੱਜ ਕੇ 'ਸੰਤ ਬਾਬੇ' ਦੀਆਂ ਚੰਘਿਆੜਾਂ ਵਿਚ ਆਪਣੀਆਂ ਚੰਘਿਆੜਾਂ ਮਿਲਾਉਣ ਲੱਗ ਪਏ ਅਤੇ ਮੈਂ ਜਦ ਪੰਥਕ ਏਕਤਾ ਦੇ ਐਲਾਨਨਾਮੇ ਦੀ ਤਸ਼ਰੀਹ ਕਰਾਂ ਅਤੇ ਸਪੱਸ਼ਟ ਕਰਾਂ ਕਿ ਇਸ ਸਮਝੌਤੇ ਅਨੁਸਾਰ 'ਹੋਮਲੈਂਡ' ਦਾ ਨਿਸ਼ਾਨਾ ਕਾਇਮ ਤੇ ਪ੍ਰਵਾਣਿਤ ਹੈ, ਤਦ ਮੇਰੇ ਉੱਤੇ ਨਿਤ ਨਵੀਆਂ ਊਜਾਂ ਲਾਈਆਂ ਜਾਣ, ਡਰਾਵੇ ਦਿੱਤੇ ਜਾਣ, ਇਹ 'ਮੂਰਖ' ਹੈ, "ਇਹ ਕਾਂਗਰਸ ਦਾ ਅਜੰਟ ਹੈ" ਆਦਿ। ਜੇ ਕੋਈ ਜਗਤ-ਬਿਖਿਆਤ ਮੂਰਖ ਕਿਸੇ ਭਲੇਮਾਣਸ ਨੂੰ 'ਮੂਰਖ' ਆਖੇ, ਤਦ ਇਸ ਨੂੰ ਸਤੁਤੀਵਾਦਨ ਹੀ ਸਮਝਣਾ ਚਾਹੀਏ ਪਰ ਜਿਹੜਾ ਵਿਸ਼ਵਾਸਘਾਤ ਕਰੇ, ਬਚਨ ਕਰ ਕੇ ਮੁੱਕਰੇ, ਅਰਦਾਸਾ ਕਰ ਕੇ ਫਿਰ ਜਾਵੇ ਅਤੇ ਦਿਨ ਨੂੰ ਰਾਤ ਕਹੀ ਜਾਵੇ, ਉਸ ਨੂੰ ਕੀ ਆਖੀਏ ?

ਇਹੋ ਗਤੀ ਸੰਤ ਅਕਾਲੀ ਦਲ ਦੀ ਪ੍ਰਤੱਖ ਹੈ, ਜਿਹੜਾ ਦਲ ਹੁਣ ਅਮਰ ਵੇਲ ਵਾਂਗਰ, ਸ਼੍ਰੋਮਣੀ ਅਕਾਲੀ ਦਲ ਰੂਪੀ ਕਲਪ-ਬਿਰਖ ਉੱਤੇ ਛਾ ਚੁੱਕਾ ਹੈ ਅਤੇ ਜਿਹੜੀ ਜੁੰਡਲੀ, ਵਿਸ਼ਵਾਸਘਾਤ ਕਰ ਕੇ, ਗ਼ੈਰ-ਵਿਧਾਨਕ ਢੰਗ ਅਤੇ ਕੁਚੇਸ਼ਟਾ ਦੁਆਰਾ ਪੰਥ ਦੀ ਸਿਆਸਤ ਉੱਤੇ ਛਾ ਗਈ ਹੈ ਅਤੇ ਜਿਸ ਦੀ ਪਦ-ਪਦਵੀ ਉਸ ਸਕੇ-ਬੱਚੇ ਨਾਲੋਂ ਕਿਵੇਂ ਭੀ ਵਧੇਰੇ ਪ੍ਰਮਾਣਿਕ ਨਹੀਂ ਕਹੀ ਜਾ ਸਕਦੀ, ਜੋ ਕਿ ਫ਼ਿਰੰਗੀਆਂ ਦੀ ਸ਼ਹਿ ਨਾਲ ਅਮਾਨੁੱਲਾ ਨੂੰ ਦੇਸ਼ ਨਿਕਾਲਾ ਦੇ ਕੇ ਕਾਬਲ ਦਾ ਤਖ਼ਤ ਮੱਲ ਬੈਠਾ ਸੀ।

ਇਨ੍ਹਾਂ ਸਤਰਾਂ ਦੇ ਲਿਖਾਰੀ ਨੂੰ ਫ਼ਤਿਹ ਸਿੰਘ (ਸੰਤ) ਦੀ ਸਥਾਪਤ ਕੀਤੀ ਹੋਈ ਕਮੇਟੀ ਜਥੇਦਾਰ ਟੌਹੜਾ ਅਤੇ ਸ੍ਰੀ ਕ੍ਰਿਪਾਲ ਸਿੰਘ ਚੱਕਸ਼ੇਰਾਂ ਨੇ ਇਹ ਕਹਿ ਕੇ ਐਡਹਾਕ ਅਕਾਲੀ ਦਲ ਦੀ ਸੀਨੀਅਰ ਮੀਤ ਪ੍ਰਧਾਨ ਦੀ ਪਦਵੀ ਤੋਂ ਉਤਾਰੂ ਕਰ ਦਿੱਤਾ ਕਿ, 'ਸਿੱਖ ਹੋਮਲੈਂਡ' ਦੀ ਗੱਲ ਬਾਰ-ਬਾਰ ਕਰ ਕੇ, 'ਇਹ ਕਪੂਰ ਸਿੰਘ, ਅਕਾਲੀ ਦਲ ਦੇ ਡਿਸਿਪਲਨ ਦੀ ਉਲੰਘਣਾ ਅਤੇ ਪੰਥਕ ਹਿੱਤਾਂ ਦਾ ਵਿਰੋਧ ਕਰ ਰਿਹਾ ਹੈ :

ਰਕੀਬੋਂ ਨੇ ਰਪਟ ਲਿਖਵਾਈ ਹੈ ਜਾ ਜਾ ਕੇ ਥਾਨੇ ਮੇਂ।
ਕਿ ਅਕਬਰ ਨਾਮ ਲੇਤਾ ਹੈ ਖ਼ੁਦਾ ਕਾ ਇਸ ਜ਼ਮਾਨੇ ਮੇਂ।

ਸ਼ੇਰੇਵਾਲੀਆ ਤਾਂ ਸਮਝ ਪੈ ਗਈ ਕਿ ਆਪਣੀ ਪੁਰਾਣੀ ਵਾਦੀ ਤੋਂ ਮਜਬੂਰ ਹੋ ਕੇ, ਸੰਤ ਬਾਬਿਆਂ ਨੂੰ 'ਨਿੱਘਾ ਮਿਲਵਰਤਣ', *ਕੌਮੀ ਦਰਦ* ਦੇ ਲਿਖਣ ਅਨੁਸਾਰ, ਦੇਣਾ ਲੋਚਦਾ ਸੀ, ਪਰ ਟੌਹੜਾ ਜੀ ਕੀ ਵਿਚਾਰ ਕੇ ਆਪਣੇ ਕੀਤੇ ਬਚਨਾਂ ਅਤੇ ਦਿੱਤੇ ਭਰੋਸਿਆਂ ਤੋਂ ਇਉਂ ਢੀਠ ਹੋ ਕੇ ਫਿਰ ਗਏ ? ਸਿੱਖੀ ਸਿਧਾਂਤਾਂ ਤੇ ਪਰੰਪਰਾ ਵਿਚ ਤਾਂ ਅਜਿਹੇ ਨੀਚ ਕਰਮ ਦੀ ਕਦਾਚਿਤ ਆਗਿਆ ਨਹੀਂ। *ਮਾਓ ਦੀ ਲਾਲ ਕਿਤਾਬ* ਵਿਚ ਭੀ ਕੋਈ ਅਜਿਹਾ ਆਦੇਸ਼ ਅੰਕਤ ਨਹੀਂ। 'ਚੋਰਾਂ ਯਾਰਾਂ' ਦੇ ਗਰੋਹ ਭੀ ਅਜਿਹੇ ਆਪਸੀ ਕਿਰਦਾਰ ਨੂੰ ਆਪਣੇ ਵਿਸ਼ੇਸ਼ ਹਿੱਤਾਂ ਦੇ ਅਨੁਕੂਲ ਨਹੀਂ ਸਮਝਦੇ ਅਤੇ ਅਜਿਹਾ ਕਰਨ ਵਾਲੇ ਨੂੰ ਕਰੜਾ ਦੰਡ ਦਿੰਦੇ ਹਨ। ਇਹ ਰਹਿਤਨਾਮਾ ਤਾਂ ਸੰਤ

ਅਕਾਲੀ ਦਲ ਦੀ ਚਾਰਯਾਰੀ ਦਾ ਹੀ ਨਿਸਚਿਤ ਕੀਤਾ ਹੋਇਆ ਜਾਪਦਾ ਹੈ ਕਿ ਝੂਠ, ਧੋਖਾ, ਦਗ਼ਾ, ਫ਼ਰੇਬ, ਅਰਦਾਸ, ਗੁਰੂ ਗ੍ਰੰਥ ਸਾਹਿਬ, ਅਕਾਲ ਤਖ਼ਤ, ਲਿਖਤ ਬੱਧ ਸਮਝੌਤੇ ਤੇ ਐਲਾਨ ਨਾਮੇ, ਵਿਸ਼ਵਾਸਘਾਤ ਤੇ ਅਕ੍ਰਿਤਘਣਤਾ ਜੋ ਭੀ ਲੋੜ ਪਵੇ ਵਰਤ ਲਵੋ ਅਤੇ ਇਉਂ ਗੁਰੂ ਕੀਆਂ ਗੋਲਕਾਂ, ਪੰਥ ਦੀ ਸਿਆਸਤ ਅਤੇ ਸਿੱਖਾਂ ਦੀ ਧਰਮ-ਸ਼ਰਧਾ ਨੂੰ ਨਿੱਜ ਸੁਆਰਥਾਂ ਲਈ ਵਰਤੀ ਜਾਓ।

ਇਹ ਢੰਗ ਵਰਤ ਕੇ ਹੀ ਸੰਤ ਅਕਾਲੀ ਦਲ ਦੇ ਮਹਾਂਰਥੀਆਂ ਨੇ ਅਸਲੀ ਤੇ ਵਿਧਾਨਕ ਅਕਾਲੀ ਦਲ ਦੇ ਦਫ਼ਤਰ, ਜਥੇਬੰਦੀਆਂ ਉੱਤੇ ਕਬਜ਼ਾ ਕੀਤਾ ਹੈ ਅਤੇ ਇਹੋ ਨੀਤੀ ਅਪਣਾ ਕੇ ਇਨ੍ਹਾਂ ਨੇ ਚੁਣ ਚੁਣ ਕੇ ਉਹ ਸਭ ਪੰਥ ਦਰਦੀ, ਐਡਹਾਕ ਅਕਾਲੀ ਦਲ ਵਿੱਚੋਂ ਕੱਢ ਬਾਹਰ ਕੀਤੇ ਹਨ, ਜਿਹੜੇ ਪੰਥ ਦੇ ਸਿਆਸੀ ਨਿਸ਼ਾਨੇ ਅਤੇ ਪੰਥਕ ਹਿੱਤਾਂ ਨੂੰ ਤਿਲਾਂਜਲੀ ਦੇਣ ਨੂੰ ਤਿਆਰ ਨਹੀਂ ਹੋਏ :

> ਸਬ ਹੋ ਚੁਕੇ ਹੈਂ ਉਸ ਬੁਤੇ ਕਾਫ਼ਰ-ਅਦਾ ਕੇ ਸਾਥ।
> ਰਹਿ ਜਾਏਂਗੇ ਰਸੂਲ ਹੀ ਬਸ ਅਬ ਖ਼ੁਦਾ ਕੇ ਸਾਥ।

ਜੇ ਕਹੋ ਕਿ ਐਡਹਾਕ ਅਕਾਲੀ ਦਲ ਵਿੱਚੋਂ ਤਾਂ ਕੋਈ ਮੈਂਬਰ ਕਾਨੂੰਨ ਅਨੁਸਾਰ ਕੱਢਿਆ ਹੀ ਨਹੀਂ ਜਾ ਸਕਦਾ, ਤਦ ਸੰਤ ਅਕਾਲੀ ਦਲ ਦੇ ਚਾਣਕਯ ਭਾਈ ਚੰਨਣ ਸਿੰਘ (ਛੋਟਾ ਸੰਤ) ਇਹ ਉੱਤਰ ਦਿੰਦੇ ਹਨ :

"ਭਾਈ, ਥੋਨੂੰ ਅੱਡਹਾਕ ਦਲ ਵਿੱਚੋਂ ਕਿਸੇਂ ਨਾ ਕੱਢੀਏ, ਤੁਸੀਂ ਅੱਡ ਹੋ ਕੇ ਤੁਰਦੇ ਹੋ, ਨਾਲ ਰਲ ਕੇ ਨਹੀਂ ਚੱਲਦੇ।"

> ਕਹਾ ਬੁਝਾਰਤਿ ਬੂਝੈ ਡੋਰਾ॥
> ਨਿਸਿ ਕਹੀਐ ਤਉ ਸਮਝੈ ਭੋਰਾ॥

ਇਹੋ (ਸੰਤ) ਚੰਨਣ ਸਿੰਘ ਜੀ ਸੰਨ 1970 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਸਿਰ ਉੱਤੇ ਚੁੱਕ ਕੇ ਸੁਰਿੰਦਰ ਸਿੰਘ ਕੈਰੋਂ ਕੋਲ ਸਹੁੰ ਖਾ ਗਏ ਸਨ ਕਿ ਜੇ ਉਹ ਅਕਾਲੀ ਵਜ਼ਾਰਤ ਵਿਰੁੱਧ ਵੋਟ ਨਾ ਪਾਉਣ ਤਾਂ ਉਨ੍ਹਾਂ ਨੂੰ ਝੰਡੀ ਵਾਲੀ ਕਾਰ ਬਖ਼ਸ਼ ਦਿੱਤੀ ਜਾਵੇਗੀ। ਪਰ ਜਦੋਂ ਕੰਮ ਨਿਕਲ ਗਿਆ ਤਦ ਸਾਫ਼ ਮੁੱਕਰ ਗਏ :

> ਨਰਕ ਘੋਰ ਬਹੁ ਦੂਖ ਘਣੇ ਅਕਿਰਤਘਣਾ ਕਾ ਥਾਨੁ॥
> ਤਿਨਿ ਪ੍ਰਭਿ ਮਾਰੇ ਨਾਨਕਾ ਹੋਇ ਹੋਇ ਮੁਏ ਹਰਾਮੁ॥

'ਸੂਬਾਈ ਖ਼ੁਦਮੁਖ਼ਤਾਰੀ' ਦਾ ਮਤਾ ਸੰਤ ਅਕਾਲੀ ਦਲ ਦੇ ਸੰਨ 1968 ਵਿਚ ਆਪਣੀ ਬਟਾਲਾ ਕਾਨਫ਼ਰੰਸ ਉੱਤੇ ਪਾਸ ਕੀਤਾ ਸੀ। ਸ: ਗੁਰਨਾਮ ਸਿੰਘ, ਜੱਜ ਸਾਹਿਬ, ਉਦੋਂ ਨਵੀਂ ਨਵੀਂ ਮਿੱਤਰਤਾ ਡੀ.ਐਮ.ਕੇ. ਵਾਲਿਆਂ ਨਾਲ ਪਾ ਕੇ ਆਏਂ ਸਨ, ਜਿਥੇ ਮਦਰਾਸ ਵਿਚ ਕਿ ਉਹ ਉਦੋਂ ਹੀ ਗਵਰਨਰ ਬਣ ਕੇ ਲੱਗਣ ਦੀ ਲਾਲਸਾ ਰੱਖਦੇ ਸਨ। ਡੀ.ਐਮ.ਕੇ. ਵਾਲਿਆਂ ਨੇ 'ਸੂਬਾਈ ਖ਼ੁਦਮੁਖ਼ਤਾਰੀ' ਦੀ ਮੰਗ ਕੀਤੀ ਹੋਈ ਸੀ ਅਤੇ ਕਿਸੇ ਹੋਰ ਪਾਸਿਉਂ ਇਸ ਮੰਗ ਦੀ ਹਿਮਾਇਤ ਉਹ ਲੋੜਦੇ ਸਨ, ਜੋ ਗੁਰਨਾਮ ਸਿੰਘ ਜੀ ਨੇ ਆਪਣੇ ਨਿੱਜੀ ਨੀਤੀ ਵਿਚਾਰ ਕੇ ਉਨ੍ਹਾਂ ਨੂੰ ਲੈ ਦਿੱਤੀ। ਸੰਤ ਦਲੀਆਂ ਦੀ ਇਹ ਧਿਰਕੀ ਪੱਕੀ ਬਣ ਚੁੱਕੀ ਹੈ ਕਿ 'ਸਿੱਖੀ' 'ਪੰਥ' ਦਾ ਨਾਮ ਤੇ ਰੂਪ ਦੋਵੇਂ

ਸਿੱਖਾਂ ਦੀ ਸਿਆਸਤ ਵਿੱਚੋਂ ਕੱਢ ਦੇਣੇ ਹਨ। ਇਉਂ ਉਨ੍ਹਾਂ ਨੇ ਵੀ ਬਟਾਲੇ 'ਖ਼ੁਦਮੁਖ਼ਤਾਰ ਸੂਬਾ' ਦੀ ਮੰਗ ਕਰ ਦਿੱਤੀ। ਸੋਚਿਆ ਕਿਸੇ ਨੇ ਨਹੀਂ ਕਿ 'ਸੂਬਾਈ ਖ਼ੁਦਮੁਖ਼ਤਾਰੀ' ਮਿਲਣ ਨਾਲ ਪੰਜਾਬ ਅਤੇ ਪੰਜਾਬੋਂ ਬਾਹਰ ਰਹਿੰਦੇ ਸਿੱਖਾਂ ਦੀ ਕੀ ਦੁਰ-ਦਸ਼ਾ ਹੋ ਸਕਦੀ ਹੈ ਅਤੇ ਪੰਥ ਨੂੰ ਕੀ ਹਾਣ-ਲਾਭ ਹੋ ਸਕਦਾ ਹੈ। ਇਹ ਤਾਂ ਹੁਣ ਸਪੱਸ਼ਟ ਹੋ ਹੀ ਗਿਆ ਹੈ ਕਿ 'ਸੂਬਾਈ ਖ਼ੁਦਮੁਖ਼ਤਾਰੀ' ਆਉਣ ਉੱਤੇ ਪੰਜਾਬ ਵਿਚ ਰਾਜਸੀ ਸ਼ਕਤੀ ਉਨ੍ਹਾਂ ਦੇ ਹੱਥਾਂ ਵਿਚ ਹੀ ਜਾ ਸਕਦੀ ਹੈ, ਜਿਨ੍ਹਾਂ ਨੂੰ ਨਾ ਸਿੱਖੀ ਨਾਲ ਕੋਈ ਬੱਝਵੀਂ ਪਕੜ ਹੈ ਅਤੇ ਨਾ ਪੰਥ ਵੱਲ ਕੋਈ ਜ਼ੁੰਮੇਵਾਰੀ, ਜਿਵੇਂ ਕਿ ਹੁਣ ਪੰਜਾਬੀ ਸੂਬੇ ਵਿਚ ਹੋ ਗਿਆ ਹੈ। ਹੁਣ ਦੀ ਪੰਜਾਬੀ ਸੂਬੀ ਨਾਲੋਂ ਸਿੱਖੀ ਤੇ ਪੰਥ ਦੇ ਦ੍ਰਿਸ਼ਟੀਕੋਣ ਤੋਂ ਫ਼ਰੀਦਾਬਾਦ ਤੋਂ ਸਪਿੱਤੀ ਲਾਹੌਲ ਵਾਲਾ ਪੰਜਾਬ ਕਿਤੇ ਚੰਗੇਰਾ ਸੀ, ਇਸ ਲਈ ਕੋਈ ਵਿਚਾਰਵਾਨ ਕਿੰਤੂ ਨਹੀਂ ਕਰ ਸਕਦਾ। 'ਸੂਬਾਈ ਖ਼ੁਦਮੁਖ਼ਤਾਰੀ' ਨਾਲੋਂ ਹੁਣ ਦੇ ਅਧਿਕਾਰਾਂ ਵਾਲਾ ਪੰਜਾਬੀ ਸੂਬਾ, ਸਿੱਖੀ ਤੇ ਪੰਥ ਲਈ, ਕਿਤੇ ਵੱਧ ਲਾਭਕਾਰੀ ਹੈ, ਇਹ ਸਮਝਣਾ ਭੀ ਕਠਿਨ ਨਹੀਂ। ਨੁਕਤਾ ਇਹ ਹੈ ਕਿ ਜਿਤਨਾ ਚਿਰ ਸਿੱਖਾਂ ਦੀ ਇਸ ਪਿਤ੍ਰੀਭੂਮੀ ਵਿਚ, ਰਾਜਸੀ ਸੱਤਾ ਦਾ ਵਿਧਾਨਿਕ ਆਧਾਰ ਸਿੱਖੀ ਤੇ ਸਿੱਖਾਂ ਦੇ ਵਿਸ਼ੇਸ਼ ਅਧਿਕਾਰਾਂ ਦੀ ਸੁਰੱਖਿਆ ਨਹੀਂ ਬਣਦਾ, ਉਤਨਾ ਚਿਰ ਸੂਬਾਈ ਅਧਿਕਾਰਾਂ ਦੀ ਤਲਵਾਰ ਜਿਤਨੀ ਤਿੱਖੀ ਹੋਵੇਗੀ, ਉਤਨਾ ਹੀ ਸਿੱਖਾਂ ਤੇ ਸਿੱਖੀ ਲਈ ਖ਼ਤਰੇ ਤੇ ਸੰਕਟ ਦਾ ਕਾਰਣ ਬਣੇਗੀ। ਜਿਉਂ-ਜਿਉਂ ਸੂਬੇ ਵਧੇਰੇ ਸ਼ਕਤੀਸ਼ਾਲੀ ਬਣਦੇ ਜਾਣਗੇ, ਕੇਂਦਰ ਨਿਰਬਲ ਹੁੰਦਾ ਜਾਵੇਗਾ, ਜਿਸ ਦਾ ਸਿੱਖਾਂ ਨੂੰ ਦੂਹਰਾ ਨੁਕਸਾਨ ਹੈ। ਦੇਸ਼ ਦੀ ਕੇਂਦ੍ਰਿਤ ਸ਼ਕਤੀ ਤੇ ਘਟਣ ਨਾਲ ਦੇਸ਼ ਦਾ ਗੌਰਵ ਤੇ ਕੌਮਾਂਤਰੀ ਪ੍ਰਭਾਵ ਘਟਦਾ ਹੈ ਅਤੇ ਕੋਈ ਸੋਝੀਵਾਨ ਸਿੱਖ, ਦੇਸ਼ ਲਈ ਇਉਂ ਸੋਚ ਯਾ ਸਹਿ ਨਹੀਂ ਸਕਦਾ।

ਇਹ ਦੂਜਾ ਨੁਕਸਾਨ ਸਿੱਖਾਂ ਦਾ, 'ਸੂਬਾਈ ਖ਼ੁਦਮੁਖ਼ਤਾਰੀ' ਦੀ ਮੰਗ ਦੇ ਪ੍ਰਵਾਨ ਹੋਣ ਨਾਲ ਹੋਵੇਗਾ।

ਤੀਜਾ ਤੇ ਗੰਭੀਰ ਨੁਕਸਾਨ ਸਿੱਖਾਂ ਦਾ, 'ਸੂਬਾਈ ਖ਼ੁਦਮੁਖ਼ਤਾਰੀ' ਦੀ ਸਥਾਪਨਾ ਨਾਲ ਇਹ ਹੋਵੇਗਾ ਕਿ ਜਦੋਂ ਭਾਰਤ ਦੇ ਉਹ ਪ੍ਰਦੇਸ਼, ਜਿਨ੍ਹਾਂ ਵਿਚ ਪੰਜਾਬੋਂ ਬਾਹਰ ਸਿੱਖ ਵੱਸਦੇ ਹਨ, ਆਪ-ਹੁਦਰੇ ਤੇ ਖ਼ੁਦਮੁਖ਼ਤਾਰ ਹੋ ਗਏ, ਤਦ ਪੰਜਾਬੋਂ ਬਾਹਰ ਵੱਸਦੇ ਸਿੱਖਾਂ ਉੱਤੇ ਸਖ਼ਤੀ, ਤੱਦੀ ਤੇ ਵਿਤਕਰਾ ਹੋਰ ਤੀਖਣ ਹੋ ਜਾਏਗਾ। ਪਿਛਲੇਰੇ ਪੰਝੀ ਵਰ੍ਹਿਆਂ ਦਾ ਤਜਰਬਾ ਦੱਸਦਾ ਹੈ ਕਿ ਇਸ ਰਚੀ ਦੇ ਘਟਣ ਦੀ ਕੋਈ ਆਸ ਨਹੀਂ।

ਦੇਸ਼ ਦੀ ਵੰਡ ਦੇ ਪਿੱਛੋਂ, ਸਿੱਖਾਂ ਨੇ ਤਰਾਈ ਦੇ ਉਨ੍ਹਾਂ ਭੀਹਾਵਲੇ ਜੰਗਲਾਂ ਨੂੰ ਸਾਫ਼ ਕਰ ਦਿਖਾਇਆ ਸੀ, ਜਿਹੜੇ ਪਿਛਲੇ ਤਿੰਨ ਹਜ਼ਾਰ ਵਰ੍ਹਿਆਂ ਤੋਂ ਸ਼ੇਰਾਂ, ਹਾਥੀਆਂ ਮੱਛਰਾਂ ਆਦਿ ਬਿਸੀਅਰ ਜੀਵਾਂ ਕੀਟਾਣੂਆਂ ਦੇ ਦੇਸ ਬਣੇ ਹੋਏ ਸਨ। ਪਰ ਜਦ ਇਹ ਇਲਾਕਾ ਧਨ ਤੇ ਖੇਤੀ ਉਪਜਾਊ ਹੋ ਗਿਆ ਤਾਂ ਉੱਤਰ ਪ੍ਰਦੇਸ਼ ਦੇ ਪੂਰਬੀਆਂ ਦੀ ਕਾਂਗਰਸੀ ਹਕੂਮਤ ਨੇ, ਸਿੱਖਾਂ ਨੂੰ ਇਸ ਨਰਕੋਂ ਸੁਰਗ ਬਣਾਏ ਹੋਏ ਧਾਮ ਵਿੱਚੋਂ ਖ਼ਾਰਜ ਕਰ ਕੇ ਹੀ ਸਾਹ ਲਿਆ। ਸ੍ਰੀ ਚਰਨ ਸਿੰਹੁ ਮਾਲ ਮੰਤਰੀ ਨੇ ਸੰਨ 1970 ਵਿਚ ਉੱਤਰ ਪ੍ਰਦੇਸ਼ ਦੀ ਵਿਧਾਨ ਸਭਾ ਵਿਚ ਬਚਨ ਕੀਤੇ ਸਨ :

"ਯਹ ਤਰਾਈ ਕਾ ਦੇਸ਼ ਹਜ਼ਾਰੋਂ ਵਰਸ਼ੋਂ ਸੇ ਮਹਾਨ ਸੁੰਦਰ ਵਣ ਕੇ ਰੂਪ ਮੇਂ, ਪ੍ਰਸਤੁਤ ਰਹਾ ਹੈ। ਪ੍ਰੰਤੂ ਅਬ ਇਸਮੇਂ ਬਹੁਤ ਭਾਲੂ ਪ੍ਰਵੇਸ਼ ਕਰ ਗਏ ਹੈਂ, ਜਿਨਹੇਂ ਨਿਕਾਲਣਾ ਅਵੱਸ਼ ਹੋ ਗਇਆ ਹੈ।"[1]

ਇਹ 'ਭਾਲੂ' ਜਥੇਦਾਰ ਉਮਰਾਨੰਗਲ ਦੇ ਭਾਈਬੰਦ, ਪੰਜਾਬ ਦੇ ਉਜੜੇ ਹੋਏ ਸਿੱਖ ਹੀ ਸਨ ਤੇ ਹਨ।

ਪੱਛਮੀ ਬੰਗਾਲ ਵਿਚ ਕਾਂਗਰਸੀ ਸਰਕਾਰਾਂ ਚੁਣ ਚੁਣ ਕੇ ਗ਼ਰੀਬ ਟੈਕਸੀ ਡਰਾਈਵਰਾਂ ਨੂੰ ਤੰਗੀ ਦੇ ਕੇ ਬੰਗਾਲ ਵਿੱਚੋਂ ਖ਼ਾਰਜ ਕਰਨ 'ਤੇ ਤਤਪਰ ਚਲੀਆਂ ਆਉਂਦੀਆਂ ਹਨ।

ਇਸੇ ਪ੍ਰਕਾਰ ਦਾ ਵਾਤਾਵਰਨ ਭਾਰਤ ਦੇ ਸਾਰੇ ਰਾਜਾਂ ਵਿਚ ਸਿੱਖਾਂ ਦੇ ਵਿਰੁੱਧ ਖ਼ਾਸ ਕਰਕੇ ਅਤੇ ਦੂਜੇ ਸੂਬੇ ਵਾਲਿਆਂ ਦੇ ਵਿਰੁੱਧ ਆਮ ਕਰਕੇ ਜਿਵੇਂ ਕਿ ਮਹਾਰਾਸ਼ਟਰ ਵਿਚ ਗੁਜਰਾਤੀਆਂ ਵਿਰੁੱਧ ਮੌਜੂਦ ਹੈ ਅਤੇ ਜਿਉਂ ਜਿਉਂ 'ਸੂਬਿਆਂ' ਦੇ ਅਧਿਕਾਰਾਂ ਦਾ ਖੇਤਰ ਵਧਦਾ ਜਾਏਗਾ, ਇਹ ਰੁਚੀ ਸਿੱਖਾਂ ਨੂੰ ਖ਼ਾਸ ਹਾਨੀ ਪੁਚਾਏਗੀ ਅਤੇ ਹਿੰਦੁਸਤਾਨੀ ਕੌਮੀਅਤ ਨੂੰ ਭੀ ਦ੍ਰਿੜ੍ਹ ਨਹੀਂ ਹੋਣ ਦੇਵੇਗੀ। ਸਿੱਖ ਖ਼ਾਸ ਤੌਰ 'ਤੇ ਆਪਣੇ ਘਰੋਂ ਬਾਹਰ ਜਾ ਕੇ ਰੋਜ਼ੀ ਕਮਾਉਣ 'ਤੇ ਤੱਤਪਰ ਰਹਿੰਦੇ ਹਨ। ਇਸ ਲਈ 'ਸੂਬਾਈ ਖ਼ੁਦਮੁਖ਼ਤਾਰੀ' ਦੀ ਤਲਵਾਰ, ਵਿਸ਼ੇਸ਼ ਕਰਕੇ ਸਿੱਖਾਂ ਲਈ ਹੀ ਹਾਨੀਕਾਰਕ ਹੋਵੇਗੀ।

ਸਿੱਖਾਂ ਵਿਰੁੱਧ ਅਜਿਹੇ ਵਿਤਕਰਿਆਂ ਦਾ ਇੱਕੋ ਇਕ ਇਲਾਜ ਹੈ ਕਿ ਕੇਂਦਰ, ਅਥਵਾ ਦਿੱਲੀ ਦੀ ਹਕੂਮਤ ਸ਼ਕਤੀਸ਼ਾਲੀ ਬਣੀ ਰਹੇ ਅਤੇ ਜਦੋਂ, ਪੰਜਾਬੋਂ ਬਾਹਰ, ਸਿੱਖਾਂ ਨਾਲ ਧੱਕਾ ਹੋਵੇ, ਉਹ ਸਿੱਖਾਂ ਦੇ ਹੱਕਾਂ ਦੀ ਰੱਖਿਆ ਕਰਨ ਦੇ ਸਮਰੱਥ ਹੋਵੇ। ਪੰਜਾਬ ਵਿਚ ਅਜਿਹੀ ਸਿਆਸੀ ਰਾਜ-ਬਣਤਰ ਦੀ ਲੋੜ ਹੈ, ਜਿਹੜੀ ਸਿੱਖੀ ਤੇ ਸਿੱਖਾਂ ਦੇ ਗੌਰਵ ਦੀ ਰੱਖਿਆ ਲਈ ਵਿਧਾਨ-ਬੱਧ ਹੋਵੇ ਅਤੇ ਜਿਹੜੀ ਦਿੱਲੀ ਦੀ ਸਰਕਾਰ ਨੂੰ ਅਜਿਹਾ ਭਰਪੂਰ ਤੇ ਨਿੱਗਰ ਸਹਿਯੋਗ ਦੇਵੇ, ਜਿਸ ਕਾਰਨ ਦਿੱਲੀ ਦੀ ਸਰਕਾਰ, ਪੰਜਾਬੋਂ ਬਾਹਰ ਵੱਸਦੇ ਸਿੱਖਾਂ ਦੇ ਹੱਕ-ਹਕੂਕ ਦੀ ਰਖਵਾਲੀ ਨੂੰ ਸਮੁੱਚੇ ਦੇਸ਼ ਦੇ ਹਿੱਤਾਂ ਲਈ ਜ਼ਰੂਰੀ ਸਮਝੇ।

ਇਹੋ, ਇਕ ਰਾਹ ਸਿੱਖੀ ਦੀ ਰਖਵਾਲੀ ਤੇ ਪੰਥ ਦੀ ਚੜ੍ਹਦੀ ਕਲਾ ਬਣਾਉਣ ਦਾ ਹੈ (1) ਪੰਜਾਬ ਵਿਚ ਸਿੱਖ ਹੋਮਲੈਂਡ ਦੀ ਸਥਾਪਤੀ ਅਤੇ ਪ੍ਰਾਪਤੀ; (2) ਦਿੱਲੀ ਵਿਚ ਸ਼ਕਤੀਸ਼ਾਲੀ ਕੇਂਦਰ; ਅਤੇ (3) ਸਿੱਖਾਂ ਦੇ ਦਿੱਲੀ ਦੀ ਸਰਕਾਰ ਅਤੇ ਦੇਸ਼ਵਾਸੀਆਂ ਨਾਲ ਅਜਿਹੇ ਪੀਡੇ ਤੇ ਭਰਪੂਰ ਸੰਬੰਧ ਜਿਹੜੇ ਸਿੱਖਾਂ ਦੀ ਰੱਖਿਆ ਨੂੰ ਦੇਸ਼ ਦੇ ਹਿੱਤਾਂ ਨਾਲ ਇਕਮਿਕ ਕਰਨ ਦੀ ਸਮਰੱਥਾ ਰੱਖਦੇ ਹੋਣ।

ਇਹ ਪ੍ਰਾਪਤੀਆਂ 'ਸੰਤ ਬਾਬਿਆਂ' ਅਤੇ ਉਨ੍ਹਾਂ ਦੀ ਭੈਰਉ-ਮੰਡਲੀ ਦੇ ਵੱਸ ਦਾ ਰੋਗ ਨਹੀਂ ਹੈ ਅਤੇ ਨਾ ਹੀ 'ਸੂਬਾਈ ਖ਼ੁਦਮੁਖ਼ਤਾਰੀ' ਅਤੇ 'ਹਓਮ ਲਿੰਡ ਨਹੀਂ ਲੈਣਾ ਹੈ' ਕਹਿਣ ਨਾਲ ਖ਼ਾਲਸੇ ਦਾ ਇਹ ਸਿਆਸੀ ਨਿਸ਼ਾਨਾ ਪੂਰਾ ਹੋ ਸਕਦਾ ਹੈ।

---

1. ਇਸੇ ਚਰਨ ਸਿੰਹੁ ਦੀ ਹਮਾਇਤ ਅਕਾਲੀਆਂ ਨੇ ਕੀਤੀ ਸੀ, ਪ੍ਰਧਾਨ ਮੰਤਰੀ ਬਣਨ ਵਾਸਤੇ। (ਸੰਪਾਦਕ)

ਇਹ ਪੰਥਕ ਨਿਸ਼ਾਨਾ ਤਦ ਪੂਰਾ ਹੋ ਸਕਦਾ ਹੈ ਜੇ:

1. ਸਿੱਖ ਆਪਣੇ ਇਤਿਹਾਸਕ ਗੁਰਧਾਮਾਂ ਆਦਿ ਦਾ ਪ੍ਰਬੰਧ, ਗੁਰਦੁਆਰਾ ਐਕਟ ਦਾ ਢਾਂਚਾ ਬਦਲ ਕੇ, ਬੁਰਛਿਆਂ ਦੇ ਹੱਥੋਂ ਖੋਹ ਕੇ, ਸੁਯੋਗ, ਗੁਰਮੁਖ ਸਿੱਖਾਂ ਨੂੰ ਸੌਂਪਣ ਦਾ ਬਾਨ੍ਹਣੂ ਬੰਨ੍ਹਣ।

2. ਸਿੱਖ ਸਿਆਸਤ ਨੂੰ ਗੁਰਦੁਆਰਾ-ਗੋਲਕ ਕੇਂਦਰ ਤੋਂ ਵੱਖਰਿਆਂ ਕੀਤਾ ਜਾਵੇ।

3. ਪੰਥ ਦਾ ਸਿਆਸੀ ਨੇਤ੍ਰਤਵ, ਅੱਜਕੱਲ ਦੇ ਸਮੇਂ ਦੀ ਵਿੱਦਿਆ ਵਿਚ ਨਿਪੁੰਨ, ਆਧੁਨਿਕ ਸੂਝ-ਬੂਝ ਦੇ ਧਾਰਨੀ, ਰਾਜਸੀ ਖੇਹਲ ਨੂੰ ਸਮਝਣ ਵਾਲੇ, ਪੰਥ ਹਿਤੈਸ਼ੀ ਸਿੱਖਾਂ ਦੇ ਸਪੁਰਦ ਕੀਤਾ ਜਾਵੇ ਅਤੇ 'ਜਥੇਦਾਰਾਂ', 'ਸੰਤਾਂ ਬਾਬਿਆਂ' ਨੂੰ ਪੰਥ ਦੀ ਸਿਆਸੀ ਪਿੱਠ ਤੋਂ ਲਾਹ ਸੁੱਟਿਆ ਜਾਵੇ।[1]

4. ਪੰਜਾਬ ਨੂੰ ਵਡੇਰਾ ਕਰਕੇ, ਇਸ ਵਿਚ ਅਜਿਹਾ ਰਾਜਸੀ ਤੇ ਵਿਧਾਨਕ ਢਾਂਚਾ ਚਾਲੂ ਕੀਤਾ ਜਾਵੇ, ਜਿਸ ਦਾ ਬੁਨਿਆਦੀ ਫ਼ਰਜ਼ ਸਿੱਖਾਂ ਤੇ ਸਿੱਖੀ ਦੇ ਹੱਕਾਂ ਦੀ ਰਾਖੀ ਧਰਮ-ਨਿਰਪੱਖਤਾ ਦੇ ਹਾਸ਼ੀਏ ਵਿਚ ਰਹਿ ਕੇ ਕਰਨਾ ਹੋਵੇ।

5. ਕੇਂਦਰ ਅਥਵਾ ਦਿੱਲੀ ਦੀ ਹਕੂਮਤ ਸ਼ਕਤੀਸ਼ਾਲੀ ਹੋਵੇ ਅਤੇ ਸਿੱਖਾਂ ਦੀ ਅਤੇ ਬਾਕੀ ਹਿੰਦੁਸਤਾਨੀਆਂ ਦੇ ਹੱਕਾਂ ਦੀ ਰਾਖੀ, ਦੇਸ਼ ਦੇ ਕੋਨੇ ਕੋਨੇ ਵਿਚ ਕਰਨ ਦੇ ਸਮਰੱਥ ਹੋਵੇ।

6. ਪੰਥ ਦੀ ਸਿਆਸਤ ਅਤੇ ਸਿੱਖਾਂ ਦਾ ਕਿਰਦਾਰ ਇਸ ਪੱਧਤੀ ਦਾ ਹੋਵੇ ਕਿ ਦੇਸ਼ ਵਾਸੀ ਆਮ ਤੌਰ 'ਤੇ ਅਤੇ ਦਿੱਲੀ ਦੀ ਸਰਕਾਰ ਖ਼ਾਸ ਤੌਰ 'ਤੇ, ਸਿੱਖਾਂ ਤੇ ਸਿੱਖੀ ਦੀ ਸੁਰੱਖਿਆ ਤੇ ਪ੍ਰਫੁੱਲਤਾ ਲਈ ਮਜਬੂਰ ਤੇ ਪ੍ਰੇਰਿਤ ਰਹਿਣ।

ਇਹ ਮਹਾਨ ਪ੍ਰਗਤੀ, ਸਿੱਖਾਂ ਦੇ ਮਾਮਲਿਆਂ ਵਿਚ, ਅੱਜ ਦੀ ਨਿੱਘਰੀ ਹੋਈ ਦਸ਼ਾ ਵਿਚ, ਬਿਨਾਂ ਗੁਰੂ ਦੀ ਕ੍ਰਿਪਾ ਦੇ ਹੋ ਨਹੀਂ ਸਕਦੀ। 'ਸਤਿਗੁਰ ਬਾਝੌਂ ਕੋ ਨਹੀਂ ਭੈ ਕਟਣਹਾਰਾ॥' ਅਤੇ ਇਹ ਪ੍ਰਗਤੀ ਅੱਜ ਜਾਂ ਕੱਲ ਆਵੱਸ਼ ਆਏਗੀ, ਕਿਉਂਕਿ ਸਿੱਖੀ ਦੇ ਕਲਪ-ਬਿਰਖ ਰੂਪੀ ਸੰਘ ਨੇ ਧਰਮ ਦੀ ਰਾਖੀ ਤੇ ਦੇਸ਼, ਸੰਸਾਰ ਦੀ ਸੇਵਾ, ਅਕਾਲ ਪੁਰਖ ਦੇ ਹੁਕਮ ਵਿਚ ਕਰਨੀ ਹੈ ਅਤੇ ਆਵੱਸ਼ ਕਰਨੀ ਹੈ ਅਤੇ ਕੋਈ ਉਜੱਡ, ਦੋਖੀ, ਸਿੱਖੀ ਤੇ ਖ਼ਾਲਸੇ ਨੂੰ ਪ੍ਰਾਜੈ ਕਰ ਨਹੀਂ ਸਕੇਗਾ:

> **ਸਤਿਗੁਰੁ ਅਸਥਿਰ ਕਰ ਦੀਨੇ ਘਰਬਾਰ॥**
> **ਜੋ ਜੋ ਨਿੰਦ ਕਰੇ ਇਨ ਗ੍ਰਹਿਨ ਕੀ, ਤਿੰਨ ਆਗੇ ਹੀ ਮਾਰੇ ਕਰਤਾਰ॥**

ਮਤ ਕੋਈ ਸਮਝੇ ਕਿ ਸੈਕੂਲਰ ਰਾਜਸੀ ਸੰਜੋਅ ਪਹਿਨ ਕੇ ਹਿੰਦੁਸਤਾਨ ਦੀ ਬਹੁ-ਸੰਖਿਆ ਜਾਤੀ ਦਾ ਗ਼ਲਬਾ ਹੁਣ ਸਦਾ ਲਈ ਪੱਕਾ ਹੋ ਗਿਆ ਹੈ! ਸਿੱਖੀ ਸਿਦਕ, ਧੀਰਜ ਅਤੇ ਕਰਮ ਕੌਸ਼ਲ ਬੁੱਧੀ-ਰੂਪੀ ਬਰਛੇ ਨਾਲ ਪੰਥ ਹਰ ਪ੍ਰਕਾਰ ਦੀ ਬਿਖਮਤਾ ਅਤੇ ਸ਼ਤ੍ਰੁਰਤਾ ਦਾ ਮੁਕਾਬਲਾ ਕਰਨ ਦੇ ਸਮਰਥ ਹੈ। ਜਰਮਨੀ ਦੇ ਸਮਰਾਟ ਮਹਾਂ

---

1. ਸੰਤ ਬਾਬੇ ਹੁਣ ਗੁਰੂ ਨੇ ਆਪ ਹੀ ਸੰਨ 1972 ਦੇ ਅੰਤ ਵਿਚ ਪੰਥ ਦੀ ਪਿੱਠ ਉੱਤੋਂ ਲਾਹ ਸੁੱਟੇ ਹਨ। —ਪ੍ਰਕਾਸ਼ਕ (ਗੁਰਬਚਨ ਸਿੰਘ ਕਲਸੀ, ਐਮ.ਏ. ਜਨਰਲ ਸਕੱਤਰ, ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ, ਅੰਮ੍ਰਿਤਸਰ)

ਫ਼ਰੈਡਰਿਕ (Frederick, the Great) ਨੇ ਮਹਾਮਾਤ੍ਰ ਮਾਰਕੂਈ ਅਰਿਯਨ (Marquis d' Argens) ਨੂੰ ਪੁੱਛਿਆ ਸੀ, "ਕੋਈ ਇਕ ਦਲੀਲ, ਜਿਹੜੀ ਅਕੱਟ ਤੇ ਕਤਈ ਹੋਵੇ, ਮੈਨੂੰ ਰੱਬ ਦੀ ਹਸਤੀ ਬਾਰੇ ਦੱਸੋ।" ਉੱਤਰ ਸੀ, "ਮਹਾਰਾਜ ਅਧਿਰਾਜ, ਯਹੂਦੀ ਕੌਮ।"

ਸਿੱਖ ਪੰਥ ਦੀ ਉਤਪਤੀ ਦੇ ਹੋਂਦ ਅਕੱਟ ਤੇ ਕਤਈ ਦਲੀਲ ਇਸ ਗੱਲ ਦੀ ਹੈ ਕਿ ਸ਼ਰਧਾ ਅਤੇ ਧਰਮ ਦੀ ਲੋਅ, ਕਿਸੇ ਅਸੁਰੀ ਬਲ, ਧੱਕੇ ਤੇ ਕੁਟਲ ਖੜਯੰਤ੍ਰ ਦੁਆਰਾ ਬੁਝਾਈ ਨਹੀਂ ਜਾ ਸਕਦੀ।

ਮਤ ਕੋਈ ਘਬਰਾਵੇ, ਕਿ ਹੁਣ ਸੰਤ ਜੁੰਡਲੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਪਿੰਜਰ ਉੱਤੇ ਪੱਕਾ ਕਬਜ਼ਾ ਕਰ ਲਿਆ ਹੈ, ਸਿੱਖਾਂ ਦੀ ਸਿਆਸਤ ਵਿੱਚੋਂ, ਇਨ੍ਹਾਂ ਨੇ ਪੰਥਕ ਜਜ਼ਬਾ ਤੇ ਸਿੱਖੀ ਨਿਸ਼ਾਨੇ ਖ਼ਾਰਜ ਕਰ ਦਿੱਤੇ ਹਨ, ਗੁਰਦੁਆਰਿਆਂ ਦੀਆਂ ਗੋਲਕਾਂ ਤੇ ਪਲੇਟਫ਼ਾਰਮਾਂ ਉੱਤੇ ਅਸਿੱਖੀ ਰੁਚੀਆਂ ਦਾ ਫ਼ੌਲਾਦੀ ਪੰਜਾ ਜਮਾ ਲਿਆ ਹੈ ਅਤੇ ਸਿੱਖ ਰਾਜਨੀਤੀ ਦੇ ਖੇਤ੍ਰ ਵਿੱਚੋਂ, ਚੁਣ ਚੁਣ ਕੇ, ਪੰਥ ਤੇ ਸਿੱਖੀ ਲਈ ਹਾਅ ਦਾ ਨਾਅਰਾ ਮਾਰਨ ਵਾਲੇ ਅਤੇ ਆਧੁਨਿਕ ਰਾਜਨੀਤੀ ਅਤੇ ਸਿਆਸੀ ਦੁਨੀਆ ਨੂੰ ਸਮਝਣ ਵਾਲੇ, ਕੱਢ ਕੇ ਨੁੱਕਰੇ ਲਾ ਦਿੱਤੇ ਹਨ। ਹੁਣ ਸਿੱਖੀ ਤੇ ਪੰਥ ਦੇ ਨਾਮ ਉੱਤੇ ਕੋਈ ਰਾਜਨੀਤੀ ਤੇ ਸੰਗਰਾਮ ਚੱਲ ਨਹੀਂ ਸਕੇਗਾ! ਅਜਿਹਾ ਸੋਚਣਾ ਠੀਕ ਨਹੀਂ ਹੋਵੇਗਾ। ਸੰਨ 1606 ਤੋਂ ਸੰਨ 1717 ਤਕ, ਸਿੱਖੀ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ ਵਿਚ ਗੁਰੂ ਤੇ ਖ਼ਾਲਸੇ ਨੂੰ ਦਾਖ਼ਲ ਨਹੀਂ ਹੋਣ ਦਿੱਤਾ ਗਿਆ ਸੀ ਅਤੇ ਪੂਰੇ 70-72 ਸਾਲ ਸੰਤ ਜੁੰਡਲੀ ਦੇ ਆਤਮਿਕ ਪਿਤਾਮਿਆਂ, ਧੀਰਮੱਲੀਆਂ ਦਾ ਕਬਜ਼ਾ ਏਥੇ ਰਿਹਾ ਸੀ। 'ਹਿੰਦ ਦੀ ਚਾਦਰ' ਗੁਰੂ ਤੇਗ ਬਹਾਦਰ ਨੂੰ ਹਰਿਮੰਦਰ ਸਾਹਿਬ ਦੇ ਅੰਦਰ ਨਹੀਂ ਸੀ ਵੜਨ ਦਿੱਤਾ ਗਿਆ। ਪੰਥ ਦੇ ਵਾਲੀ, ਸਾਹਿਬ ਦਸਮ ਪਾਤਿਸ਼ਾਹ ਦਾ ਸੰਬੰਧ, 'ਸੌ ਸਾਖੀ' ਅਨੁਸਾਰ, ਹਰਿਮੰਦਰ ਸਾਹਿਬ ਨਾਲ ਇਤਨਾ ਹੀ ਰਿਹਾ : 'ਹਮ ਭੀ ਸੁਧਾਸਰ ਜਾਵਨੇ ਦੀ ਭਾਵਨੀ ਰਾਖਤੇ ਹੈਂ।' ਇਥੇ ਧੀਰਮੱਲੀਆਂ ਗੁਰੂ, ਹਰਜੀ, ਗੱਦੀ ਉੱਤੇ ਬੈਠ ਕੇ, ਕਾਬਲ ਤੋਂ ਦਿੱਲੀ ਤਕ ਆਪਣੇ ਮਸੰਦ ਭੇਜ ਕੇ, ਭੰਬਲ-ਭੂਸਿਆਂ ਵਿਚ ਪਏ ਹੋਏ ਸਿੱਖਾਂ ਕੋਲੋਂ ਕਾਰ ਭੇਟ ਉਗਰਾਹੁੰਦਾ ਰਿਹਾ ਸੀ ਅਤੇ ਉਸ ਦੇ ਢਾਡੀ ਸਾਰੇ ਦੇਸ਼ ਵਿਚ ਗਾਉਂਦੇ ਫਿਰਦੇ ਸਨ : 'ਹੂੰ, ਹਾਂ, ਕਿ ਹਰਜੀ ਹਾਂ, ਮੈਂ ਦਰਸਣ ਅੰਮ੍ਰਿਤਸਰ ਦੇ ਜਾਂ, ਮੇਰਾ ਮਨ ਲੋਚਦਾ।'

ਕਿਥੇ ਹੈ, ਗੁਰੂ ਹਰਜੀ ਅਤੇ ਕਿਥੇ ਗਏ ਉਸ ਦੇ ਮਸੰਦ, 'ਹੂੰ, ਹਾਂ ਕਿ ਹਰਜੀ, ਹਾਂ,' 'ਸੰਤ ਬਾਬਾ ਜ਼ਿੰਦਾਬਾਦ,' 'ਅਸੀਂ ਸਾਰੇ ਧਿਕਾਰ ਸੰਤ ਬਾਬਾ ਜੀ ਨੂੰ ਸੌਂਪਦੇ ਹਾਂ ?'

ਇਹ ਬਿਖਮਤਾ ਸਦਾ ਨਹੀਂ ਰਹਿਣੀ ਅਤੇ ਅੰਤ ਨੂੰ ਆਕੀ ਖ਼ੁਆਰ ਹੋਣਗੇ ਤੇ ਬੋਲਬਾਲੇ ਖ਼ਾਲਸੇ ਦੇ ਹੋਣਗੇ। ਪੰਥ ਗੁਰੂ ਦਾ ਆਸਰਾ ਲੈ ਕੇ ਮੁੜ ਜਥੇਬੰਦ ਹੋਵੇ, ਆਪਣੀ ਸਿਆਸਤ ਦੀ ਠੀਕ ਰੂਪ-ਰੇਖਾ ਬਾਬਤ ਸਾਵਧਾਨ ਹੋਵੇ, ਦੇਸ਼ਵਾਸੀਆਂ ਨੂੰ ਦ੍ਰਿੜ੍ਹ ਵਿਸ਼ਵਾਸ ਦਿਵਾਉਣ ਦਾ ਭਰਪੂਰ ਯਤਨ ਕਰੇ, ਕਿ ਸਿੱਖ ਦੇਸ਼ ਦੀ ਅਖੰਡਤਾ ਨੂੰ ਭੰਗ ਕਰਨਾ ਨਹੀਂ ਲੋਚਦੇ, ਇਸ ਦੀ ਰੱਖਿਆ ਦੇ ਮੁੱਦਈ ਹਨ, ਸਿੱਖ ਭਾਰਤੀ ਜਾਤੀ ਨੂੰ ਨਿਰਬਲ ਨਹੀਂ, ਸਬਲ ਬਣਾਉਣਾ ਲੋਚਦੇ ਹਨ ਅਤੇ ਸਿੱਖ ਨਾ ਤਾਂ ਮਰਨਾ ਚਾਹੁੰਦੇ ਹਨ ਅਤੇ ਨਾ ਆਪਣਾ ਆਤਮਿਕ ਵਿਅਕਤਿਤਵ ਤੇ ਰਾਜਸੀ ਪਦ-ਪਦਵੀ ਤਿਆਗਣਾ।

ਏਹੋ ਰਹੱਸ'ਤੇ ਨੁਕਤਾ ਸਿੱਖ ਹੋਮਲੈਂਡ ਦੀ ਸਥਾਪਤੀ ਦੀ ਮੰਗ ਵਿਚ ਪੋਸ਼ੀਦਾ ਹੈ, ਜਿਸ ਨੂੰ 'ਪੰਜਾਬੀ ਸੂਬਾ', 'ਪੰਜਾਬੀਅਤ' 'ਸੂਬਾਈ ਖ਼ੁਦਮੁਖ਼ਤਾਰੀ' ਰੂਪੀ ਧੂੰਏਂ ਦੇ ਬੱਦਲ ਛੁਪਾਉਣ ਤੇ ਵਿਨਾਸ਼ ਕਰਨ ਦੇ ਯਤਨ ਕਰ ਰਹੇ ਹਨ। ਇਸ ਰਮਜ਼ ਨੂੰ ਸਿੱਖੀ ਹਿਰਦਾ ਹੀ ਸਮਝ ਸਕਦਾ ਹੈ, ਸਿਆਸੀ ਜੁਆਰੀਏ ਤੇ ਸੌਦੇਬਾਜ਼ ਨਹੀਂ:

ਅੰਮ੍ਰਿਤ ਕੀ ਸਾਰ ਸੋਈ ਜਾਣੈ ਜਿ ਅੰਮ੍ਰਿਤ ਕਾ ਵਾਪਾਰੀ ਜੀਉ ॥

ਅਨੰਦਪੁਰ ਸਾਹਿਬ ਦਾ ਮਤਾ

ਜਦੋਂ ਕਿ ਭਾਰਤ ਦੇ ਸਿੱਖ, ਸਤਾਰ੍ਹਵੀਂ ਸਦੀ ਦੇ ਅੰਤਲੇ ਸਾਲਾਂ ਵਿਚ, ਖ਼ਾਲਸਾ ਪੰਥ ਦੀ ਸਾਜਣਾ ਦੇ ਸਮੇਂ ਤੋਂ ਹੀ ਇਤਿਹਾਸਕ ਤੌਰ 'ਤੇ ਇਕ ਰਾਜਨੀਤਕ ਕੌਮ ਵਜੋਂ ਤਸਲੀਮ ਕੀਤੇ ਗਏ ਹਨ; ਅਤੇ

ਜਦੋਂ ਕਿ ਸਿੱਖ ਕੌਮ ਦਾ ਇਹ ਰੁਤਬਾ, ਕੌਮਾਂਤਰੀ ਪੱਧਰ 'ਤੇ, ਯੂਰਪ ਅਤੇ ਏਸ਼ੀਆ ਦੀਆਂ ਪ੍ਰਮੁੱਖ ਸ਼ਕਤੀਆਂ, ਜਿਵੇਂ ਕਿ ਫ਼ਰਾਂਸ, ਇੰਗਲੈਂਡ, ਇਟਲੀ, ਰੂਸ, ਚੀਨ, ਤਿੱਬਤ, ਪਰਸ਼ੀਆ (ਈਰਾਨ), ਅਫ਼ਗਾਨਿਸਤਾਨ, ਨੇਪਾਲ ਅਤੇ ਕੰਪਨੀ ਬਹਾਦਰ, ਫੋਰਟ ਵਿਲੀਅਮ, ਕਲਕੱਤਾ ਵੱਲੋਂ ਉਨ੍ਹੀਵੀਂ ਸਦੀ ਦੇ ਅੱਧ ਤਕ ਅਤੇ ਫਿਰ ਮੁਲਕ ਛੱਡ ਕੇ ਜਾਂਦੇ ਫ਼ਰੰਗੀ, ਹਿੰਦੂ ਕਾਂਗਰਸ ਅਤੇ ਭਾਰਤੀ ਮੁਸਲਮ ਲੀਗ ਵੱਲੋਂ, ਵੀਹਵੀਂ ਸਦੀ ਦੇ ਅੱਧ ਵਿਚ, ਤਸਲੀਮ ਕੀਤਾ ਅਤੇ ਕਬੂਲਿਆ ਜਾ ਚੁੱਕਾ ਹੈ; ਅਤੇ

ਜਦੋਂ ਕਿ ਹਿੰਦੁਸਤਾਨ ਦੀ ਧੱਕੜ ਬਹੁ-ਗਿਣਤੀ ਨੇ 1950 ਵਿਚ ਮੁਲਕ 'ਤੇ ਇਕ ਅਜਿਹਾ ਸੰਵਿਧਾਨਕ ਇੰਤਜ਼ਾਮ ਠੋਸਿਆ, ਜਿਸ ਨੇ ਕਿ ਸਿੱਖਾਂ ਨੂੰ ਉਨ੍ਹਾਂ ਦੀ ਰਾਜਸੀ ਪਛਾਣ ਅਤੇ ਸਭਿਆਚਾਰਕ ਵਿਲੱਖਣਤਾ ਤੋਂ ਸੱਖਣੇ ਕਰ ਦਿੱਤਾ, ਇਸ ਤਰ੍ਹਾਂ ਸਿੱਖਾਂ ਨੂੰ ਰਾਜਸੀ ਤੌਰ 'ਤੇ ਖ਼ਤਮ ਕਰ ਕੇ ਅਤੇ ਉਨ੍ਹਾਂ ਨੂੰ ਆਤਮਿਕ ਅਤੇ ਸਭਿਆਚਾਰਕ ਗਿਰਾਵਟ ਦੇ ਕੰਢੇ ਲਿਆ ਕੇ, ਬੇਸਿਰ ਪੈਰੇ ਹਿੰਦੂ ਧਰਮ ਦੇ ਖਾਰੇ ਸਾਗਰ ਵਿਚ, ਹਰ ਹੀਲੇ ਡੁੱਬ ਜਾਣ ਅਤੇ ਸਦਾ ਲਈ ਤਬਾਹ ਹੋ ਜਾਣ ਦੀ ਨੌਬਤ ਤਕ ਲੈ ਆਂਦਾ ਹੈ; ਅਤੇ

ਜਦੋਂ ਕਿ ਸਿੱਖਾਂ ਨਾਲ ਪਹਿਲੋਂ ਕੀਤੇ ਸੰਜੀਦਾ ਇਕਰਾਰਨਾਮੇ ਅਤੇ ਸ਼ਰ੍ਹੇਆਮ ਕੀਤੇ ਵਾਅਦਿਆਂ ਨੂੰ ਬੇਲਿਹਾਜ਼ੀ ਨਾਲ ਤੋੜ ਕੇ, ਸਿੱਖਾਂ ਨੂੰ ਜਕੜ ਕੇ ਗ਼ੁਲਾਮ ਬਣਾ ਲਿਆ ਗਿਆ ਹੈ, ਜਦ ਕਿ 1950 ਵਿਚ, ਵਿਧਾਨ ਘਾੜਨੀ ਸਭਾ ਵਿਚ ਸਿੱਖਾਂ ਦੇ ਨੁਮਾਇੰਦਿਆਂ ਨੇ, ਅਜਿਹੇ ਸੰਵਿਧਾਨਕ ਇੰਤਜ਼ਾਮ ਨੂੰ, ਪ੍ਰਵਾਨ ਕਰਨ ਵਾਲੀ ਧਿਰ ਬਣਨ ਤੋਂ ਨਾਂਹ ਕਰ ਦਿੱਤੀ ਸੀ ਅਤੇ ਸੰਵਿਧਾਨ ਦੀ ਮੂਲ ਦਸਤਾਵੇਜ਼ ਉੱਤੇ ਆਪਣੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ। ਸ਼੍ਰੋਮਣੀ ਅਕਾਲੀ ਦਲ ਸਿੱਖਾਂ ਦੀ ਤਰਫ਼ੋਂ ਅਤੇ ਉਨ੍ਹਾਂ ਦੇ ਨਾਂ 'ਤੇ ਐਲਾਨ ਕਰਦਾ ਹੈ ਕਿ,

ਸਿੱਖ ਆਪਣੇ ਆਪ ਨੂੰ ਹਰ ਵਾਜਬ ਢੰਗ ਨਾਲ ਇਸ ਜ਼ਿੱਲਤ ਭਰੀ ਅਤੇ ਵਿਨਾਸ਼ਕਾਰੀ ਸਥਿਤੀ ਵਿੱਚੋਂ ਬਚਾਉਣ ਅਤੇ ਅਜ਼ਾਦ ਹੋਣ ਲਈ ਦ੍ਰਿੜ ਸੰਕਲਪ

ਹਨ, ਤਾਂ ਕਿ ਉਹ ਮਾਣ ਨਾਲ ਜੀਉਣ ਨੂੰ ਪੱਕੇ ਤੌਰ 'ਤੇ ਯਕੀਨੀ ਬਣਾ ਸਕਣ ਅਤੇ ਭਾਰਤ ਵਿਚ ਆਪਣੀ ਅਣਖ ਅਤੇ ਸੰਸਾਰ ਦੇ ਇਤਿਹਾਸ ਦੀ ਮੁੱਖ ਧਾਰਾ ਵਿਚ ਸਹੀ ਯੋਗਦਾਨ ਪਾ ਸਕਣ ਦੇ ਆਪਣੇ ਜਮਾਂਦਰੂ ਹੱਕ ਨੂੰ ਬਹਾਲ ਕਰ ਸਕਣ। ਇਸ ਲਈ,

ਸਿੱਖ ਮੰਗ ਕਰਦੇ ਹਨ, ਕਿ ਸਭ ਤੋਂ ਪਹਿਲਾਂ ਬਿਨਾਂ ਦੇਰ ਕੀਤਿਆਂ, ਭਾਰਤ ਦੇ ਉੱਤਰ ਵਿਚ ਇਕ ਖ਼ੁਦਮੁਖ਼ਤਿਆਰ ਖਿੱਤਾ ਕਾਇਮ ਕੀਤਾ ਜਾਵੇ, ਜਿਥੇ ਕਿ ਦੇਸ਼ ਦੀ ਬੁਨਿਆਦੀ ਨੀਤੀ ਵਜੋਂ, ਸਿੱਖ ਹਿੱਤਾਂ ਦੀ ਸੰਵਿਧਾਨਕ ਤੌਰ 'ਤੇ ਪ੍ਰਮੁੱਖ ਅਤੇ ਖ਼ਾਸ ਅਹਿਮੀਅਤ ਤਸਲੀਮ ਕੀਤੀ ਜਾਵੇ।

ਦੂਸਰਾ, ਇਸ ਖ਼ੁਦਮੁਖ਼ਤਾਰ ਖਿੱਤੇ ਵਿਚ ਮੌਜੂਦਾ ਭਾਰਤੀ, ਪੰਜਾਬ ਅਤੇ ਹਰਿਆਣਾ ਦੇ ਕਰਨਾਲ, ਥਨੇਸਰ ਅਤੇ ਅੰਬਾਲਾ ਜ਼ਿਲ੍ਹੇ, ਚੰਡੀਗੜ੍ਹ, ਹਿਮਾਚਲ ਦੇ ਕਾਂਗੜਾ ਜ਼ਿਲ੍ਹੇ ਦੇ ਸਮੇਤ, ਹਰਿਆਣਾ ਅਤੇ ਹਿਮਾਚਲ ਦੇ ਪਿੰਜੌਰ, ਕਾਲਕਾ, ਡਲਹੌਜ਼ੀ, ਨਾਲਾਗੜ੍ਹ ਦੇਸ਼ ਸਿਰਸਾ, ਗੂਹਲਾ ਅਤੇ ਰਤੀਆ ਇਲਾਕੇ ਅਤੇ ਰਾਜਸਥਾਨ ਦਾ ਗੰਗਾ ਨਗਰ ਜ਼ਿਲ੍ਹਾ ਤਾਂ ਜੁ ਸਿੱਖਾਂ ਦੀਆਂ, ਨਾਲੋ-ਨਾਲ ਲੱਗਦੀਆਂ, ਪ੍ਰਮੁੱਖ ਆਬਾਦੀਆਂ ਅਤੇ ਜੱਦੀ ਪੁਸ਼ਤੀ ਸਿੱਖ ਇਲਾਕੇ, ਭਾਰਤ ਦੇ ਅਟੁੱਟ ਹਿੱਸੇ ਵਜੋਂ ਇਹ ਖ਼ੁਦਮੁਖ਼ਤਿਆਰ ਸਿੱਖ ਖਿੱਤੇ ਵਿਚ ਸ਼ਾਮਲ ਕੀਤੇ ਜਾਣ ਅਤੇ

ਤੀਸਰਾ, ਇਸ ਖ਼ੁਦਮੁਖ਼ਤਿਆਰ ਸਿੱਖ ਖਿੱਤੇ ਨੂੰ, ਵਿਦੇਸ਼ੀ ਮਾਮਲੇ, ਸੁਰੱਖਿਆ, ਕਰੰਸੀ ਅਤੇ ਆਮ ਸੰਚਾਰ ਦੇ ਮਹਿਕਮਿਆਂ ਨੂੰ ਫ਼ੈਡਰਲ ਭਾਰਤ ਸਰਕਾਰ ਦੇ ਅਧਿਕਾਰ ਵਿਚ ਛੱਡ ਕੇ, ਸੰਪੂਰਨ ਸੱਤਾ ਨੂੰ ਆਪਣੇ ਹੱਥ ਵਿਚ ਰੱਖਣ ਖ਼ਾਤਰ, ਆਪਣਾ ਅੰਦਰੂਨੀ ਸੰਵਿਧਾਨ ਆਪ ਘੜਨ ਦਾ ਅਧਿਕਾਰੀ ਐਲਾਨ ਕੀਤਾ ਜਾਵੇ।

ਸਾਹਿਬ ਦਸਮ ਪਾਤਿਸ਼ਾਹ ਸਭ ਥਾਈਂ ਹੋਹੁ ਸਹਾਇ।

ਬੁਰਛਾ ਸੋਧਕ ਭੁਜੰਗੀ ਦਲ

ਸੰਨ 1974-75 ਵਿਚ ਮੈਂ ਚੰਡੀਗੜ੍ਹ ਰਿਹਾ ਕਰਦਾ ਸੀ, ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦਾ ਕਾਰਕੁੰਨ ਵੀ ਹੁੰਦਾ ਸੀ। ਸਿੱਖਾਂ ਦੇ ਹੱਕ-ਸੱਚ ਦੀ ਗੱਲ ਕਰਨ ਵਾਲੇ ਵਿਦਵਾਨ ਸਿਰਦਾਰ ਕਪੂਰ ਸਿੰਘ ਵੀ ਚੰਡੀਗੜ੍ਹ ਹੀ ਰਹਿੰਦੇ ਸਨ। ਉਨ੍ਹਾਂ ਦੇ ਦਰਸ਼ਨ ਕਰਨ ਅਤੇ ਉਨ੍ਹਾਂ ਪਾਸੋਂ ਸਿੱਖਿਆ ਲੈਣ ਕਦੀ-ਕਦੀ ਚਲਾ ਜਾਇਆ ਕਰਦਾ ਸੀ। ਗਰਮੀਆਂ ਵਿਚ ਸ਼ਾਮ ਨੂੰ ਅਤੇ ਸਰਦੀਆਂ ਵਿਚ ਉਹ ਕਦੇ ਵੀ ਸੈਰ ਕਰਨ ਜਾਂ ਪੈਦਲ ਤੁਰਨ ਦੇ ਸ਼ੌਕੀਨ ਹੁੰਦੇ ਸਨ। ਮੈਨੂੰ ਵੀ ਕਈ ਵਾਰ ਉਨ੍ਹਾਂ ਨਾਲ ਸੈਰ ਕਰਨ ਜਾਂ ਤੁਰਨ ਦਾ ਸੁਭਾਗ ਪ੍ਰਾਪਤ ਹੋਇਆ ਸੀ। ਕੁਝ ਕੁ ਦਿਨਾਂ ਮਗਰੋਂ-ਮੈਂ ਉਨ੍ਹਾਂ ਦਾ ਵਿਸਵਾਸ਼-ਪਾਤਰ ਬਣ ਗਿਆ ਸੀ ਅਤੇ ਮੇਰੇ ਨਾਲ ਕਈ ਗੱਲਾਂ ਖੁੱਲ੍ਹ ਕੇ ਕਰ ਲੈਂਦੇ ਸਨ। ਮੈਨੂੰ ਵੀ ਚੰਗਾ ਲੱਗਦਾ ਸੀ। ਇਕ ਤਾਂ ਉਹ ਉੱਚ-ਕੋਟੀ ਦੇ ਵਿਦਵਾਨ ਸਨ, ਦੂਜਾ ਮੈਨੂੰ ਪਿਆਰ ਵੀ ਕਰਦੇ ਸਨ, ਤੀਜਾ ਮੈਂ ਛੋਟੀ ਉਮਰੇ ਆਪਣਾ ਬਾਪ ਗੁਆ ਬੈਠਾ ਸੀ ਅਤੇ ਮੈਨੂੰ ਇਉਂ ਵੀ ਲੱਗਦਾ ਸੀ, ਬਈ ਉਹ ਖ਼ਾਲੀ-ਖ਼ਾਨਾ ਪੂਰਾ ਹੋ ਗਿਆ ਹੈ। ਮੈਨੂੰ ਵੀ ਉਨ੍ਹਾਂ ਦੋ-ਤਿੰਨ ਵਾਰ ਡਾਂਟਿਆ ਸੀ ਪਰ ਚੰਗਾ ਲੱਗਾ ਸੀ ਬੁਰਾ ਨਹੀਂ, ਜਿਵੇਂ ਕਈ ਬੁਰਾ ਮਨਾ ਜਾਂਦੇ ਸਨ ਅਤੇ ਬਾਅਦ ਵਿਚ ਵਿਸ਼ ਘੋਲਦੇ ਸਨ। ਇਹੋ ਜਿਹੇ ਲੋਕ ਸਿਰਦਾਰ ਸਾਹਿਬ ਕੋਲ ਅਕਲ ਲੈਣ ਨਹੀਂ ਸਨ ਜਾਂਦੇ, ਉਹ ਉਨ੍ਹਾਂ ਦੀ ਅਕਲ ਟੈਸਟ ਕਰਨ ਜਾਂਦੇ ਸੀ ਜਾ ਆਪਣੀ ਅਕਲ ਦਾ ਦਿਖਾਵਾ ਕਰਨ ਜਾਂਦੇ ਸੀ ਔਰ ਆਪਣੇ ਆਪ ਨੂੰ ਉੱਚ ਬੁੱਧੀਮਾਨ ਸਮਝਦੇ ਸਨ।

ਅਕਾਲੀਆਂ ਦੀਆਂ ਗ਼ਲਤ-ਨੀਤੀਆਂ ਤੋਂ ਬੜੇ ਨਰਾਜ਼ ਰਹਿੰਦੇ ਸਨ ਅਤੇ ਆਪ ਪੰਥਕ ਸੋਚ 'ਤੇ ਬੜੇ ਪੱਕੇ-ਪੀਡੇ ਦ੍ਰਿੜ੍ਹ ਰਹਿੰਦੇ ਸਨ, ਅਕਾਲ ਪੁਰਖ ਦੇ ਭਾਣੇ ਨੂੰ ਬੜਾ ਮੰਨਦੇ ਸਨ ਅਤੇ ਹਰ ਦੁੱਖ-ਦਰਦ ਉਸੇ ਦਾ ਹੁਕਮ ਮੰਨ ਕੇ ਸਹਿੰਦੇ ਸਨ। ਕਦੇ ਕਿਸੇ ਨਾਲ ਸਿਆਸੀ ਚਲਾਕੀ ਜਾਂ ਝੂਠ ਨਹੀਂ ਬੋਲਦੇ ਸਨ। ਹਮੇਸ਼ਾਂ ਸੱਚ 'ਤੇ ਦ੍ਰਿੜ੍ਹ ਰਹਿੰਦੇ ਸਨ। ਸਵੇਰੇ 3-4 ਵਜੇ ਉੱਠ ਕੇ ਸ਼ਾਂਤਮਈ ਮਾਹੌਲ ਵਿਚ ਪੜ੍ਹਦੇ-ਲਿਖਦੇ ਸਨ, ਉਸ ਸਮੇਂ ਕੋਈ ਰੌਲਾ-ਰੱਪਾ ਵੀ ਨਹੀਂ ਹੁੰਦਾ।

ਸਿੰਘ ਸਭਾ ਸ਼ਤਾਬਦੀ ਦੇ ਸਮਾਗਮ ਉਨ੍ਹਾਂ ਦਿਨਾਂ ਵਿਚ ਚੱਲ ਰਹੇ ਸਨ ਅਤੇ ਗਿਆਨੀ ਗੁਰਦਿੱਤ ਸਿੰਘ ਕਰਤਾ-ਧਰਤਾ ਸਨ। ਗਿਆਨੀ ਜੀ ਅਤੇ ਉਨ੍ਹਾਂ ਦੀ ਸਰਦਾਰਨੀ ਉਨ੍ਹਾਂ ਦੇ ਬੜੇ ਸਤਿਕਾਰਤ ਮਿੱਤਰ-ਦੋਸਤ ਸਨ। ਸੌ ਸਾਲਾ ਸਮਾਗਮ ਖ਼ਾਲਸੇ ਦੀ ਜਨਮ ਭੂਮੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਰੱਖਿਆ ਗਿਆ ਅਤੇ ਸਿਰਦਾਰ ਕਪੂਰ ਸਿੰਘ ਜੀ ਨੂੰ ਵੀ ਸੱਦਾ ਪੱਤਰ ਦਿੱਤਾ ਗਿਆ। ਇਸ ਸਾਰੇ ਵਕਤ ਮੈਂ ਸਿਰਦਾਰ ਕਪੂਰ ਸਿੰਘ ਨਾਲ ਹੀ ਰਿਹਾ ਅਤੇ ਤਕਰੀਬਨ ਸਾਰੀਆਂ ਗੱਲਾਂ ਵੇਖੀਆਂ ਅਤੇ ਮੈਨੂੰ ਯਾਦ ਹਨ। ਇਸ ਸਮਾਗਮ ਤੋਂ ਕੁਝ ਦਿਨ ਪਹਿਲਾਂ, ਮੈਂ ਆਮ ਦਿਨਾਂ ਵਾਂਗ, ਸਿਰਦਾਰ ਜੀ ਦੇ ਘਰ ਗਿਆ। ਉਹ ਸ਼ਾਮ ਦੇ ਵਕਤ ਤਿਆਰ ਹੋ ਕੇ ਆਪਣੀ ਕੋਠੀ ਦੇ ਸਾਹਮਣੇ ਬਰਾਂਡੇ ਵਿਚ ਕੇਨ ਦੀਆਂ ਕੁਰਸੀਆਂ 'ਤੇ ਬੈਠੇ ਹੁੰਦੇ ਸਨ ਅਤੇ ਕੋਈ ਆ ਜਾਏ ਤਾਂ ਉਹਨੂੰ ਨਾਲ ਲੈ ਕੇ ਸੈਰ 'ਤੇ ਤੁਰ ਪੈਂਦੇ ਸਨ, ਨਹੀਂ ਤਾਂ ਇਕੱਲਿਆਂ ਵੀ ਚਲੇ ਜਾਂਦੇ ਸਨ। ਜਦ ਮੈਂ ਪਹੁੰਚਿਆ ਤਾਂ ਉਨ੍ਹਾਂ ਦੇ ਹੱਥ ਵਿਚ ਇਕ ਕਾਗ਼ਜ਼ ਸੀ ਅਤੇ

ਮੈਨੂੰ ਪੁੱਛਣ ਲੱਗੇ, "ਸਰਦਾਰ ਸਾਹਿਬ ਤੁਹਾਡੇ ਕੋਲ ਕਾਗ਼ਜ਼-ਪੈੱਨ ਹੈ।" ਮੈਂ ਕਿਹਾ, "ਨਹੀਂ ਜੀ!" ਮੈਂ ਬੜਾ ਸ਼ਰਮ-ਸਾਰ ਹੋਇਆ ਫੇਰ ਅੰਦਰ ਗਏ ਅਤੇ ਇਕ ਕਾਗ਼ਜ਼ ਅਤੇ ਪੈੱਨ ਲਿਆਏ ਅਤੇ ਮੈਨੂੰ ਸਮਝਾਉਣ ਲੱਗੇ ਕਿ ਮੁੰਡਿਆ, ਹਮੇਸ਼ਾਂ ਆਪਣੇ ਨਾਲ ਜੇਬ ਵਿਚ ਕਾਗ਼ਜ਼ ਅਤੇ ਪੈੱਨ ਰੱਖੋ (ਉਸ ਤੋਂ ਬਾਅਦ ਮੈਂ ਰੱਖਣਾ ਸ਼ੁਰੂ ਕਰ ਦਿੱਤਾ) ਫੇਰ ਮੈਨੂੰ ਕਹਿੰਦੇ ਕਿ ਸਾਹਮਣੇ ਟੇਬਲ 'ਤੇ ਕਾਗ਼ਜ਼ ਰੱਖ ਕੇ ਲਿਖੋ। ਫੇਰ ਮੈਂ ਲਿਖਣ ਲੱਗਾ। ਪੰਜਾਬੀ ਵਿਚ ਸੀ ਅਤੇ ਮੇਰੀ ਪੰਜਾਬੀ ਬਹੁਤ ਕਮਜ਼ੋਰ ਸੀ, ਸਿਰਫ਼ ਪੰਜਵੀਂ ਤਕ ਪੜ੍ਹਿਆ ਸੀ। ਜੋ ਉਨ੍ਹਾਂ ਨੇ ਲਿਖਾਇਆ, ਮੈਂ ਲਿਖ ਲਿਆ। ਉਹ ਵਿਅੰਗ ਵਿਚ ਲਿਖੀ ਕਵਿਤਾ ਸੀ :

ੴ ਦੇਗ ਤੇਗ ਫ਼ਤਹਿ॥
ਝੂਲਦੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ
ਸ਼੍ਰੋਮਣੀ ਹਮਾਰੀ ਰਹੇ, ਸੇਵਾ ਚੰਦਾ ਜਾਰੀ ਰਹੇ,
ਸੰਘ ਨਾਲ ਯਾਰੀ, ਥੱਲੇ ਆਰੀਯਾ ਸਮਾਜ ਕੇ।
ਸਿੱਖੀ ਕੀ ਨਾ ਬਾਤ ਚਲੈ, ਪੰਥ ਕੀ ਨਾ ਗਾਥ ਚਲੈ,
ਲੂਟ ਦੋਨੋਂ ਹਾਥ ਚਲੈ, ਸੰਗ ਸਾਜ਼ ਬਾਜ਼ ਕੇ।
ਅਕਲ ਕੀ ਨਾ ਗੱਲ ਰਹੈ, ਇੱਕੋ ਕੱਲੀ ਦਲ ਰਹੈ,
ਨਿੱਤ ਤਰਥਲ ਰਹੈ, 'ਜ਼ਿੰਦਾਬਾਦ' ਗਾਜ ਕੇ।
ਝੰਡੀ ਵਾਲੀ ਕਾਰ ਰਹੈ, ਫੂਲਨ ਕੇ ਹਾਰ ਰਹੈਂ,
ਗੋਲਕੇਂ ਭਰਪੂਰ ਕਰੈਂ, ਸਿੱਖ ਭਾਜ ਭਾਜ ਕੇ।
ਪੰਥ ਕੇ ਦਰਦ ਹਿਤ, ਬੁੱਧੀ ਕੀ ਜੋ ਸੋਧ ਦੇਵੈਂ,
ਨਿਕਟ ਨ ਆਨੇ ਪਾਵੈਂ, ਰਾਜ ਭਾਗ ਕਾਜ ਕੇ।
ਜਥੇਦਾਰ ਕਹਿਤ ਬਿਰਾਜੋ ਮਤ ਭਾਜੋ ਸਿੱਖੋ,
ਝੂਲਤੇ ਨਿਸ਼ਾਨ ਰਹੇਂ ਪੰਥ ਮਹਾਰਾਜ ਕੇ।

(ਪ੍ਰਕਾਸ਼ਕ, ਬੁਰਛਾ ਸੋਧਕ ਭੁਜੰਗੀ ਦਲ 1974)

ਇਹ ਕਵਿਤਾ ਮੈਂ ਛਪਵਾ ਕੇ ਸਿਰਦਾਰ ਸਾਹਿਬ ਨੂੰ ਵਿਖਾਈ। ਕੁਝ ਗ਼ਲਤੀਆਂ ਸਨ, ਸਰਦਾਰ ਜੀ ਨੇ ਮੈਨੂੰ ਪਰੂਫ਼ ਰੀਡਿੰਗ ਦਾ ਗੁਰ ਵੀ ਸਮਝਾਇਆ। ਕਹਿੰਦੇ, "ਨੁਕਤੇ ਨਾਲ ਨੁਕਤਾ ਮਿਲਾਈਦਾ, ਇਬਾਰਤ ਵਾਂਗੂ ਨਹੀਂ ਪੜ੍ਹ ਕੇ ਮਿਲਾਈਦਾ।" ਫੇਰ ਮੈਂ ਹੋਰ ਦੋਸਤਾਂ ਨੂੰ ਪੜ੍ਹਾਈ। ਉਹ ਪੜ੍ਹ ਕੇ ਖ਼ੁਸ਼ ਤਾਂ ਹੋਏ ਪਰ ਕਹਿੰਦੇ ਕਿ ਸਿਰਦਾਰ ਕਪੂਰ ਸਿੰਘ ਦਾ ਨਾਂ ਲਿਖੋ। ਮੈਂ ਪੁੱਛਿਆ ਤਾਂ ਸਿਰਦਾਰ ਸਾਹਿਬ ਕਹਿੰਦੇ ਮੇਰਾ ਨਾਂ ਨਹੀਂ ਲਿਖਣਾ ਅਤੇ ਇਹ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਮਾਗਮ ਵਿਚ ਵੰਡਣੀ ਹੈ। ਮੈਂ ਫਿਰ ਉਥੇ ਵੰਡੀ ਅਤੇ ਵੱਡੇ ਵੱਡੇ ਲੀਡਰਾਂ ਨੂੰ ਹੱਥ ਵਿਚ ਫੜਾਈ ਜਿਨ੍ਹਾਂ ਵਿੱਚੋਂ ਗੁਰਚਰਨ ਸਿੰਘ ਟੌਹੜਾ, ਸ: ਹੁਕਮ ਸਿੰਘ, ਗਿਆਨੀ ਗੁਰਦਿੱਤ ਸਿੰਘ, ਡਾ: ਅਤਰ ਸਿੰਘ ਅਤੇ ਹੋਰ ਕਈ ਸਕਾਲਰ ਸਣੇ ਅਜੋਕੇ ਅਕਾਲੀ ਵਿਦਵਾਨ ਡਾ: ਜਸਬੀਰ ਸਿੰਘ ਆਹਲੂਵਾਲੀਆ ਸਾਬਕਾ ਵੀ.ਸੀ., (ਇਹਦੀ ਰੰਗੀ ਹੋਈ ਦਾੜ੍ਹੀ ਬਾਦਲ ਸਾਹਿਬ ਨੂੰ ਦਿਖਾਈ ਨਹੀਂ ਦਿੰਦੀ, ਅਮਰਿੰਦਰ ਸਿੰਘ ਦੀ ਨਜ਼ਰ ਆ ਜਾਂਦੀ ਹੈ)। ਬਾਦਲ ਸਾਹਿਬ ਅਤੇ ਟੌਹੜਾ ਸਾਹਿਬ ਮਹਾਰਾਜਾ ਰਣਜੀਤ ਸਿੰਘ ਵਾਂਗੂ ਇਕ ਅੱਖ ਨਾਲ ਨਹੀਂ ਬਲਕਿ ਦੋ ਅੱਖਾਂ ਨਾਲ ਵੇਖਦੇ ਹਨ। ਰੱਬ ਤਾਂ ਸਾਰਿਆਂ ਦਾ ਹੈ। ਚੰਗੇ-ਮਾੜੇ ਸਾਰੇ ਉਸੇ ਦੀ ਔਲਾਦ ਹਨ। ਪੁੱਤਰ ਵੀ ਤਾਂ ਚੰਗੇ-ਮਾੜੇ ਨਿਕਲ ਆਉਂਦੇ ਹਨ। ਕਈਆਂ ਦੇ ਮਾਂ-ਬਾਪ ਵੀ ਮਾੜੇ ਹੁੰਦੇ ਹਨ। ਇਹ ਉਸ ਰੱਬ ਦੀ ਖੇਡ ਹੈ ਜੋ ਉਸਨੇ ਹੀ ਰਚਾਈ ਹੈ। ਇਸੇ ਨੂੰ ਕਹਿੰਦੇ ਹਨ ਮਾਇਆ-ਜਾਲ।

ਗਿਆਨੀ ਗੁਰਦਿੱਤ ਸਿੰਘ ਨੇ ਸਿਰਦਾਰ ਸਾਹਿਬ ਨੂੰ ਸ੍ਰੀ ਆਨੰਦਪੁਰ ਸਾਹਿਬ ਲਿਜਾਉਣ ਵਾਸਤੇ ਇਕ ਸਾਲਮ ਮੈਟਾਡੋਰ ਗੱਡੀ ਭੇਜੀ। ਜਦ ਡਰਾਈਵਰ ਉਨ੍ਹਾਂ ਨੂੰ ਲੈਣ ਕੋਠੀ ਪਹੁੰਚਿਆ ਤਾਂ ਸਾਰੀ ਗੱਡੀ ਡਰਾਈਵਰ ਦੇ ਬੰਦਿਆਂ ਨਾਲ ਭਰੀ ਪਈ ਸੀ। ਇਕ ਸੀਟ ਛੱਡੀ ਸੀ ਬਸ ਸਿਰਦਾਰ ਕਪੂਰ ਸਿੰਘ ਵਾਸਤੇ। ਸਿਰਦਾਰ ਸਾਹਿਬ ਨੂੰ ਬੜਾ ਗ਼ੁੱਸਾ ਆਇਆ ਅਤੇ ਡਰਾਈਵਰ ਨੂੰ ਕਿਹਾ ਕਿ ਸਾਰਿਆਂ ਨੂੰ ਛੱਡ ਕੇ ਆ। ਡਰਾਈਵਰ ਮੁਤਾਬਿਕ ਕਪੂਰ ਸਿੰਘ ਤਾਂ ਲਟਕ ਕੇ ਵੀ ਚਲਾ ਜਾਏਗਾ ਉਹਦੇ ਰਿਸ਼ਤੇਦਾਰ ਅਤੇ ਨਜ਼ਦੀਕੀ ਖ਼ੁਸ਼ ਚਾਹੀਦੇ ਹਨ, ਜਿਵੇਂ ਬਾਦਲ ਸਾਹਿਬ ਆਪਣੇ ਰਿਸ਼ਤੇਦਾਰਾਂ ਨੂੰ ਫਿੱਟ ਕਰਨ ਲੱਗੇ ਹੋਏ ਹਨ। ਕੌਮ ਦੀ ਕੋਈ ਗੱਲ ਨਹੀਂ ਗੁਰੂ ਆਪੇ ਪਾਲਣਹਾਰ ਹੈ। ਡਰਾਈਵਰ ਫਿਰ ਗੱਡੀ ਖ਼ਾਲੀ ਕਰ ਕੇ ਆਇਆ ਤੇ ਫਿਰ ਸਿਰਦਾਰ ਸਾਹਿਬ, ਸ: ਅਤਰ ਸਿੰਘ ਅਤੇ ਮੈਂ ਬੈਠ ਕੇ ਸ੍ਰੀ ਆਨੰਦਪੁਰ ਸਾਹਿਬ ਪਹੁੰਚੇ। ਉਥੇ ਸਾਰੇ ਦਿਨ ਦਾ ਸਮਾਗਮ ਸੀ, ਕਈ ਬੁੱਧੀਜੀਵੀਆਂ ਨੇ ਭਾਸ਼ਨ ਦੇਣੇ ਸਨ।

ਸਿਰਦਾਰ ਸਾਹਿਬ ਦੀ ਵਾਰੀ ਆਈ ਤਾਂ ਉਨ੍ਹਾਂ ਨੇ ਬੜੇ ਢੁੱਕਵੇਂ ਅੰਦਾਜ਼ ਵਿਚ ਕਿਹਾ ਕਿ ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਨੇ ਆਪਣੇ ਸਿੱਖਾਂ ਤੋਂ ਜ਼ਿੰਦਗੀ ਵਿਚ ਕੋਈ ਵੀ ਲੁਕੋਇਆ/ਛੁਪਾਇਆ ਨਹੀਂ। ਉਨ੍ਹਾਂ ਦੀ ਸਾਰੀ ਜ਼ਿੰਦਗੀ ਇਕ ਖੁੱਲ੍ਹੀ ਕਿਤਾਬ ਸੀ। ਗੁਰੂ ਸਾਹਿਬ ਵੱਲੋਂ ਉਨ੍ਹਾਂ ਪਹਿਲੇ ਪੰਜ ਸਿੰਘਾਂ ਨੂੰ, ਜਿਨ੍ਹਾਂ ਨੂੰ ਪੰਜ ਪਿਆਰਿਆਂ ਦਾ ਰੁਤਬਾ ਦਿੱਤਾ ਗਿਆ ਸੀ, ਤੁਹਾਡਾ ਜਾਂ ਕਿਸੇ ਸਿੱਖ ਦਾ ਕੋਈ ਹੱਕ ਨਹੀਂ ਬਣਦਾ ਕਿ ਉਹ ਗੁਰੂ ਨੂੰ ਪੁੱਛੇ ਜਾਂ ਕਿੰਤੂ-ਪ੍ਰੰਤੂ ਕਰੇ ਕਿ ਤੰਬੂ ਦੇ ਅੰਦਰ ਕੀ ਕੀਤਾ ਸੀ ਜਾਂ ਕੀ ਹੋਇਆ ਸੀ। ਗੁਰੂ ਅਕਾਲ ਪੁਰਖ ਦੀ ਇਕ ਮਹਾਨ ਹਸਤੀ ਸਨ। ਤੁਸੀਂ ਜਾਂ ਆਮ ਲੋਕ ਇਹ ਅੰਦਾਜ਼ਾ ਨਹੀਂ ਲਗਾ ਸਕਦੇ ਕਿ ਉਨ੍ਹਾਂ ਨੇ ਇਹ ਕੀ ਕੌਤਕ ਜੱਗ 'ਤੇ ਰਚਾਇਆ ਸੀ। ਸਿਰਦਾਰ ਸਾਹਿਬ ਨੇ ਭਾਸ਼ਨ ਵਿਚ ਇਹ ਵੀ ਦੱਸਿਆ ਸੀ ਕਿ ਬਾਦਸ਼ਾਹ ਔਰੰਗਜ਼ੇਬ ਦਾ ਸੂਹੀਆ ਵੀ ਉਥੇ ਹਾਜ਼ਰ ਸੀ ਤੇ ਉਹਨੇ ਆਪਣੀ ਰਿਪੋਰਟ ਵਿਚ ਕੋਈ ਜ਼ਿਕਰ ਨਹੀਂ ਕੀਤਾ ਸੀ ਬੱਕਰੇ ਵੱਢਣ ਦਾ। ਜਦ ਸਮਾਗਮ ਖ਼ਤਮ ਹੋਇਆ ਤਾਂ ਸਿਰਦਾਰ ਸਾਹਿਬ, ਡਾ: ਅਤਰ ਸਿੰਘ ਅਤੇ ਮੈਂ ਮੈਟਾਡੋਰ ਵਿਚ ਬੈਠ ਕੇ ਚੰਡੀਗੜ੍ਹ ਵੱਲ ਚੱਲਣ ਲੱਗੇ ਤਾਂ ਕਈ ਲੋਕ ਆ ਕੇ ਸਿਰਦਾਰ ਸਾਹਿਬ ਨੂੰ ਬੜਾ ਵਡਿਆਉਣ ਲੱਗੇ, ਕਈਆਂ ਨੇ ਕੁਝ ਸੁਆਲ ਵੀ ਪੁੱਛਣੇ ਸਨ। ਉਨ੍ਹਾਂ ਵਿੱਚੋਂ ਡਾ: ਜਸਬੀਰ ਸਿੰਘ ਆਹਲੂਵਾਲੀਆ ਵੀ ਸਨ, ਉਦੋਂ ਉਹ ਸਰਕਾਰੀ ਨੌਕਰੀ ਕਰਦੇ ਸਨ, ਨੇ ਆ ਕੇ ਖਿੜਕੀ ਕੋਲ ਸਿਰਦਾਰ ਸਾਹਿਬ ਨੂੰ ਕਿਹਾ, "ਸਿਰਦਾਰ ਜੀ ਅਗਰ ਬੱਕਰੇ ਹੁੰਦੇ ਤਾਂ ਮੈਂ-ਮੈਂ ਕਰਦੇ, ਮੀਂਗਣਾਂ ਵੀ ਕਰਦੇ, ਲੋਕਾਂ ਨੂੰ ਪਤਾ ਲੱਗ ਜਾਣਾ ਸੀ। ਬੰਦੇ ਹੀ ਝਟਕਾਏ ਸਨ।" ਸਿਰਦਾਰ ਕਪੂਰ ਸਿੰਘ ਨੇ ਬਾਕੀ ਦੇ ਬੰਦਿਆਂ ਨੂੰ ਕਿਹਾ, "ਇਹ ਖੋਜ ਕਰਦੇ ਹਨ। ਇਨ੍ਹਾਂ ਨੂੰ ਸੁਆਲ ਪੁੱਛੋ, ਮੈਂ ਤਾਂ ਇਕ ਗੁਰੂ ਦਾ ਸਿੱਖ ਹਾਂ, ਮੈਂ ਖੋਜ ਨਹੀਂ ਕਰਦਾ। ਮੇਰੇ ਵਿਚ ਏਨੀ ਬੁੱਧੀ ਨਹੀਂ ਹੈ।" ਆਨੰਦਪੁਰ ਦਾ ਮਤਾ ਵੀ ਸਿਰਦਾਰ ਸਾਹਿਬ ਨੇ ਉਦੋਂ ਹੀ ਲਿਖਿਆ ਸੀ, ਜਿਸ ਤੋਂ ਅਕਾਲੀ ਭੱਜ ਗਏ।

ਇਹ ਉਹ ਵਕਤ ਸੀ ਜਦੋਂ ਜਥੇਦਾਰਾਂ ਅਤੇ ਅਕਾਲੀ ਲੀਡਰਾਂ ਨੇ ਸਿਰਦਾਰ ਸਾਹਿਬ ਨੂੰ ਵਿਹਲੇ ਕਰ ਕੇ ਘਰ ਬਿਠ ਛੱਡਿਆ ਸੀ ਅਤੇ ਆਪ ਗੁਰਦੁਆਰਿਆਂ ਅਤੇ ਗੁਰੂ ਕੀ ਗੋਲਕ ਉੱਤੇ ਕਬਜ਼ਾ ਕਰ ਕੇ ਮਚਲੇ ਹੋਏ ਬੈਠੇ ਸਨ। ਉਨ੍ਹਾਂ ਨੇ ਆਪਣੇ ਭਾਸ਼ਨ ਵਿਚ ਸ਼ਰ੍ਹੇਆਮ ਟੌਹੜੇ ਦਾ ਨਾਂ ਲੈ ਕੇ ਕਿਹਾ ਸੀ ਕਿ ਇਸਦਾ ਪਿਛੋਕੜ ਮੈਨੂੰ ਪਤਾ ਹੈ (ਕਮਿਊਨਿਸਟ) ਪਰ ਹੋ ਸਕਦਾ ਹੈ ਕਿ ਸਿੱਧੇ ਰਾਹ ਪੈ ਗਿਆ ਹੋਵੇ। ਪਰ ਉਹ ਅਖ਼ੀਰ ਤਕ ਸ਼ਾਤਰ ਦਾ ਸ਼ਾਤਰ ਹੀ ਰਿਹਾ ਅਤੇ ਆਪਣੇ ਮੁਫ਼ਾਦ ਖ਼ਾਤਰ ਕਿਸੇ ਨੂੰ ਵੀ ਧੋਖਾ ਦਿੱਤਾ। ਉਨ੍ਹਾਂ ਦੀ ਉਪ੍ਰੋਕਤ ਵਿਅੰਗ ਵਿਚ ਲਿਖੀ ਕਵਿਤਾ ਦੇ ਅਖ਼ੀਰ ਵਿਚ ਉਨ੍ਹਾਂ ਨੇ ਲਿਖਵਾਇਆ ਸੀ : "ਬੁਰਛਾ ਸੋਧਕ ਭੁਜੰਗੀ ਦਲ"।

ਇਹ ਇਕ ਉਨ੍ਹਾਂ ਦੀ ਕਾਲਪਨਿਕ ਜਥੇਬੰਦੀ ਦਾ ਨਾਂ ਸੀ ਜੋ ਕਿ ਉਹ ਉਮੀਦ ਕਰਦੇ ਸਨ ਕਿ ਨੌਜੁਆਨ ਪੀੜ੍ਹੀ ਵਿੱਚੋਂ ਕੁਝ ਕੁ ਸਿੰਘ ਕੌਮ 'ਤੇ ਛਾਏ ਬੁਰਛਿਆਂ ਨੂੰ ਸੋਧਣਗੇ। ਬਠਿੰਡੇ ਦੇ ਬੁਰਛੇ ਨੇ ਸਿਰਦਾਰ ਜੀ ਨੂੰ ਆਪਣੀ ਬੁਰਛਾ-ਗਰਦੀ ਵਿਖਾਈ ਸੀ। ਪ੍ਰ ਰੱਬ ਨੂੰ ਹਾਲੇ ਇਹ ਮਨਜ਼ੂਰ ਨਹੀਂ। ਇਕ ਬੁੱਧੀਜੀਵੀ ਕਵੀ ਦੇ ਵਿਚਾਰ ਕਦੇ ਅਮਲ ਵਿਚ ਨਹੀਂ ਆ ਸਕੇ, ਇਕ ਵਿਚਾਰ ਹੀ ਰਹਿ ਗਏ ਅਤੇ ਬੁਰਛੇ ਹੀ ਕੌਮ 'ਤੇ ਕਾਬੇਜ਼ ਹੋ ਗਏ ਅਤੇ ਬੀਜ ਰੂਪੀ ਸਿੱਖ ਰੂੜੀ ਥੱਲੇ ਦੱਬ ਕੇ ਰਹਿ ਗਏ। ਪਤਾ ਨਹੀਂ ਕਦੋਂ ਪੁੰਗਰਨਗੇ ਜਾਂ ਕੀ ਪਤਾ ਨਾ ਵੀ ਪੁੰਗਰਨ।

ਮਿਤੀ :

21.09.2011

ਬਲਦੇਵ ਸਿੰਘ

ਨੋਟ : ਇਹ ਲੇਖ ਪੰਜਾਬੀ ਟ੍ਰਿਬਿਊਨ ਵਿਚ ਛਾਪਣ ਤੋਂ ਬਾਅਦ ਮੈਨੂੰ ਕੋਈ 30 ਟੈਲੀਫੋਨ ਆਏ ਅਤੇ ਕੁਝ ਕੁ ਨੇ ਪੁੱਛਿਆ ਸਰਦਾਰ ਅਤੇ ਸਿਰਦਾਰ ਵਿਚ ਕੀ ਫ਼ਰਕ ਹੈ। ਮੈਂ ਆਪਣੀ ਤੁਛ ਬੁੱਧੀ ਮੁਤਾਬਕ ਦੱਸਿਆ ਸਰਦਾਰ ਸ਼ਬਦ ਭਾਰਤੀ ਮੂਲ ਦਾ ਨਹੀਂ। ਇਕ ਪਰਸ਼ੀਅਨ ਲਫ਼ਜ ਹੈ। ਇਸ ਦਾ ਮਤਲਬ ਲੀਡਰ ਹੁੰਦਾ ਹੈ ਅਤੇ ਸਿਰਦਾਰ ਦਾ ਮਤਲਬ ਹੈ ਜੋ ਇਨਸਾਨ ਆਪਣੀ ਕੌਮ ਤੋਂ ਸਿਰ ਵਾਰ ਦੇਵੇ ਉਸਨੂੰ ਸਿਰਦਾਰ ਕਹਿੰਦੇ ਹਨ, ਜੋ ਕਪੂਰ ਸਿੰਘ ਨੇ ਕੀਤਾ। ਆਪਣੀ ਸਭ ਤੋਂ ਵਧਿਆ ਪਰਿਵਾਰ ਦਾ ਸੁੱਖ, ਚੈਨ, ਨੌਕਰੀ, ਆਲੀਸ਼ਾਨ ਜ਼ਿੰਦਗੀ ਕੌਮ ਦੇ ਲੇਖੇ ਲਾ ਦਿੱਤੀ ਤਾਕਿ ਕੌਮ ਦਾ ਕੁਝ ਬਣ ਸਕੇ ਔਰ ਆਖ਼ਰੀ ਦਮ ਤਕ ਇਸ ਜਦੋ ਜਹਿਦ ਕਾਇਮ ਰਹੇ।

ਸ਼ਹੀਦ ਭਗਤ ਸਿੰਘ ਅਤੇ ਸਿਰਦਾਰ ਕਪੂਰ ਸਿੰਘ

ਸਿਆਣਿਆਂ ਦਾ ਕਹਿਣਾ ਹੈ ਕਿ ਰੌਲੇ-ਗੌਲੇ ਵਿਚ ਕੋਈ ਕਿਸੇ ਦੀ ਗੱਲ ਧਿਆਨ ਨਾਲ ਨਹੀਂ ਸੁਣਦਾ। ਘਟੀਆ ਸਿਆਸਤ ਤੋਂ ਪ੍ਰੇਰਿਤ ਕੁਝ ਸ਼ਾਤਰ ਬੰਦਿਆਂ ਨੇ ਇਹ ਮਸਲਾ ਚੁੱਕਿਆ ਸੰਨ 2000 ਵਿਚ ਕਿ ਸਿਰਦਾਰ ਕਪੂਰ ਸਿੰਘ ਦੀ *ਸਾਚੀ ਸਾਖੀ,* ਜੋ ਕਿ 1979 ਵਿਚ ਛਪੀ ਸੀ, ਵਿਚ ਇਹ ਲਿਖਿਆ ਹੈ ਕਿ ਭਗਤ ਸਿੰਘ ਸ਼ਹੀਦ ਨਹੀਂ ਸੀ। ਸਾਰੀ ਦੁਨੀਆ ਨੂੰ ਪਤਾ ਹੈ ਕਿ ਕਪੂਰ ਸਿੰਘ ਇਕ ਉੱਘੇ ਸਿੱਖ ਵਿਦਵਾਨ ਸਨ ਅਤੇ ਹਰ ਸਿਆਸੀ, ਸੁਮਾਜਿਕ, ਧਾਰਮਿਕ ਸੋਚ ਵਿਚ ਸਿੱਖ ਵਿਚਾਰਧਾਰਕ ਸੋਚ ਭਾਰੂ ਸੀ। ਸਿੱਖ ਸੋਚ ਸਚਾਈ ਅਤੇ ਜ਼ਮੀਨੀ ਹਕੀਕਤਾਂ 'ਤੇ ਆਧਾਰਿਤ ਹੈ, ਨਾ ਕਿ ਹਵਾਈ ਕਿਲ੍ਹਿਆਂ ਦੀ ਸੋਚ ਅਤੇ ਝੂਠ ਤੇ ਆਧਾਰਿਤ। ਭਾਈ ਰਣਧੀਰ ਸਿੰਘ ਨੇ ਆਪਣੀ ਕਿਤਾਬ *ਜੇਲ੍ਹ ਚਿੱਠੀਆਂ* ਵਿਚ ਬੜਾ ਸਾਫ਼ ਜ਼ਿਕਰ ਕੀਤਾ ਹੈ, ਭਗਤ ਸਿੰਘ ਦੀ ਮੁਲਾਕਾਤ ਦਾ। ਉਸ ਨੇ ਕਬੂਲਿਆ ਕਿ ਸ਼ੋਹਰਤ ਵਾਸਤੇ ਕੇਸ ਕਟਾਏ ਸੀ ਨਹੀਂ ਤਾਂ ਭਾਰਤੀ ਪ੍ਰੈੱਸ ਨੇ ਉਸ ਦੀ ਕੁਰਬਾਨੀ ਰੋਲ ਦੇਣੀ ਸੀ ਜਿਵੇਂ 1914-15 ਦੇ ਸ਼ਹੀਦਾਂ ਨਾਲ ਹੋਇਆ ਸੀ। ਉਹ ਮੰਨਦਾ ਹੈ ਕਿ ਸਾਂਡਰਸ ਦਾ ਕਤਲ ਉਹਨੇ ਨਹੀਂ ਕੀਤਾ, ਪਰ ਝੂਠਾ ਆਪਣੇ ਸਿਰ ਲੈ ਲਿਆ ਸੀ ਤਾਂ ਕਿ ਕਰੈਡਿਟ ਮਿਲ ਜਾਏ। ਉਸ ਨੇ ਦੂਜੇ ਪੁਲਸੀਆ ਚੰਨਣ ਸਿੰਘ ਨੂੰ ਮਾਰਿਆ ਸੀ। (ਆਜ਼ਾਦੀ ਦੇਣੀ ਤਾਂ ਅੰਗਰੇਜ਼ਾਂ ਦੀ ਲੇਬਰ ਪਾਰਟੀ ਦੀ ਖੁੱਲ੍ਹੀ ਪਾਲਿਸੀ ਸੀ ਜੋ ਉਨ੍ਹਾਂ ਦੇ 1946 ਦੀਆਂ ਚੋਣਾਂ ਤੋਂ ਪਹਿਲਾਂ ਜਾਰੀ ਮੈਨੀਫ਼ੈਸਟੋ ਵਿਚ ਦਰਜ ਸੀ। ਅਗਰ ਚਰਚਿਲ ਜਿਤਦਾ ਤਾਂ ਗੱਲ ਹੋਰ ਹੀ ਹੁੰਦੀ। ਉਹ ਤਾਂ ਭਾਰਤ ਨੂੰ ਆਜ਼ਾਦੀ ਦੇ ਬਰਖ਼ਿਲਾਫ਼ ਸੀ) ਇਸ ਨੂੰ ਹੀ ਆਧਾਰ ਮੰਨ ਕੇ ਆਮ ਸਿੱਖ ਆਪਣੇ ਵਿਚਾਰ ਕਾਇਮ ਕਰਦਾ ਸੀ, ਭਗਤ ਸਿੰਘ ਬਾਰੇ। ਸਾਰੀ ਦੁਨੀਆ ਨੂੰ ਅੱਜ ਪਤਾ ਹੈ ਕਿ ਮਹਾਤਮਾ ਗਾਂਧੀ ਸ਼ਹੀਦ ਭਗਤ ਸਿੰਘ ਬਾਰੇ ਕੀ ਵਿਚਾਰ ਰੱਖਦੇ ਸੀ। ਭਗਤ ਸਿੰਘ ਨੂੰ ਚੁਨਿੰਦਾ ਬੰਦੇ ਹੀ ਯਾਦ ਕਰਦੇ ਸੀ। ਉਹ ਵੀ ਕਦੇ-ਕਦੇ ਔਰ ਦਿਖਾਵੇ ਵਾਸਤੇ ਯਾ ਸ਼ੋਹਰਤ ਵਾਸਤੇ। ਉਹਦੇ ਵਰਗਾ ਦ੍ਰਿੜ੍ਹ ਇਰਾਦੇ, ਲਗਨ, ਇਮਾਨਦਾਰੀ ਔਰ ਸਚਾਈ ਵਾਲਾ ਕੋਈ ਵਿਰਲਾ ਹੀ ਸੀ ਯਾ ਹੈ। ਸ਼ਾਤਰ ਸਿਆਸਤਦਾਨ ਜ਼ੈਲ ਸਿੰਘ ਨੇ ਆਪਣੇ ਰਾਜ-ਕਾਲ ਦੌਰਾਨ (ਅਜ਼ਾਦੀ ਤੋਂ 25 ਸਾਲ ਬਾਅਦ) ਭਗਤ ਸਿੰਘ ਦਾ ਨਾਂ ਅਤੇ ਕੁਰਬਾਨੀ ਵਰਤੀ ਅਤੇ ਉਸਦੀ ਮਾਤਾ ਨੂੰ ਸਨਮਾਨਤ ਕੀਤਾ ਔਰ ਉਸਦਾ ਲਾਹਾ ਖੱਟਿਆ। ਕੀ ਜ਼ੈਲ ਸਿੰਘ ਉਸ ਸ਼ਹੀਦ ਦੇ ਕਿਰਦਾਰ ਅਤੇ ਵਿਚਾਰ ਦੇ ਨੇੜੇ-ਤੇੜੇ ਵੀ ਸੀ?

ਸ. ਕਪੂਰ ਸਿੰਘ ਇਕ ਸਿੱਖ ਵਿਚਾਰਧਾਰਕ ਸਨ। ਉਨ੍ਹਾਂ ਨੇ *ਸਾਚੀ ਸਾਖੀ* ਵਿਚ ਜੋ ਲਿਖਿਆ ਸੀ, ਉਸਦਾ ਭਾਵ ਇੰਨਾ ਹੀ ਸੀ ਕਿ ਭਗਤ ਸਿੰਘ ਇਕ ਸਿੱਖ ਸ਼ਹੀਦ ਨਹੀਂ ਸੀ ਜਿਵੇਂ ਕਿ ਭਾਈ ਮਤੀਦਾਸ, ਭਾਈ ਤਾਰੂ ਸਿੰਘ, ਬਾਬਾ ਦੀਪ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਆਦਿ। ਹਰ ਕੌਮ ਅਤੇ ਮੁਲਕ ਦੇ ਆਪਣੇ ਸ਼ਹੀਦ ਹੁੰਦੇ ਹਨ, ਉਨ੍ਹਾਂ ਦੇ ਆਪਣੇ ਤੈਅ-ਸ਼ੁਦਾ

ਅਕੀਦੇ ਦੇ ਮੁਤਾਬਕ। ਹਿੰਦੂਆਂ, ਮੁਸਲਮਾਨਾਂ, ਈਸਾਈਆਂ ਦੇ ਆਪਣੇ ਅਕੀਦੇ ਹਨ। ਉਨ੍ਹਾਂ ਮੁਤਾਬਕ ਉਹ ਆਪਣੇ ਸ਼ਹੀਦ ਮੰਨਦੇ ਹਨ। ਹਰ ਮੁਲਕ ਦੇ ਆਪਣੇ ਸ਼ਹੀਦ ਹੁੰਦੇ ਹਨ। ਅੱਜ ਅਜ਼ਾਦੀ ਦੀਆਂ ਲੜਾਈਆਂ ਲੜਦੀਆਂ ਕਈ ਕੌਮਾਂ ਦੇ ਸ਼ਹੀਦ ਹਨ। ਕਪੂਰ ਸਿੰਘ ਕਿਵੇਂ ਕਹਿ ਸਕਦੇ ਹਨ ਕਿ ਉਹ ਸ਼ਹੀਦ ਨਹੀਂ ਆਪਣੀ ਕੌਮ ਦੇ। ਪਰ ਉਹ ਸਿੱਖ ਕੌਮ ਦੇ ਸ਼ਹੀਦ ਨਹੀਂ ਹਨ। ਬੱਸ ਇੰਨੀ ਜਿਹੀ ਗੱਲ ਸੀ। 21 ਸਾਲ ਮਾਸਟਰ ਤਾਰਾ ਸਿੰਘ ਦੇ ਸਿੱਖਾਂ ਨੇ ਕੋਈ ਕਿੰਤੂ-ਪ੍ਰੰਤੂ ਨਹੀਂ ਕੀਤਾ। ਜਦ ਉਨ੍ਹਾਂ ਮਸਲਾ ਚੁੱਕਿਆ ਤੇ ਨਾਲ ਭਗਤ ਸਿੰਘ ਅਤੇ ਲਾਲਾ ਲਾਜਪਤ ਰਾਏ ਵੀ ਜੋੜ ਲਏ। ਪ੍ਰੈਸ ਵਿਚ ਪਹੁੰਚ ਸੀ, ਬੜਾ ਕੁਝ ਛਾਪਿਆ ਬਿਨਾ ਸੋਚੇ ਵਿਚਾਰੇ। ਉਨ੍ਹਾਂ ਦਿਨਾਂ ਵਿਚ ਜੋ ਟਿੱਪਣੀ ਭਗਤ ਸਿੰਘ ਬਾਰੇ ਸੁਣਨ ਵਿਚ ਆਈ, ਅਗਰ ਉਹ ਸ਼ਹੀਦ ਸੁਣਦਾ ਤਾਂ ਬੜਾ ਦੁਖ ਮਨਾਉਂਦਾ ਔਰ ਸ਼ਰਮਸਾਰ ਵੀ ਹੁੰਦਾ ਕਿ ਇਹੋ ਜਿਹੇ ਲੋਕਾਂ ਵਾਸਤੇ ਮੈਂ ਕੁਰਬਾਨੀ ਕੀਤੀ। "ਉਹ ਤਾਂ ਜੱਟ ਭਰਾ ਸੀ ਉਹਦੇ ਬਰਖ਼ਿਲਾਫ਼ ਬੋਲਣ ਵਾਲੇ ਨੂੰ ਗੋਲ਼ੀ ਮਾਰ ਦੇਣੀ ਚਾਹੀਦੀ ਸੀ।" ਇਕ ਨੇ ਹੋਰ ਬਿਆਨ ਛੱਡਿਆ, "ਉਹ ਤਾਂ ਆਪਣਾ ਸੰਧੂ ਗੋਤੀ ਭਰਾ ਸੀ। ਬਾਬਾ ਦੀਪ ਸਿੰਘ ਵੀ ਸੰਧੂ ਗੋਤੀ ਭਰਾ ਸੀ।" ਹੋਰ ਮੈਂ ਸੰਧੂ ਦਸ ਦੇਨਾ ਜਿਹੜਾ ਗੱਦਾਰ, ਡਾਕੂ, ਜ਼ਾਲਮ ਸੀ। ਭਿੰਡਰਾਂ ਵਾਲਾ ਬਰਾੜ ਸੀ ਤੇ ਉਹਨੂੰ ਮਾਰਨ ਜੋ ਇੰਦਰਾ ਨੇ ਭੇਜਿਆ ਸੀ ਉਹ ਵੀ ਤਾਂ ਬਰਾੜ ਸੀ! ਪਹਾੜਾ ਸਿੰਘ ਯਾਰ ਫ਼ਿਰੰਗੀਆਂ ਦਾ ਵੀ ਤਾਂ ਬਰਾੜ ਹੀ ਸੀ। ਹੋਰ ਇਤਿਹਾਸ ਵਿਚ ਕਿੰਨੀਆਂ ਮਿਸਾਲਾਂ ਹਨ ਇਹੋ ਜਿਹੀਆਂ। ਗੁਰੂਆਂ ਨੇ ਤੇ ਸਖ਼ਤੀ ਨਾਲ ਵਰਜਿਆ ਸੀ ਇਹੋ ਜਿਹੀਆਂ ਗੱਲਾਂ ਤੋਂ। ਜੱਟ ਤਾਂ ਭਾਈ ਰਣਧੀਰ ਸਿੰਘ ਅਤੇ ਸਿਰਦਾਰ ਕਪੂਰ ਸਿੰਘ ਵੀ ਸੀ। ਤਾਂ ਹੀ ਕੇ. ਪੀ. ਐਸ. ਗਿੱਲ ਕਹਿੰਦਾ ਸੀ, "ਪੰਜਾਬ ਵਿਚ ਕੋਈ ਸਿੱਖ ਮਸਲਾ ਨਹੀਂ, ਇਹ ਤਾਂ ਜੱਟਾਂ ਦੀ ਆਪਸੀ ਲੜਾਈ ਹੈ!" ਹੁਣ ਸ. ਕਪੂਰ ਸਿੰਘ ਬਾਰੇ ਸੁਣ ਲਉ, "ਉਹ ਤਾਂ ਬੇਈਮਾਨ ਸੀ, ਗ਼ਰੀਬ ਰਿਫ਼ਿਊਜੀਆਂ ਦੇ ਪੈਸੇ ਖਾ ਗਿਆ। ਤਾਂ ਇਹਨੂੰ ਨੌਕਰੀ 'ਚੋਂ ਕੱਢਿਆ ਸੀ।"

ਸ਼ਹੀਦਾਂ ਦੇ ਰਿਸ਼ਤੇਦਾਰਾਂ ਬਾਰੇ ਬੜਾ ਛਪ ਚੁੱਕਾ ਹੈ ਅਖ਼ਬਾਰਾਂ ਵਿਚ ਕਿ ਉਹ ਕਿੰਨੇ ਕੁ ਇਮਾਨਦਾਰ ਹਨ। ਪੈਸੇ-ਟਕੇ ਔਰ ਜ਼ਮੀਨ-ਜਾਇਦਾਦ ਵਾਸਤੇ ਕਿੰਨੇ ਗਿਰ ਚੁੱਕੇ ਹਨ ਤੇ ਸ਼ਹੀਦਾਂ ਦੇ ਨਾਂ ਉੱਤੇ ਧੱਬਾ ਹਨ। ਫ਼ਿਲਮਾਂ ਵਾਲਿਆਂ ਉਸ ਦੇ ਨਾਂ 'ਤੇ ਪੈਸਾ ਖੱਟਿਆ। ਅਮਲ ਕੋਈ ਨਹੀਂ ਉਸ ਦੇ ਵਿਚਾਰਾਂ 'ਤੇ, ਨਾ ਲੋਕਾਂ 'ਤੇ ਅਸਰ। ਕਪੂਰ ਸਿੰਘ ਜੀ ਨੇ ਬੜਾ ਸਾਫ਼ ਲਿਖਿਆ ਹੈ ਕਿ ਸਰਕਾਰੀ ਖ਼ਜ਼ਾਨੇ 'ਚੋਂ ਇਕ ਪੈਸਾ ਵੀ ਨਹੀਂ ਕਢਵਾਇਆ ਸੀ। ਫਿਰ ਬੇਈਮਾਨੀ ਕਾਹਦੀ? ਆਮ ਲੋਕਾਂ ਨੇ ਜੋ ਦਾਨ ਵਜੋਂ ਦਿੱਤਾ ਸੀ ਸਾਰਿਆਂ ਦੀਆਂ ਰਸੀਦਾਂ ਦੇ ਦਿੱਤੀਆਂ ਸੀ। ਅੱਜ ਕਰੋੜਾਂ-ਅਰਬਾਂ ਖਾ ਗਏ ਕੋਈ ਚੂੰ ਨਹੀਂ ਕਰਦਾ। ਝੂਠੇ ਇਲਜ਼ਾਮ ਨਹਿਰੂ ਨੇ ਲੁਆਏ ਸੀ ਨੌਕਰੀ ਤੋਂ ਕੱਢਣ ਖ਼ਾਤਰ। ਅਸਲ ਕਾਰਨ ਹਾਲੇ ਤਕ ਸਾਹਮਣੇ ਨਹੀਂ ਆਇਆ ਔਰ ਨਾ ਸਿਰਦਾਰ ਸਾਹਿਬ ਨੇ ਜਾਣ ਕੇ ਦੱਸਿਆ ਕਿਉਂਕਿ ਉਸਦਾ ਬਚਾਅ ਕੋਈ ਨਹੀਂ ਕਾਨੂੰਨੀ ਦੁਨੀਆ ਵਿਚ। ਜਿਹੜਾ ਸਰਕੁਲਰ ਪੰਜਾਬ ਦੇ ਹੋਮ ਸਕੱਤਰ ਨੇ 10 ਅਕਤੂਬਰ, 1947 ਨੂੰ ਜਾਰੀ ਕੀਤਾ ਸੀ, ਜਿਹਦੇ ਵਿਚ ਬੜਾ ਸਾਫ਼ ਲਿਖਿਆ ਸੀ ਕਿ ਸਿੱਖ ਇਕ ਜਰਾਇਮ-ਪੇਸ਼ਾ ਕੌਮ ਹੈ ਅਤੇ ਇਨ੍ਹਾਂ ਨਾਲ ਸਖ਼ਤੀ ਨਾਲ ਨਿਬੜਿਆ ਜਾਏ। ਸਰਕਾਰ ਕੋਲ ਤਗੜਾ ਪ੍ਰੋਟੈਸਟ ਕੀਤਾ। ਉਹ Confidential ਸੀ, ਜਿਹੜਾ ਕਿ ਕਿਸੇ ਨੂੰ ਦੱਸਿਆ ਨਹੀਂ ਜਾ ਸਕਦਾ। ਗ਼ਲਤੀ ਕਪੂਰ ਸਿੰਘ ਤੋਂ ਇਹ ਹੋ ਗਈ ਕਿ ਇਹ Confidential ਸਰਕੁਲਰ ਦੀ ਜਾਣਕਾਰੀ ਪੰਥ-ਰਤਨ ਮਾਸਟਰ ਤਾਰਾ ਸਿੰਘ ਨੂੰ ਦੇ ਦਿੱਤੀ ਗਈ ਤੇ ਕਿਹਾ ਕਿ ਤੁਸੀਂ ਇਨ੍ਹਾਂ ਦੇ ਆਖੇ ਲੱਗ ਕੇ ਸਿੱਖ ਕੌਮ ਵਾਸਤੇ ਕੁਝ ਨਹੀਂ ਲਿਆ। ਲੈ ਲਿਉ ਹੁਣ ਮਜ਼ਾ। ਮਾਸਟਰ ਜੀ ਨੇ ਇਹ ਗੱਲ

ਪੰਡਤ ਨਹਿਰੂ ਨਾਲ ਕਰ ਦਿੱਤੀ ਅਤੇ ਪੰਡਤ ਜੀ ਨੇ ਇਹ ਗੱਲ ਸੁਪਰੀਮ ਕੋਰਟ ਦੇ ਜੱਜਾਂ ਤਕ ਘੁਮਾ ਦਿੱਤੀ ਤੇ ਕਪੂਰ ਸਿੰਘ ਦਾ ਮੱਕੂ ਠੱਪ ਦਿੱਤਾ ਗਿਆ। ਮਾਸਟਰ ਤਾਰਾ ਸਿੰਘ ਨੇ ਇਸ ਗ਼ਲਤੀ ਦੀ ਭਰਪਾਈ ਕਰਨ ਦੀ ਕੋਸ਼ਿਸ਼ ਵੀ ਕੀਤੀ ਸੀ। ਸਿਰਦਾਰ ਨੂੰ 1962 ਵਿਚ ਲੋਕ ਸਭਾ ਜਿਤਾ ਕੇ ਭਿਜਵਾਇਆ ਅਤੇ ਪੰਜਾਬ ਅਸੈਂਬਲੀ ਵਿਚ ਐਮ. ਐਲ. ਏ. ਵੀ ਬਣਵਾਇਆ। ਖ਼ਾਲਸਾ ਕਾਲਜ, ਬੰਬਈ ਵਿਜ਼ਿਟਿੰਗ ਪ੍ਰੋਫ਼ੈਸਰ ਵੀ 1000/- ਰੁਪਏ ਮਹੀਨੇ 'ਤੇ ਲਗਵਾਇਆ ਸੀ। ਸਰਕਾਰੀ ਨੌਕਰੀ ਵਾਲੇ ਕੋਈ ਵੀ ਗੋਪਨੀਅਤ ਜਾਣਕਾਰੀ ਲੀਕ ਆਊਟ ਨਹੀਂ ਕਰ ਸਕਦੇ ਅਤੇ ਅਗਰ ਕਰ ਦਿੱਤੀ ਜਾਏ ਤਾਂ ਨੌਕਰੀ ਵਿਚ ਨਹੀਂ ਰਹਿ ਸਕਦੇ। ਅਸਲ ਵਿਚ ਇਹ ਕਾਰਨ ਸੀ ਸਿਰਦਾਰ ਕਪੂਰ ਸਿੰਘ ਨੂੰ ਨੌਕਰੀ ਵਿੱਚੋਂ ਕੱਢਣ ਦਾ, ਨਾ ਕਿ ਬੇਈਮਾਨੀ।

ਸਿਰਦਾਰ ਕਪੂਰ ਸਿੰਘ ਜੀ ਸ਼ਹੀਦ ਭਗਤ ਸਿੰਘ ਦੀ ਇੱਜ਼ਤ ਕਰਦੇ ਸਨ। ਉਹ ਮੈਨੂੰ ਬੜੇ ਸ਼ੌਕ ਨਾਲ 1981 ਵਿਚ ਪਾਰਲੀਮੈਂਟ ਹਾਊਸ ਲੈ ਕੇ ਗਏ ਅਤੇ ਉਹ ਕੁਰਸੀ ਦਿਖਾਈ ਜਿਸ 'ਤੇ ਭਗਤ ਸਿੰਘ ਨੇ ਬੈਠ ਕੇ ਹਾਊਸ ਵਿਚ ਬੰਬ ਸੁੱਟਿਆ ਸੀ ਔਰ 'ਇਨਕਲਾਬ' ਦੇ ਨਾਅਰੇ ਲਾਏ ਸੀ। ਅੰਗਰੇਜ਼ਾਂ ਨੂੰ ਸੁਨੇਹਾ ਦਿੱਤਾ ਸੀ ਬਈ ਹੁਣ ਸਾਡੀ ਗੱਲ ਸੁਣੋ, ਬੋਲ਼ੇ ਨਾ ਬਣੇ ਰਹੋ ਔਰ ਮੁਲਕ ਨੂੰ ਅਜ਼ਾਦ ਕਰੋ। ਮੇਰੇ ਵਿਚਾਰ ਮੁਤਾਬਕ ਸਿਰਦਾਰ ਸਾਹਿਬ ਨੇ ਤਾਂ ਲਿਖਿਆ ਸੀ ਕਿ ਭਗਤ ਸਿੰਘ ਸਿੱਖਾਂ ਦਾ ਸ਼ਹੀਦ ਨਹੀਂ ਕਿਉਂਕਿ ਬੜੀ ਵੱਡੀ ਗਿਣਤੀ ਵਿਚ ਪੇਂਡੂ ਮੁੰਡੇ ਸ਼ਾਤਰ ਕਾਮਰੇਡ ਗੁਮਰਾਹ ਕਰਨ ਵਿਚ ਕਾਮਯਾਬ ਸਨ ਕਿ ਭਗਤ ਸਿੰਘ ਵੀ ਸਿੱਖ ਸੀ ਅਤੇ ਉਸ ਨੇ ਕੌਮਨਿਸਟ ਲਹਿਰ ਅਖ਼ਤਿਆਰ ਕੀਤੀ ਸੀ ਔਰ ਤੁਸੀਂ ਵੀ ਇਸ ਲਹਿਰ ਵਿਚ ਕੁਰਬਾਨੀ ਦਿਉ। ਕੌਮਨਿਜ਼ਮ ਅਤੇ ਸਿੱਖਇਜ਼ਮ ਵਿਚ ਕੋਈ ਫ਼ਰਕ ਨਹੀਂ। ਗੁਰੂ ਗੋਬਿੰਦ ਸਿੰਘ ਬੜਾ ਵੱਡਾ ਨਕਸਲਾਇਟ ਸੀ, ਆਦਿ। ਸਿੱਖ ਨੌਜੁਆਨ ਪੀੜ੍ਹੀ ਗੁਮਰਾਹ ਹੋ ਰਹੀ ਸੀ ਔਰ ਸਿੱਖ ਵਿਚਾਰਧਾਰਾ ਗੰਧਲੀ ਕੀਤੀ ਜਾ ਰਹੀ ਸੀ। ਸਿੱਖ ਵਿਚਾਰਧਾਰਾ ਅਤੇ ਕੌਮਨਿਸਟ ਵਿਚਾਰਧਾਰਾ ਦਾ ਕੁਝ ਵੀ ਲੈਣਾ ਦੇਣਾ ਨਹੀਂ ਹੈ। ਭਗਤ ਸਿੰਘ ਨੇ ਭਾਰਤ ਦੇਸ਼ ਦੀ ਅਜ਼ਾਦੀ ਦੀ ਲੜਾਈ ਲੜੀ ਔਰ ਕੁਰਬਾਨੀ ਦਿੱਤੀ ਹੈ ਨਾ ਕਿ ਸਿੱਖ ਕੌਮ ਦੀ। ਨਾ ਹੀ ਉਹ ਆਪਣੇ ਆਪ ਨੂੰ ਸਿੱਖ ਕੌਮ ਦਾ ਸ਼ਹੀਦ ਅਖਵਾਉਣਾ ਚਾਹੁੰਦਾ ਸੀ ਜਾਂ ਸਿਰਫ਼ ਜੱਟਾਂ ਦਾ ਜਾਂ ਸੰਧੂ ਭਾਈਚਾਰੇ ਦਾ। ਹਰ ਜਾਤੀ ਜਾਂ ਭਾਈਚਾਰੇ ਵਿਚ ਚੰਗੇ-ਮਾੜੇ ਬੰਦੇ ਹੁੰਦੇ ਹਨ। ਦੀਵਾਨ ਲਖਪਤ ਰਾਏ ਖਤਰੀ ਸੀ। ਕਹਿੰਦਾ ਸੀ ਸਾਰੇ ਸਿੱਖ ਮੁਕਾ ਦੇਣੇ ਹਨ। ਮੁਕਾ ਦਿੱਤੇ ? ਉਸ ਤੋਂ ਪਹਿਲਾਂ ਔਰੰਗਜ਼ੇਬ ਨੇ ਕੋਸ਼ਿਸ਼ ਕੀਤੀ ਸੀ, ਫਿਰ 1947 ਤੋਂ ਬਾਅਦ ਨਹਿਰੂ-ਪਟੇਲ ਨੇ ਚਾਲ ਖੇਡੀ ਸਿੱਖਾਂ ਨੂੰ ਹਿੰਦੂ ਬਣਾਉਣ ਦੀ, ਕੀ ਉਹ ਹਿੰਦੂ ਬਣ ਜਾਣਗੇ ? ਸ. ਕਪੂਰ ਸਿੰਘ ਸੱਚਾ ਸੀ। ਉਨ੍ਹਾਂ ਬਾਰੇ ਮਾੜੀ ਸੋਚ ਅਤੇ ਮਾੜੀ ਸ਼ਬਦਾਵਲੀ ਆਸਮਾਨ ਉੱਤੇ ਥੁੱਕਣ ਬਰਾਬਰ ਹੈ।

ਵੈਸੇ ਅੱਜ ਦੇ ਦੌਰ ਵਿਚ ਲਫ਼ਜ਼ 'ਸ਼ਹੀਦ' ਦੇ ਮਾਅਨੇ ਬੜੇ ਬਦਲ ਗਏ ਲਗਦੇ ਹਨ। ਜਿਹੜਾ ਬੈਂਕ ਤੋਂ ਅਤੇ ਆੜ੍ਹਤੀਏ ਤੋਂ ਕਰਜ਼ਾ ਲੈ ਕੇ ਸ਼ਰਾਬ ਅਤੇ ਨਸ਼ੇ ਵਿਚ ਗ਼ਰਕ ਹੋ ਆਤਮ-ਹੱਤਿਆ ਕਰ ਲੈਂਦਾ ਹੈ, ਉਹਨੂੰ ਵੀ 'ਸ਼ਹੀਦ' ਕਰਾਰ ਕਰ ਦਿੱਤਾ ਜਾਂਦਾ ਹੈ। ਹੁਣ ਤਾਂ ਨਵੀਂ ਵਿਆਖਿਆ ਤੇ ਬਹਿਸ ਹੋਣੀ ਚਾਹੀਦੀ ਹੈ।

ਕੀ ਅਮਰ ਸ਼ਹੀਦ ਲਾਲਾ ਜੀ ਦੇ ਡਾਂਗਾਂ ਮਾਰੀਆਂ ਸੀ ?

ਸੱਚ ਦੋ ਕਿਸਮ ਦੇ ਹੁੰਦੇ ਹਨ। ਇਕ ਸੱਚ ਹੈ ਸੱਚੋ-ਸੱਚ, ਅਟਲ ਸੱਚ, ਇਲਾਹੀ ਸੱਚ, ਜੋ ਅਸਲ ਵਿਚ ਹੋਇਆ ਹੈ, ਵਾਪਰਿਆ ਹੈ, ਉਹਦੇ ਵਿਚ ਕੋਈ ਰਲ-ਗਡ ਨਹੀਂ। ਦੂਜਾ ਹੈ, ਝੂਠ ਦਾ ਪ੍ਰਚਾਰ ਲਗਾਤਾਰ ਹੁੰਦਾ ਜਾ ਰਿਹਾ ਹੈ, ਲੋਕਾਂ ਦੀ ਗੱਲਬਾਤ ਵਿਚ, ਕਿਤਾਬਾਂ ਵਿਚ, ਅਖ਼ਬਾਰਾਂ ਵਿਚ, ਟੈਲੀਵਿਜਨ 'ਤੇ ਕਿ ਫ਼ਲਾਣੀ ਗੱਲ ਇਉਂ ਹੋਈ ਯਾ ਸੀ। ਅਸਲ ਵਿਚ ਇਉਂ ਹੋਇਆ ਨਹੀਂ ਹੁੰਦਾ ਪਰ ਕੁਝ ਲੋਕ ਯਾ ਕੋਈ ਖ਼ਾਸ ਬੰਦਾ ਚਾਹੁੰਦਾ ਹੈ ਕਿ ਇਸ ਗੱਲ ਦਾ ਪ੍ਰਚਾਰ ਕੀਤਾ ਜਾਏ ਤੇ ਹੌਲੀ-ਹੌਲੀ ਲੋਕ ਉਸਨੂੰ ਮੰਨਣ ਲੱਗ ਜਾਂਦੇ ਹਨ। ਭਾਰਤ ਵਿਚ ਇਸਦਾ ਬੜਾ ਬੋਲ-ਬਾਲਾ ਹੈ, ਕਿਉਂਕਿ ਅਸੀਂ ਇਤਿਹਾਸ ਨਹੀਂ ਬਲਕਿ ਮਿਥਿਹਾਸ ਵਿਚ ਵਿਸ਼ਵਾਸ ਰੱਖਦੇ ਹਾਂ। ਇਸਦੀ ਇਕ ਹੋਰ ਵਿਆਖਿਆ ਕੀਤੀ ਜਾ ਸਕਦੀ ਹੈ। ਚਲਾਕੀ ਔਰ ਸਿਆਣਪ! ਸਿਆਣਪ ਸੱਚ ਹੈ ਔਰ ਚਲਾਕੀ ਝੂਠ, ਜਿਹਦਾ ਲਗਾਤਾਰ ਪ੍ਰਚਾਰ ਕੀਤਾ ਜਾਂਦਾ ਹੈ। ਸਾਨੂੰ ਵਿਰਸੇ ਵਿਚ ਇਤਿਹਾਸ ਦੀ ਸਿੱਖਿਆ (Historical concept) ਨਹੀਂ ਮਿਲੀ ਜਿਵੇਂ ਈਸਾਈਆਂ ਅਤੇ ਮੁਸਲਮਾਨਾਂ ਨੂੰ ਮਿਲੀ ਹੈ। ਹੁਣੇ ਜਿਹੇ ਭਾਰਤ ਦੇ ਸੁਪਰੀਮ ਕੋਰਟ ਵਿਚ ਇਕ ਕੇਸ ਚੱਲ ਰਿਹਾ ਹੈ, ਜਿਸ ਵਿਚ ਜ਼ਿਕਰ ਆਇਆ ਕਿ ਸ੍ਰੀ ਲੰਕਾ ਦੇ ਕੋਲ ਜੋ ਰਾਮ ਸੇਤੂ ਹੈ, ਕੀ ਉਹ ਭਗਵਾਨ ਰਾਮ ਨੇ ਬਣਾਇਆ ਹੈ ਯਾ ਨਹੀਂ। ਇਹ ਮਸਲਾ ਤਾਂ ਖੜਾ ਹੋਇਆ ਕਿ ਸ੍ਰੀ ਲੰਕਾ ਅਤੇ ਭਾਰਤ ਵਿਚ ਜੋ ਰਸਤਾ ਹੈ ਉਸਦਾ ਕੁਝ ਹਿੱਸਾ ਤੋੜ ਕੇ ਇਕ ਰਾਹ ਬਣਾਇਆ ਜਾਏਗਾ ਤਾਂ ਜੋ ਸਮੁੰਦਰੀ ਜਹਾਜ਼ ਇਸ ਰਾਹ ਤੋਂ ਲੰਘਿਆ ਕਰਨਗੇ ਅਤੇ ਵਪਾਰ ਇਸ ਇਲਾਕੇ ਵਿਚ ਵਧੇ-ਫੁੱਲੇਗਾ ਔਰ ਫ਼ਾਲਤੂ ਤੇਲ ਖ਼ਰਚ ਅਤੇ ਵਕਤ ਬਚੇਗਾ। ਭਾਰਤ ਸਰਕਾਰ ਨੇ ਹਲਫ਼ਨਾਮਾ ਦਾਇਰ ਕੀਤਾ ਕਿ ਇਤਿਹਾਸ ਵਿਚ ਕੋਈ ਜ਼ਿਕਰ ਨਹੀਂ ਹੈ, ਭਗਵਾਨ ਰਾਮ ਦਾ ਅਤੇ ਨਾ ਹੀ ਜ਼ਿਕਰ ਆਉਂਦਾ ਹੈ ਬਈ ਇਥੇ ਪੁੱਲ ਰਾਮ ਜੀ ਨੇ ਬਣਵਾਇਆ ਸੀ, ਇਸ ਲਈ ਇਸਨੂੰ ਤੋੜ ਕੇ ਇਕ ਰਾਹ ਤਿਆਰ ਕੀਤਾ ਜਾਏਗਾ ਤਾਂ ਕਿ ਸਮੁੰਦਰੀ ਜਹਾਜ਼ ਆਰਾਮ ਨਾਲ ਖੁੱਲ੍ਹੇ-ਆਮ ਆ-ਜਾ ਸਕਣਗੇ। ਪਰ ਇਹ ਤਾਂ ਸ਼ੇਰ ਦੀ ਪੂਛ ਨੂੰ ਹੱਥ ਲਾਉਣ ਵਾਲੀ ਗੱਲ ਹੋ ਗਈ। ਉੱਚ-ਜਾਤੀਆਂ ਵਾਲੇ ਭੜਕ ਪਏ। ਸਰਕਾਰ ਵੋਟਾਂ ਦੇ ਚੱਕਰ ਕਰਕੇ ਡਰ ਗਈ ਤੇ ਇਤਿਹਾਸ ਤੋਂ ਮੁਖ ਮੋੜ ਲਿਆ ਅਤੇ ਮਿਥਿਹਾਸ 'ਤੇ ਆ ਗਈ।

ਦਿੱਲੀ ਵਿਚ ਇਕ ਕਾਨਫ਼ਰੰਸ ਵੀ ਹੋਈ ਦਸੰਬਰ 2007 ਵਿਚ, ਜਿਹਦੇ ਵਿਚ ਕੋਈ 1000 ਇਤਿਹਾਸਕਾਰਾਂ ਨੇ ਭਾਗ ਲਿਆ ਅਤੇ ਕਿਹਾ, "ਇਤਿਹਾਸ ਵਿਚ ਰਾਮ ਨਹੀਂ ਹਨ" (*Times of India*, ਮਿਤੀ 31.12.07) ਪਰ ਲੋਕ ਮੰਨਦੇ ਹਨ। ਜਦ ਔਰੰਗਜ਼ੇਬ ਤੰਗ ਕਰਦਾ ਸੀ ਤਾਂ ਗੁਰੂ ਤੇਗ ਬਹਾਦਰ ਸਾਹਿਬ ਕੋਲ ਚਲੇ ਗਏ ਬੇਨਤੀ ਕਰਨ ਵਾਸਤੇ, ਪਰ ਅੱਜ ਉਨ੍ਹਾਂ ਨੂੰ ਉਨ੍ਹਾਂ ਦਾ ਹੁਕਮ :

ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥
ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥ *(ਗੁਰੂ ਗ੍ਰੰਥ, ਪੰਨਾ 1429)*

ਨਜ਼ਰ ਨਹੀਂ ਆਉਂਦਾ ਕਿਉਂਕਿ ਰਾਜ-ਸੱਤਾ ਦੇ ਹੰਕਾਰ ਵਿਚ ਉਹ ਭੁੱਲ ਗਏ ਗੁਰੂਆਂ ਦੀ ਕੁਰਬਾਨੀ ਅਤੇ ਉਨ੍ਹਾਂ 'ਤੇ 'ਅੰਨ੍ਹੇ ਨੂੰ ਸਭ ਹਰਾ ਹੀ ਦਿਖਦਾ ਹੈ' ਵਾਲੀ ਕਹਾਵਤ ਲਾਗੂ ਹੁੰਦੀ ਹੈ।

ਖ਼ੈਰ ਲੇਖ ਦਾ ਅਸਲ ਮੁੱਦਾ ਕੁਝ ਹੋਰ ਹੈ, ਇਹ ਨਹੀਂ। ਇਹ ਸਾਰੀ ਵਿਆਖਿਆ ਇਸ ਲਈ ਕਰਨੀ ਪਈ ਤਾਂ ਕਿ ਦੱਸਿਆ ਜਾਏ ਕਿ ਸੱਚ ਕੀ ਹੈ ਅਤੇ ਮਿਥਿਹਾਸਕ ਸੱਚ ਕੀ ਹੈ ?

ਹੁਣ ਆਪਾਂ ਆਉਂਦੇ ਹਾਂ ਅਸਲ ਮੁੱਦੇ ਵੱਲ, ਸਿਰਦਾਰ ਕਪੂਰ ਸਿੰਘ ਨੇ ਲਿਖਿਆ ਹੈ ਆਪਣੀ ਪੁਸਤਕ ਵਿਚ ਕਿ ਲਾਲਾ ਲਾਜਪਤ ਰਾਏ ਡਾਂਗਾਂ ਨਾਲ ਨਹੀਂ ਮਰੇ, ਬਲਕਿ ਹੋਰ ਬੀਮਾਰੀ ਨਾਲ ਮਰੇ (ਹਾਰਟ ਅਟੈਕ ਯਾ ਕੋਈ ਹੋਰ)। ਉਨ੍ਹਾਂ ਨੂੰ ਡਾਂਗਾਂ ਮਾਰੀਆਂ ਹੀ ਨਹੀਂ ਗਈਆਂ। ਸ. ਕਪੂਰ ਸਿੰਘ 'ਤੇ ਇਲਜ਼ਾਮ ਸੀ ਬਈ ਉਹਨੇ ਗ਼ਲਤ ਲਿਖਿਆ ਹੈ।

ਆਉ ਹੁਣ ਇਕ ਹੋਰ ਸਬੂਤ ਵੱਲ ਵੇਖੀਏ। ਅੰਗਰੇਜ਼ੀ *ਦੀ ਟ੍ਰਿਬਿਊਨ* (The Tribune) ਦਾ ਇਕ ਕਾਲਮ ਹੈ ਯਾ ਸੀ ਜਿਸ ਵਿਚ ਪੁਰਾਣੀ ਖ਼ਬਰ ਛਾਪੀ ਜਾਂਦੀ ਸੀ। ਮਿਤੀ 22.2.06 ਨੂੰ ਇਕ ਪੁਰਾਣੀ ਖ਼ਬਰ ਛਪੀ ਜੋ ਤਾਰੀਖ਼ 1 ਨਵੰਬਰ, 1928 ਦੀ ਹੈ, ਜਿਸਦਾ ਹੈਡਿੰਗ ਹੈ "ਮਾਲਵੀਆ ਅਤੇ ਲਾਜਪਤ ਰਾਏ'। ਉਹ ਮੈਂ ਚੇਪ ਰਿਹਾ ਹਾਂ ਸਬੂਤ ਵਾਸਤੇ, ਇਹ ਅਖ਼ਬਾਰ ਉਦੋਂ ਲਾਹੌਰ ਤੋਂ ਹੀ ਛਪਦਾ ਸੀ।

From the pages of

The Tribune

November 1, 1928

MALAVIYA & LAJPAT RAI

WE cannot too strongly condemn the action of the District Magistrate of Lahore in prohibiting processions within the limits of the Lahore Municipality and public assemblies within the precincts of the Lahore Railway Station and on Empress and Egerton Roads and roads adjacent thereto on the 30th October. That the original order was unjustifiable was practically admitted by the Magistrate himself, for he modified it within a few hours after it was issued. But even the second order was as arbitrary, uncallec for and indefensible as the first.

Even if the boycott movemen had not been a perfectly peaceful and non-violent movemen everywhere, the very fact that a Lahore it was being led by suct men as Pandit Madan Mohar Malaviya and Lala Lajpat Ra was a sure guarantee of its peaceful and law-abiding character To forcibly interfere with such a movement was an act o monumental folly, for whicl those responsible must receive the severest condemnation.

ਇਹ *ਟ੍ਰਿਬਿਊਨ* ਨਾ ਕਪੂਰ ਸਿੰਘ ਦੀ ਹੈ ਨਾ ਮੇਰੀ। ਇਹ ਤਾਂ ਸਰਦਾਰ ਦਿਆਲ ਸਿੰਘ ਮਜੀਠੀਆ ਨੇ ਆਪ ਹਿੰਦੂਆਂ ਨੂੰ ਖੜੀ ਕਰ ਕੇ ਦਿੱਤੀ ਸੀ ਤਾਂ ਕਿ ਦੁਨੀਆ ਵਿਚ ਉਨ੍ਹਾਂ

ਦਾ ਨਾਂ ਚੱਲਦਾ ਰਹੇ। ਪਹਿਲਾਂ ਉਨ੍ਹਾਂ ਪੇਸ਼ਕਸ਼ ਸਿੱਖਾਂ ਨੂੰ ਹੀ ਕੀਤੀ ਸੀ, ਪਰ ਉਹ ਕਹਿੰਦੇ—ਨਾਂ ਤਾਂ ਅਕਾਲ ਪੁਰਖ ਦਾ ਹੀ ਹੋ ਸਕਦੈ, ਬੰਦੇ ਦਾ ਨਹੀਂ ਹੋ ਸਕਦਾ! ਭਾਵੇਂ ਚਮਚੀ ਰਣਜੀਤ ਸਿੰਘ (ਮਹਾਰਾਜਾ), ਗਿਆਨੀ ਕਰਤਾਰ ਸਿੰਘ, ਮਾਸਟਰ ਤਾਰਾ ਸਿੰਘ, ਸੰਤ ਫ਼ਤਿਹ ਸਿੰਘ, ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜੇ ਦੀ ਮਾਰਦੇ ਰਹੇ। ਬਾਦਲ ਦੀ ਗੋਡੇ ਹੱਥ ਲਾਉਂਦੇ ਅੱਜ ਵੀ ਵੇਖ ਲਵੋ ਗੁਰੂ ਗ੍ਰੰਥ ਦੇ ਹਜ਼ੂਰੀ। ਦਰਅਸਲ ਪੜ੍ਹਨ-ਲਿਖਣ ਦਾ ਕੰਮ ਉਨ੍ਹਾਂ ਦੇ ਵੱਸ ਦਾ ਨਹੀਂ ਸੀ। ਢੁੱਚਰ ਡਾਹ ਦਿੱਤੀ। ਇਹ ਖ਼ਬਰ 1.11.28 ਨੂੰ ਛਪੀ ਅਤੇ ਜ਼ਿਕਰ 30.10.28 ਦੀ ਘਟਨਾ ਦਾ ਹੈ। ਇਹ ਉਹੀ ਘਟਨਾ ਹੈ ਜਿਸਦਾ ਜ਼ਿਕਰ ਸ. ਕਪੂਰ ਸਿੰਘ ਨੇ ਆਪਣੀ ਕਿਤਾਬ *ਸਾਖੀ ਸਾਖੀ* ਵਿਚ ਕੀਤਾ ਹੈ ਅਤੇ ਅਖ਼ਬਾਰਾਂ ਵਾਲਿਆਂ ਨੇ ਬੜਾ ਬੁਰਾ ਛਾਪਿਆ ਅਤੇ ਝੂਠਾ ਸਾਬਤ ਕਰਨਾ ਚਾਹਿਆ ਸ. ਕਪੂਰ ਸਿੰਘ ਨੂੰ। ਹੁਣ ਪਾਠਕ ਪੜ੍ਹ ਕੇ ਦੱਸਣ ਕਿ ਕਿਤੇ ਹੈ ਜ਼ਿਕਰ ਇਸ ਖ਼ਬਰ ਵਿਚ ਬਈ ਲਾਲਾ ਜੀ ਨੂੰ ਡਾਂਗਾਂ ਪਈਆਂ ਯਾ ਮਾਰੀਆਂ ? ਉਸੇ ਸ਼ਾਮ ਲਾਲਾ ਜੀ ਨੇ ਲਾਹੌਰ ਵਿਚ ਖੜ ਕੇ ਲੋਕਾਂ ਅੱਗੇ ਭਾਸ਼ਣ ਦਿੱਤਾ, ਤੰਦਰੁਸਤੀ ਦੀ ਹਾਲਤ ਵਿਚ। ਜਦ ਖੜੋਤੇ ਬੰਦੇ 'ਤੇ ਪੁਲਿਸ ਦੀਆਂ ਡਾਂਗਾਂ ਵਜਦੀਆਂ ਹਨ ਤਾਂ ਉਹ ਸਿਰ, ਮੋਢੇ, ਬਾਹਾਂ 'ਤੇ ਵੱਜਦੀਆਂ ਹਨ ਛਾਤੀ 'ਤੇ ਨਹੀਂ। ਅਗਰ ਸ਼ੱਕ ਹੈ ਤਾਂ ਖਾ ਕੇ ਦੇਖ ਲਵੋ। ਉੱਘੇ ਪੱਤਰਕਾਰ ਆਈ.ਪੀ. ਸਿੰਘ ਦੀ ਰਿਪੋਰਟ ਛਪੀ ਹੈ। *Times of India* ਦੇ 15.8.2010 ਅਖ਼ਬਾਰ ਵਿਚ ਜਿਸ ਵਿਚ ਜ਼ਿਕਰ ਹੈ ਕਿ ਲਾਲਾ ਜੀ ਦਿਲ ਦੀ ਧੜਕਣ ਬੰਦ ਹੋਣ ਨਾਲ ਮਰੇ ਸੀ ਔਰ ਇਸ ਗੱਲ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਵੀ ਆਪਣੀ ਕਿਤਾਬ ਵਿਚ ਮੰਨਦਾ ਹੈ।

ਉਨ੍ਹਾਂ ਦੇ ਨਾਲ ਪੰਡਤ ਮਾਲਵੀਆ ਵੀ ਸੀ ਜਿਨ੍ਹਾਂ ਨੇ ਕੋਈ ਬਿਆਨ ਵੀ ਨਾ ਦਿੱਤਾ ਕਿ ਲਾਲਾ ਜੀ ਨੂੰ ਡਾਂਗਾਂ ਮਾਰੀਆਂ। ਲਾਲਾ ਜੀ ਪੂਰੇ ਹੋ ਗਏ, ਹੋਰ ਕਿਸੇ ਬੀਮਾਰੀ ਕਾਰਨ। ਭਗਤ ਸਿੰਘ ਗ਼ਲਤ ਫਹਿਮੀ ਦੇ ਆਲਮ ਅਤੇ ਜੋਸ਼ ਵਿਚ ਬੇਕਸੂਰ ਦਾ ਕਤਲ਼ ਕਰ ਦਿੰਦਾ ਹੈ। ਸ਼ਹੀਦ ਬਣਾ ਦਿੱਤਾ ਜਾਂਦਾ ਹੈ। ਸਚਾਈ ਕੁਝ ਹੋਰ ਹੁੰਦੀ ਹੈ ਅਤੇ ਪ੍ਰਚਾਰ ਕੁਝ ਹੋਰ ਅਤੇ ਲੋਕ ਪ੍ਰਚਾਰੀ ਗੱਲ ਨੂੰ ਹੀ ਸੱਚ ਮੰਨ ਲੈਂਦੇ ਹਨ। ਸੱਚ ਦੱਬ ਜਾਂਦਾ ਹੈ, ਅਲੋਪ ਹੋ ਜਾਂਦਾ ਹੈ। ਮਿਥਿਹਾਸ ਚੱਲ ਪੈਂਦਾ ਹੈ, ਉੱਡ ਪੈਂਦਾ ਹੈ ਅਤੇ ਇਤਿਹਾਸ ਦੱਬ ਜਾਂਦਾ ਹੈ। ਕਪੂਰ ਸਿੰਘ ਝੂਠਾ ਸਾਬਤ ਹੋ ਜਾਂਦਾ ਹੈ। ਬਦਨਾਮ ਹੋ ਜਾਂਦਾ ਹੈ। ਲਾਲਾ ਅਮਰ ਸ਼ਹੀਦ ਹੋ ਜਾਂਦਾ ਹੈ। ਦੇਸ਼ ਭਗਤ ਬਣ ਜਾਂਦਾ ਹੈ। ਸੱਚ ਅਤੇ ਝੂਠ ਦੀ ਜੰਗ ਜਾਰੀ ਰਹਿੰਦੀ ਹੈ। ਦੁਨੀਆ ਚੱਲਦੀ ਰਹਿੰਦੀ ਹੈ। ਕਾਰਵਾਂ ਵਧਦਾ ਰਹਿੰਦਾ ਹੈ। ਇਸੇ ਨੂੰ ਹਜ਼ਰਤ ਬਾਬਾ ਗੁਰੂ ਨਾਨਕ ਕਹਿੰਦੇ ਹਨ, ਇਹ ਦੁਨੀਆ ਮਾਇਆ-ਜਾਲ ਹੈ। ਕੋਈ ਇਸਦਾ ਅੰਤ ਨਹੀਂ ਪਾ ਸਕਦਾ। ਵਾਹਿਗੁਰੂ ਹੀ ਸੱਚ ਹੈ। ਉਹੀ ਅੰਤ ਹੈ, ਉਹੀ ਆਦਿ ਹੈ। ਬਸ ਇਹੋ ਸੱਚ ਹੈ।

ਸਰਦਾਰ ਸਾਹਿਬ ਤੁਸੀਂ ਸਿੱਖ ਨਹੀਂ ?


ਸੰਨ 1974 ਵਿਚ ਮੈਂ ਚੰਡੀਗੜ੍ਹ ਰਹਿੰਦਾ ਸੀ। ਸ਼ਾਮ ਨੂੰ ਕਈ ਵਾਰੀ ਸਿਰਦਾਰ ਕਪੂਰ ਸਿੰਘ ਨੂੰ ਮਿਲਣ ਚਲਾ ਜਾਂਦਾ ਸੀ। ਉਹ ਤਕਰੀਬਨ ਤਿਆਰ ਹੋ ਕੇ ਆਪਣੀ ਕੋਠੀ ਦੇ ਬਰਾਂਡੇ ਵਿਚ ਬੈਠੇ ਹੁੰਦੇ ਸਨ। ਕਦੇ ਕੋਈ ਕਿਤਾਬ ਯਾ ਰਸਾਲਾ ਲੈ ਕੇ ਬੈਠੇ ਫਰੋਲਦੇ ਹੁੰਦੇ।

ਆਉਂਦੇ ਨੂੰ ਵੇਖ ਕੇ ਨੌਕਰ ਨੂੰ ਕਹਿ ਦਿੰਦੇ ਚਾਹ-ਪਾਣੀ ਵਾਸਤੇ। ਪੀ ਕੇ ਫਿਰ ਸੈਰ ਵਾਸਤੇ ਤੁਰ ਪੈਂਦੇ ਅਤੇ ਬੜੀਆਂ ਡੂੰਘੀਆਂ ਗੱਲਾਂ ਕਰਦੇ। ਕਦੇ ਕਦੇ ਦੱਸਦੇ ਕਿ ਅੱਜ ਫ਼ਲਾਣਾ ਲੀਡਰ ਆਇਆ ਸੀ ਯਾ ਫ਼ਲਾਣਾ ਜਥੇਦਾਰ ਆਇਆ ਸੀ ਅਤੇ ਕੀ ਗੱਲਬਾਤ ਹੋਈ!

ਇਕ ਦਿਨ ਸ਼ਾਮ ਨੂੰ ਮੈਂ ਮਿਲਣ ਗਿਆ ਤਾਂ ਉਹ ਇਕ ਕਿਤਾਬ ਫਰੋਲ ਰਹੇ ਸੀ। ਮੈਨੂੰ ਵੇਖ ਕੇ ਬੰਦ ਕਰ ਕੇ ਇਕ ਪਾਸੇ ਰੱਖ ਦਿੱਤੀ। ਕਹਿਣ ਲੱਗੇ, "ਮੁੰਡਿਆ ਕਦੇ ਮਹਾਤਮਾ ਗਾਂਧੀ ਬਾਰੇ ਪੜ੍ਹਦੇ ਹੁੰਦੇ ਹੋ ?" ਮੈਂ ਕਿਹਾ, "ਨਹੀਂ ਜੀ! ਕਦੇ ਨਹੀਂ ਪੜ੍ਹਿਆ, ਉਂਜ ਉਹਦੇ ਬਾਰੇ ਗੱਲਬਾਤ ਮੁੰਡਿਆਂ ਵਿਚ ਬਹਿ ਕੇ ਜ਼ਰੂਰ ਕਰ ਲਈਦੀ ਹੈ।" "ਪੜ੍ਹਿਆ ਕਰੋ ਉਹ ਬਹੁਤ ਵੱਡਾ ਲੀਡਰ ਸੀ," ਸਿਰਦਾਰ ਸਾਹਿਬ ਨੇ ਸਿੱਖਿਆ ਦਿੱਤੀ। ਮੈਂ ਕਿਹਾ, "ਕਾਂਗਰਸੀਆਂ ਦਾ ਹੋਏਗਾ ਸਾਡਾ ਨਹੀਂ, ਸਾਡੇ ਗੁਰੂਆਂ ਬਾਰੇ ਉਹਦੇ ਬਹੁਤ ਗ਼ਲਤ ਵਿਚਾਰ ਸਨ।" ਸਿਰਦਾਰ ਸਾਹਿਬ ਨੇ ਉਹ ਕਿਤਾਬ ਚੁੱਕੀ ਅਤੇ ਮੈਨੂੰ ਦੇਂਦੇ ਹੋਏ ਕਿਹਾ ਕਿ ਇਹਨੂੰ ਪੜ੍ਹੋ। ਇਹ ਇਕ ਪ੍ਰੋ: ਨਿਰਮਲ ਕੁਮਾਰ ਬੋਸ ਨੇ ਲਿਖੀ ਹੈ ਜੋ ਕਿ ਗਾਂਧੀ ਜੀ ਨਾਲ ਕੰਮ ਕਰਦਾ ਸੀ, ਉਨ੍ਹਾਂ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋ ਕੇ। ਸੰਨ 1946 ਵਿਚ ਬੰਗਾਲ, ਬਿਹਾਰ ਅਤੇ ਉੜੀਸਾ ਵਿਚ ਹਿੰਦੂ-ਮੁਸਲਮਾਨ ਕਤਲੋ-ਗ਼ਾਰਤ ਦੌਰਾਨ ਇਸ ਪ੍ਰੋਫ਼ੈਸਰ ਨੇ ਗਾਂਧੀ ਦੇ ਨਿੱਜੀ ਸਕੱਤਰ ਵਜੋਂ ਕੰਮ ਕੀਤਾ ਸੀ ਅਤੇ ਉਨ੍ਹਾਂ ਦੇ ਨਿਕਟੀ-ਅੰਦਰੂਨੀ ਜੀਵਨ ਬਾਰੇ ਨਿੱਜੀ ਜਾਣਕਾਰੀ ਦੇ ਆਧਾਰ 'ਤੇ ਇਹ ਪੁਸਤਕ ਲਿਖੀ ਸੀ। ਇਸ ਪੁਸਤਕ ਦਾ ਨਾਂ '*My Days with Gandhi*' ਸੀ। ਇਹ ਕਿਤਾਬ ਮੈਂ ਇਕ ਮਹੀਨਾ ਰੱਖੀ ਔਰ ਇਸਨੂੰ ਪੜ੍ਹਿਆ। ਇਹ ਉਸ ਪ੍ਰੋ: ਬੋਸ ਦੇ ਨਿੱਜੀ ਸਕੱਤਰ ਵਜੋਂ ਗਾਂਧੀ ਨਾਲ ਗੁਜ਼ਾਰੇ ਵਕਤ ਦਾ ਲੇਖਾ-ਜੋਖਾ ਸੀ। ਇਸ ਵਿਚ ਉਸਨੇ ਬੜੀ ਹਿੰਮਤ ਕਰਕੇ ਪਹਿਲੀ ਵਾਰ ਲਿਖਿਆ ਸੀ ਕਿ ਗਾਂਧੀ ਆਪਣੇ ਨਾਲ ਜਿਹੜੀਆਂ ਅਲ੍ਹੜ ਕੁੜੀਆਂ ਰੱਖਦਾ ਸੀ, ਉਨ੍ਹਾਂ ਨੂੰ ਕਹਿੰਦਾ ਹੁੰਦਾ ਸੀ ਕਿ ਤੁਸੀਂ ਆਪਣੇ ਕੱਪੜੇ ਉਤਾਰ ਕੇ ਉਹਦੇ ਨਾਲ ਸੌਂਵੋ ਤਾਂ ਕਿ ਉਹ ਆਪਣੇ ਬ੍ਰਹਮਚਰਜ ਅਵਸਥਾ ਦਾ ਪਾਲਣ ਕਰ ਸਕਦਾ ਹੈ ਕਿ ਨਹੀਂ, ਦਾ ਪ੍ਰਯੋਗ ਕਰ ਕੇ ਵੇਖੇ। ਪ੍ਰੋ: ਬੋਸ ਨੇ ਗਾਂਧੀ ਨਾਲ ਇਸ ਬਾਰੇ ਗੱਲ ਵੀ ਕੀਤੀ ਤੇ ਕਿਹਾ ਕਿ ਇਹ ਠੀਕ ਨਹੀਂ ਪਰ ਗਾਂਧੀ ਨਹੀਂ ਮੰਨੇ। ਇਸ ਗੱਲ ਦਾ ਬਾਕੀ ਦੇ ਵੱਡੇ ਵੱਡੇ ਕਾਂਗਰਸੀ ਲੀਡਰਾਂ ਨੂੰ ਪਤਾ ਸੀ, ਪਰ ਕਿਸੇ ਦੀ ਜੁਰਅਤ ਨਹੀਂ ਸੀ ਕਿ ਬੋਲ ਸਕੇ। ਸਾਰੇ ਚੁੱਪ ਕਰਕੇ ਬਾਪੂ ਜੀ, ਬਾਪੂ ਜੀ ਕਰਦੇ ਫਿਰਦੇ ਸਨ ਅਤੇ ਮਹਾਤਮਾ ਦਾ ਖ਼ਿਤਾਬ ਦਿੱਤਾ ਹੋਇਆ ਸੀ। ਮਹੀਨੇ ਬਾਅਦ ਜਦ ਮੈਂ ਕਿਤਾਬ ਮੋੜੀ ਤਾਂ ਸਿਰਦਾਰ ਸਾਹਿਬ ਕੁਝ ਹੈਰਾਨ ਜਿਹੇ ਹੋ ਗਏ ਅਤੇ ਥੋੜੀ ਦੇਰ ਬਾਅਦ ਮੈਨੂੰ ਉਨ੍ਹਾਂ ਤਿੰਨ-ਚਾਰ ਸੁਆਲ ਪੁੱਛੇ। ਮੈਂ ਉਨ੍ਹਾਂ ਨੂੰ ਜੁਆਬ ਦੇ ਦਿੱਤੇ। ਫਿਰ ਉਹ ਕਾਫ਼ੀ ਦੇਰ ਚੁੱਪ ਕਰਕੇ ਬੈਠੇ

ਰਹੇ ਅਤੇ ਚੁੱਪੀ ਤੋੜਦੇ ਕਹਿੰਦੇ, "ਸਰਦਾਰ ਸਾਹਿਬ, ਤੁਸੀਂ ਸਿੱਖ ਨਹੀਂ ?" ਮੈਂ ਕਿਹਾ, "ਛੋਟਾ ਜਿਹਾ ਤਾਂ ਹੈਗਾਂ।" ਫਿਰ ਕਹਿਣ ਲੱਗੇ, "ਸਿੱਖ ਤਾਂ ਕਿਤਾਬ ਲੈ ਜਾਏ ਤਾਂ ਮੋੜਦਾ ਨਹੀਂ, ਜੇ ਮੋੜ ਵੀ ਜਾਏ ਤਾਂ ਪੜ੍ਹਦਾ ਨਹੀਂ ਔਰ ਜੇ ਪੜ੍ਹ ਵੀ ਲਏ ਤਾਂ ਸਮਝਦਾ ਨਹੀਂ। ਸਿੱਖ ਤਾਂ ਸ਼ਰਾਬ, ਮੁਰਗੇ-ਮੱਛੀ ਵਾਸਤੇ ਮਿੰਟ ਵਿਚ 100/- ਰੁਪਏ ਖ਼ਰਚ ਕਰ ਦਏਗਾ (ਅੱਜ-ਕੱਲ੍ਹ 1000/- ਰੁਪੈ) ਪਰ ਪੜ੍ਹਨ ਵਾਸਤੇ ਚੁਆਨੀ ਦੀ ਅਖ਼ਬਾਰ ਨਹੀਂ ਖ਼ਰੀਦਦਾ।" ਉਸ ਦਿਨ ਸਿਰਦਾਰ ਸਾਹਿਬ ਨੇ ਮੈਨੂੰ ਰਾਹ ਵਿਚ ਆਈਸ-ਕਰੀਮ ਖੁਆਈ ਔਰ ਉਸ ਤੋਂ ਬਾਅਦ ਮੇਰੇ 'ਤੇ ਖ਼ੁਸ਼ ਵੀ ਨਜ਼ਰ ਆਏ।

ਇਹ ਵਰਤਾਰਾ ਸਿੱਖਾਂ ਵਿਚ ਆਮ ਵੇਖਣ ਨੂੰ ਮਿਲਦਾ ਹੈ। ਮੈਂ ਕਈ ਕਿਤਾਬਾਂ ਪੜ੍ਹਨ ਵਾਸਤੇ ਦਿੱਤੀਆਂ ਪਰ ਮੁੜੀ ਇਕ ਵੀ ਨਹੀਂ, ਔਰ ਉਨ੍ਹਾਂ ਪੜ੍ਹੀਆਂ ਵੀ ਨਹੀਂ। ਕਈ ਸਾਲ ਬਾਅਦ ਇਕ ਰਿਟਾਇਰਡ ਡੀ. ਐਸ. ਪੀ. ਮੇਰੇ ਨਾਲ ਸਿਆਸਤ ਦੀਆਂ ਗੱਲਾਂ ਕਰਨ ਆ ਜਾਂਦਾ ਸੀ ਫ਼ਰੀਦਕੋਟ। ਕਿਤਾਬਾਂ ਵੀ ਲੈ ਜਾਂਦਾ ਸੀ ਪੜ੍ਹਨ ਵਾਸਤੇ ਅਤੇ ਮੋੜਦਾ ਵੀ ਨਹੀਂ ਸੀ। ਇਕ ਦਿਨ ਉਲਾਂਭਾ ਦਿੱਤਾ, "ਤੇਰਾ ਕਪੂਰ ਸਿੰਘ ਬੜੇ ਤੱਤੇ ਸੁਭਾਅ ਦਾ ਸੀ।" ਮੈਂ ਕਿਹਾ, "ਕੀ ਹੋ ਗਿਆ ? ਕਿਵੇਂ ਤੁਹਾਨੂੰ ਤੱਤੇ ਲੱਗੇ ?" ਕਹਿਣ ਲੱਗਾ, "ਮੈਨੂੰ ਨਹੀਂ ਸੀ ਪਤਾ ਇਹ ਕੌਣ ਹੈ। ਜਗਰਾਉਂ ਤੋਂ ਬੱਸ ਵਿਚ ਬੈਠੇ। ਦੋ-ਤਿੰਨ ਅਖ਼ਬਾਰਾਂ ਫੜੀਆਂ ਹੋਈਆਂ ਸੀ। ਮੈਂ ਅਖ਼ਬਾਰ ਮੰਗ ਬੈਠਾ। ਮੈਨੂੰ ਪਰਸ ਵਿੱਚੋਂ ਪੈਸੇ ਕੱਢ ਕੇ ਫੜਾ ਦਿੱਤੇ ਅਤੇ ਕਹਿਣ ਲੱਗੇ, 'ਅਖ਼ਬਾਰ ਖ਼ਰੀਦ ਕੇ ਪੜ੍ਹੋ ਸਰਦਾਰ ਸਾਹਿਬ।' " ਮੈਂ ਕਿਹਾ, "ਇਹ ਤਾਂ ਤੱਤੇ ਸੁਭਾਅ ਵਾਲੀ ਕੋਈ ਗੱਲ ਨਾ ਹੋਈ। ਇਹ ਤਾਂ ਤੁਹਾਨੂੰ ਇਕ ਚੰਗੀ ਆਦਤ ਪਾਉਣ ਦੀ ਕੋਸ਼ਿਸ਼ ਕੀਤੀ ਉਨ੍ਹਾਂ ਨੇ।" "ਨਾ ਜੀ ਨਾ....ਉਹਨੇ ਤਾਂ ਮੇਰੀ ਬੇਇੱਜ਼ਤੀ ਕਰ ਦਿੱਤੀ।" ਸਿੱਖ ਨੂੰ ਚੰਗੀ ਆਦਤ ਪਾਉਣਾ ਵੀ ਬੇਇੱਜ਼ਤੀ ਹੈ। ਕਿਵੇਂ ਸੁਧਰ ਜਾਊ ਇਹ ਕੌਮ ? ਹੈ ਕੋਈ ਗਿੱਦੜ-ਸਿੰਗੀ ?



"ਹਿੰਦੂ ਬੜਾ ਦੂਰਦਰਸ਼ਕ ਹੈ, ਆਉਣ ਵਾਲੀ ਸਥਿਤੀ ਨੂੰ ਬਹੁਤ ਸਮਾਂ ਪਹਿਲਾਂ ਹੀ ਭਾਂਪ ਲੈਂਦਾ ਹੈ ਅਤੇ ਉਸ ਅਨੁਸਾਰ ਉਪਾਏ ਸੋਚ ਰੱਖਦਾ ਹੈ। ਮੁਸਲਮਾਨ, ਜਦੋਂ ਕੋਈ ਸਥਿਤੀ ਸਿਰ ਉਪਰ ਆ ਜਾਵੇ ਤਾਂ ਚੌਕੰਨਾ ਹੋ ਜਾਂਦਾ ਹੈ ਅਤੇ ਉਸ ਨਾਲ ਸਿੱਝਣ ਦਾ ਰਾਹ ਢੂੰਡਦਾ ਹੈ। ਪਰ ਸਿੱਖ, ਜਿਤਨਾ ਚਿਰ ਵੇਲਾ ਲੰਘ ਨਾ ਜਾਵੇ, ਨਾ ਕੁਝ ਸੋਚਦਾ ਹੈ ਅਤੇ ਨਾ ਕਿਸੇ ਸੋਚਵਾਨ ਦੀ ਗੱਲ ਸੁਣਦਾ ਹੈ। ਫੜ੍ਹਾਂ ਮਾਰੀ ਜਾਂਦਾ ਹੈ ਅਤੇ ਦਮਗਜੇ, ਫੋਕੇ ਦਮਗਜੇ ਮਾਰਨ ਵਾਲੇ ਹੀ ਸਿੱਖਾਂ ਵਿਚ ਪ੍ਰਧਾਨ ਹਨ।"